


The Punjabi Newspaper

# ਪੰਜਾਬੀ ਅਖ਼ਬਾਰ

ਪੰਜਾਬੀਅਤ ਦਾ ਪਰਚਮ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 | Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 9 No: 209 Website : www.punjabiakhbaar.ca Email: editor@punjabiakhbaar.ca Friday, 2 December 2022

## ਭਾਰਤ ਜਾਣ ਲਈ ਏਅਰ ਸੁਵਿਧਾ ਫ਼ਾਰਮ ਹੁਣ ਅੰਤਰ ਰਾਸ਼ਟਰੀ ਹਵਾਈ ਯਾਤਰੀਆਂ ਨੂੰ ਨਹੀਂ ਭਰਨਾ ਪਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵੱਲੋਂ ਕੋਵਿਡ- 19 ਦੇ ਮੱਦੇਨਜ਼ਰ ਵਰਤੋਂ ਵਿੱਚ ਲਿਆਂਦਾ ਗਿਆ ਏਅਰ ਸੁਵਿਧਾ ਪੋਰਟਲ ਹੁਣ ਬੰਦ ਕਰ ਦਿੱਤਾ ਗਿਆ ਹੈ। ਅੰਤਰ ਰਾਸ਼ਟਰੀ ਹਵਾਈ ਉਡਾਣਾਂ ਰਾਹੀਂ ਭਾਰਤ ਜਾਣ ਵਾਲੇ ਯਾਤਰੀਆਂ ਨੂੰ ਉਡਾਣ ਤੋਂ ਪਹਿਲਾਂ ਪੋਰਟਲ 'ਤੇ ਸਵੈ - ਘੋਸ਼ਣਾ ਪੱਤਰ ਹੁਣ ਨਹੀਂ ਭਰਨਾ ਪਵੇਗਾ। ਭਾਰਤ ਦੇ ਹਵਾਬਾਜ਼ੀ ਮੰਤਰਾਲੇ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਹੈ ਕਿ ਕੋਵਿਡ-19 ਦੇ ਘਟ ਰਹੇ ਮਾਮਲਿਆਂ ਅਤੇ ਦੁਨੀਆ ਭਰ ਵਿੱਚ ਵੈਕਸੀਨ ਕਵਰੇਜ਼ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਸਰਕਾਰ ਨੇ ਇਹ ਫ਼ੈਸਲਾ ਲਿਆ ਹੈ।ਨਵੇਂ ਫੇਸਲੇ ਅਨਸਾਰ ਇਹ ਨਿਯਮ ਸੜਕ ਅਤੇ ਜਲ ਮਾਰਗ ਰਾਹੀਂ ਭਾਰਤ ਦਾਖ਼ਲ ਹੋਣ ਵਾਲੇ ਯਾਤਰੀਆਂ 'ਤੇ ਵੀ ਲਾਗੂ ਹੋਣਗੇ।ਵਰਨਣਯੋਗ ਹੈ ਕਿ ਏਅਰ ਸੁਵਿਧਾ ਫ਼ਾਰਮ ਔਨਲਾਈਨ ਭਰਿਆ ਜਾਂਦਾ ਸੀ ਅਤੇ ਉਡਾਣ ਲਈ ਇਸ ਫ਼ਾਰਮ ਦਾ ਪ੍ਰਿੰਟ ਯਾਤਰੀ ਨੂੰ ਨਾਲ ਲੈ ਕੇ ਜਾਣਾ ਪੈਂਦਾ ਸੀ , ਇਸਦੀ ਸ਼ੁਰੂਆਤ ਅਗਸਤ 2020 ਦੌਰਾਨ ਹੋਈ ਸੀ। ਇਸ ਰਾਹੀਂ ਯਾਤਰੀ ਆਪਣੇ ਬਾਰੇ ਅਤੇ ਆਪਣੀ ਉਡਾਣ ਬਾਰੇ ਜਾਣਕਾਰੀ ਦਿੰਦੇ ਸਨ। ਇਸ ਫ਼ਾਰਮ ਵਿੱਚ ਯਾਤਰੀ ਨੂੰ ਆਪਣੀ ਭਾਰਤ ਵਿਚਲੀ ਪਹੁੰਚਣ ਵਾਲੀ ਥਾਂ ਦਾ ਪਤਾ ਟਿਕਾਣਾ ਵੀ ਦੱਸਣਾ ਪੈਂਦਾ ਸੀ। ਇਹ ਫ਼ਾਰਮ ਰਾਜ ਦੇ ਸਿਹਤ ਵਿਭਾਗ ਕੋਲ ਜਾਂਦਾ ਸੀ ਅਤੇ ਵਿਭਾਗ ਉਕਤ ਯਾਤਰੀ ਤੋਂ ਕੋਵਿਡ ਦੇ ਲੱਛਣਾਂ ਬਾਰੇ ਅਪਟੇਡ ਹਾਸਿਲ ਕਰਦਾ ਸੀ। ਕਈ ਵਾਰ ਉਕਤ ਵਿਅਕਤੀ ਨੂੰ ਕੋਵਿਡ ਟੈਸਟ ਲਈ ਵੀ ਬੁਲਾਇਆ ਜਾਂਦਾ ਸੀ। ਬੀਤੀ 22 ਨਵੰਬਰ 2022 ਤੋਂ ਇਹ ਨਵੇਂ ਹੁਕਮ ਲਾਗੂ ਹਨ।

### ਪੁਲਿਸ ਜਾਂਚ ਵਿੱਚ ਸਾਹਮਣੇ ਆਇਆ

## ਅਕਾਲੀ ਆਗੂ ਅਜੀਤਪਾਲ ਸਿੰਘ ਨੂੰ ਉਸਦੇ ਹੀ ਦੋਸਤ ਵੱਲੋਂ ਗੋਲ਼ੀਆਂ ਮਾਰ ਕੇ ਮਾਰ ਦਿੱਤਾ ਗਿਆ





ਬਟਾਲਾ ( ਪੰਜਾਬੀ ਅਖ਼ਬਾਰ ਬਿਊਰੋ) ਅੰਮ੍ਰਿਤਸਰ-ਪਠਾਨਕੋਟ ਹਾਈਵੇ 'ਤੇ ਅਕਾਲੀ ਆਗੂ ਅਜੀਤਪਾਲ ਸਿੰਘ (50) ਦਾ ਗੋਲ਼ੀਆਂ ਮਾਰ ਕੇ ਮਾਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੱਸ ਦੇਈਏ ਮ੍ਰਿਤਕ ਅਕਾਲੀ ਆਗੂ ਬਟਾਲਾ ਦੇ ਨੇੜਲੇ ਪਿੰਡ ਸ਼ੇਖੋਪੁਰ ਖ਼ੁਰਦ ਦੇ ਰਹਿਣ ਵਾਲੇ ਸਨ। ਪਹਿਲਾਂ ਸਾਹਮਣੇ ਆਈ ਜਾਣਕਾਰੀ ਦੀ ਕਹਾਣੀ ਮੁਤਾਬਕ ਮ੍ਰਿਤਕ ਅਜੀਤਪਾਲ ਸਿੰਘ ਆਪਣੇ ਦੋਸਤ ਅੰਮ੍ਰਿਤਪਾਲ ਦੇ ਨਾਲ ਗੱਡੀ ਵਿੱਚ ਸਵਾਰ ਹੋ ਕੇ ਅੰਮ੍ਰਿਤਸਰ ਨੂੰ ਜਾ ਰਹੇ ਸਨ, ਉਸ ਦੌਰਾਨ ਪਿੱਛੋਂ ਆਏ ਕਾਰ ਸਵਾਰ ਨੇ ਉਨ੍ਹਾਂ 'ਤੇ ਫਾਇਰਿੰਗ ਕਰ ਦਿੱਤੀ। ਫਾਇਰਿੰਗ ਦੌਰਾਨ ਅਜੀਤਪਾਲ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਦੇ ਦੋਸਤ ਵੱਲੋਂ ਜ਼ਖ਼ਮੀ ਹਾਲਾਤ ਵਿਚ ਅਜੀਤਪਾਲ ਨੂੰ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਲਜਾਇਆ ਗਿਆ , ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਰ ਅਸਲ ਵਿੱਚ ਪੁਲਿਸ ਵੱਲੋਂ ਛਾਣਬੀਣ ਉਪਰੰਤ ਜੋ ਕਹਾਣੀ ਸਾਹਮਣੇ ਆ ਰਹੀ ਹੈ ਉਸ ਅਨੁਸਾਰ ਅਜੀਤਪਾਲ ਸਿੰਘ ਨੂੰ ਉਸਦੇ ਹੀ ਦੋਸਤ ਅੰਮ੍ਰਿਤਪਾਲ ਸਿੰਘ ਨੇ ਗੋਲੀ ਮਾਰਕੇ ਮਾਰਿਆ ਹੈ। ਪੁਲਿਸ ਹਿਰਾਸਤ ਦੌਰਾਨ ਅੰਮ੍ਰਿਤਪਾਲ ਸਿੰਘ ਦੱਸ ਰਿਹਾ ਹੈ ਕਿ ਉਹਨਾਂ ਦਾ ਆਪਸ ਵਿੱਚ ਕਿਸੇ ਗੱਲ ਨੂੰ ਲੈਕੇ ਤਕਰਾਰ ਹੋ ਗਿਆ ਤਾਂ ਅਜੀਤਪਾਲ ਸਿੰਘ ਨੇ ਉਸ ਉੱਪਰ ਪਿਸਤੌਲ ਤਾਣ ਲਈ ਪਰ ਅੰਮ੍ਰਿਤਪਾਲ ਸਿੰਘ ਕੋਲੋਂ ਅਚਾਨਕ ਹੀ ਗੋਲੀ ਚੱਲ ਗਈ ਜਿਸ ਕਾਰਣ ਅਜੀਤਪਾਲ ਸਿੰਘ ਦੀ ਮੌਤ ਹੋ ਗਈ।
















































# SIZE MATTERS

## ਆਓ $20,000* ਤੱਕ ਦੀ ਬੱਚਤ ਕਰੀਏ !

ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸامਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸਾਮਿਲ ਹੈ!

ਟਾਊਨ ਹੋਮ
**$385,000 ਤੋਂ ਸ਼ੁਰੂ**







ਰੋਅ ਹੋਮ
**$485,000 ਤੋਂ ਸ਼ੁਰੂ**







| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

COPPERSTONE AT COPPERFIELD

587.352.4266
COPPERSTONELIVING.COM

SHOWHOMES & SALES CENTRE
1233 Copperfield Blvd SE,
Calgary, AB T2Z 5G1

SOUTHPOINT
A MASTER PLANNED COMMUNITY

403.980.1979
VESTASOUTHPOINT.COM

SHOWHOMES & SALES CENTRE
600 South Point Heath SW
Airdrie AB

VESTA PROPERTIES

* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਰਾਜਨ ਸਾਹਨੀ ਐਮ ਐਲ ਏ ਵੱਲੋਂ ਕੈਲਗਰੀ ਨਾਰਥ ਈਸਟ ਵਿੱਚ ਓਪਨ ਹਾਊਸ ਲਗਾਇਆ ਗਿਆ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਪਣੇ ਹਲਕੇ ਦੇ ਵੋਟਰਾਂ ਨਾਲ ਆਪਣਾ ਮੇਲਜੋਲ ਵਧਾਉਣ ਲਈ ਅਤੇ ਉਹਨਾਂ ਦੀਆਂ ਦੁੱਖ ਤਕਲੀਫਾਂ ਜਾਨਣ ਲਈ ਰਾਜਨ ਸਾਹਨੀ ਐਮ ਐਲ ਏ ਵੱਲੋਂ ਕੈਲਗਰੀ ਨਾਰਥ ਈਸਟ ਵਿੱਚ ਓਪਨ ਹਾਉਸ ਲਗਾਇਆ ਗਿਆ। ਇਸ ਮੌਕੇ ਹਲਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਰਾਜਹਨ ਸਾਹਨੀ ਨਾਲ ਚਾਹ,ਕੌਫੀ ਦੀਆਂ ਚੁਸਕੀਆਂ ਸਾਂਝੇ ਕਰਦੇ ਹੋਏ ਹਾਜਰੀ ਭਰਦਿਆਂ ਆਪਣੀਆਂ ਦੁੱਖ ਤਕਲੀਫਾਂ ਅਤੇ ਸਰਕਾਰ ਦੇ ਕਰਨਯੋਗ ਕੰਮਾਂ ਵੱਲ ਧਿਆਨ ਦਿਵਾਉਣ ਦਾ ਮੌਕਾ ਮਿਲਿਆ। ਪੰਜਾਬੀ ਅਖਬਾਰ ਨਾਲ ਗੱਲਬਾਤ ਦੌਰਾਨ ਰਾਜਨ ਸਾਹਨੀ ਨੇ ਦੱਸਿਆ ਕਿ ਅਲਬਰਟਾ ਵਿੱਚ ਲੇਬਰ ਦੀ ਘਾਟ ਨੂੰ ਪੂਰਾ ਕਰਨ ਲਈ ਉਹ ਨਵੇਂ ਇੰਮੀਗ੍ਰਾਂਟਸ ਨੂੰ ਅਲਬਰਟਾ ਵਿੱਚ ਵਸਣ ਦਾ ਮੌਕਾ ਦੇਣ ਲਈ ਉਤਸਾਹਿਤ ਕਰਨਗੇ। ਅਲਬਰਟਾ ਅਤੇ ਇੰਡੀਆ ਵਿੱਚ ਦੋਸਤਾਨਾਂ ਸਬੰਧਾਂ ਦੀ ਉਹ ਇੱਛਕ ਹੈ। ਰਹਿਣ ਸਹਿਣ ਮਹਿੰਗਾ ਹੋਣ ਸਬੰਧੀ ਅਲਬਰਟਾ ਸੂਬੇ ਬਾਰੇ ਉਹਨਾਂ ਦਾ ਖਿਆਲ ਹੈ ਕਿ ਅਲਬਰਟਾ ਸੋਸਲ ਸਰਵਿਸਜ਼ ਦੇ ਜ਼ਰੀਏ ਉਹ ਉਹਨਾਂ ਦੀ ਮੱਦਦ ਕਰ ਸਕਦੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਬਾਰੇ ਉਹਨਾਂ ਕਿਹਾ ਕਿ ਉਹ ਭਵਿੱਖ ਵਿੱਚ ਇੱਕ ਟਾਊਨਹਾਲ ਮਿਲਣੀ ਦਾ ਆਯੋਜਿਨ ਕਰਨ ਜਾ ਰਹੀ ਹੈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਸਲਿਆਂ ਨੂੰ ਹੀ ਵਿਚਾਰਿਆ ਜਾਵੇਗਾ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਕੌਂਸਲਰ ਰਾਜ ਧਾਲੀਵਾਲ ਨੇ ਵੀ ਹਾਜਰੀ ਭਰੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਦਿਲਾਵਰ ਸਮਰਾ ਅਤੇ ਪ੍ਰਸ਼ੋਤਮ ਭਾਰਦਵਾਜ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਜਿੱਥੇ ਹਾਜ਼ਰ ਮੈਂਬਰਾਂ ਦਾ ਅਤੇ ਨਾਲ ਆਏ ਮਹਿਮਾਨਾਂ ਦਾ ਸਵਾਗਤ ਕੀਤਾ।ਰੀਮੈਂਬਰੈਂਸ ਡੇ ਦੇ ਸੰਬੰਧ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਹੀਦ ਫੌਜੀ ਯੋਧਿਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਗੁਰਦਿਆਲ ਸਿੰਘ ਖਹਿਰਾ ਅਤੇ ਉਨ੍ਹਾਂ ਦੀ ਧਰਮ ਪਤਨੀ ਮਨਜੀਤ ਕੌਰ ਖਹਿਰਾ ਦੇ ਵਿਆਹ ਦੀ 46ਵੀਂ ਵਰ੍ਹੇਗੰਢ ਕੇਕ ਕੱਟ ਕੇ ਤਾੜੀਆਂ ਦੀ ਗੂੰਜ ਵਿਚ ਮਨਾਈ ਗਈ। ਇਸ ਮੌਕੇ ਭਾਵੁਕ ਹੋ ਕੇ ਖਹਿਰਾ ਨੇ ਆਪਣੇ ਸਫਲ ਵਿਆਹੁਤਾ ਜੀਵਨ ਦੀਆਂ ਜ਼ਿਕਰਯੋਗ ਯਾਦਾਂ ਸਾਂਝੀਆਂ ਕੀਤੀਆਂ।ਰਾਜ ਧਾਲੀਵਾਲ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਐਸੋਸੀਏਸ਼ਨ ਦੀਆਂ ਕਾਰਵਾਈਆਂ ਦੀ ਸ਼ਲਾਘਾ ਕੀਤੀ। ਉਸ ਨੇ ਕੈਲਗਰੀ ਨੂੰ ਦੁਨੀਆਂ ਦਾ ਤੀਜਾ ਸਭ ਤੋਂ ਵਧੀਆ ਵਸਣਯੋਗ ਸ਼ਹਿਰ ਹੋਣ ਦਾ ਖੁਲਾਸਾ ਕੀਤਾ। ਨਾਲ ਹੀ ਉਸ ਦੁਆਰਾ ਵਿਕਾਸ ਅਤੇ ਭਲਾਈ ਲਈ ਕੀਤੇ ਜਾ ਰਹੇ ਜਤਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਦੀ ਜੋੜੀ ਨੇ ਇੱਕ ਗੀਤ – ਤੇਰਾਂ ਤੇਰਾਂ ਬੋਲਦਾ – ਗਾ ਕੇ ਧਾਰਮਿਕ ਰੰਗ ਬੰਨ੍ਹਿਆਂ। ਬਿੱਕਰ ਸਿੰਘ ਸੰਧੂ ਨੇ ਆਪਣੇ ਆਪੇ ਬਾਰੇ ਅੰਦਰੂਨੀ ਝਾਤ ਮਾਰਨ ਅਤੇ ਰੂਹ ਬਾਰੇ ਗਿਆਨ ਦੀਆਂ ਗੱਲਾਂ ਕੀਤੀਆਂ। ਡਾ. ਸਰਦਾਰੀ ਲਾਲ ਮੱਟੂ ਅਤੇ ਡਾ. ਮਨਮੋਹਨ ਬਾਠ ਨੇ ਹਿੰਦੀ ਗੀਤ ਗਾ ਕੇ ਸਰੋਦੀ ਮਾਹੌਲ ਸਿਰਜਿਆ। ਡਾ. ਰਾਜਵੰਤ ਕੌਰ ਮਾਨ ਨੇ ਜੀਵਨ ਦੇ ਤਜਰਬੇ ਰਾਹੀਂ ਅਮਨ ਲਹਿਰ ਬਾਰੇ ਚਾਨਣਾ ਪਾਇਆ। ਤਾਰਿਕ ਮਲਿਕ ਦੀ ਉਰਦੂ ਕਵਿਤਾ ਨਵੀਂ ਵੰਨਗੀ ਪੂਰੀ ਕਰ ਗਈ। ਪਰਮਿੰਦਰ ਗਰੇਵਾਲ ਨੇ ਸਿਹਤਮੰਦ ਰਹਿਣ ਲਈ ਖ਼ੁਰਾਕ ਦੇ ਨੁਸਖੇ ਦੱਸੇ। ਜਗਜੀਤ ਰਹਿਸੀ ਦੇ ਸਿਆਣਪ ਦੇ ਟੋਟਕੇ ਗਹਿਰਾ ਅਸਰ ਛੱਡ ਗਏ। ਮੈਡਮ ਲਲਿਤਾ ਜੀ ਨੇ ਕਈ ਸਾਰਥਕ ਸੁਝਾਅ ਦਿੱਤੇ। ਅਖੀਰ ਵਿਚ ਦਿਲਾਵਰ ਸਮਰਾ ਨੇ ਨਾਨਕ ਬਾਣੀ ਬਾਰੇ ਵਿਚਾਰਨਯੋਗ ਤੱਥ ਪੇਸ਼ ਕੀਤੇ ਅਤੇ ਭਰਵੀਂ ਸ਼ਮੂਲੀਅਤ ਲਈ ਪੇਸ਼ਕਾਰਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਖਚਾ-ਖਚ ਭਰੇ ਹਾਲ ਵਿਚ ਮੈਡਮ ਰਮਾ ਅਗਰਵਾਲ ਅਤੇ ਜਸਵੀਰ ਕੌਰ ਧਾਲੀਵਾਲ ਦੁਆਰਾ ਬਹੁਤ ਉਮਦਾ ਸਲੀਕੇ ਨਾਲ ਸਵਾਦਿਸ਼ਟ ਤੇ ਪੌਸ਼ਟਿਕ ਭੋਜਨ ਪਰੋਸਿਆ ਗਿਆ।

# 'ਲੋਕ ਕੀ ਕਹਿਣਗੇ' ਸਮਾਗਮ ਰਾਹੀਂ 'ਮੈਂਟਲ ਹੈਲਥ ਅਵੇਅਰਨੈਂਸ' ਦਾ ਸੁਨੇਹਾ ਪੰਜਾਬੀ ਭਾਈਚਾਰੇ ਤੱਕ ਅੱਪੜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵੱਲੋਂ 20 ਨਵੰਬਰ, 2022 ਨੂੰ 'ਲੋਕ ਕੀ ਕਹਿਣਗੇ!' ਬੈਨਰ ਹੇਠ 'ਮਾਨਸਿਕ ਸਿਹਤ ਜਾਗਰੂਕਤਾ' ਦਾ ਸਲਾਨਾ ਸਮਾਗਮ ਟੈਂਪਲ ਕਮਿਊਨਿਟੀ ਹਾਲ ਵਿੱਚ ਆਯੋਜਤ ਕੀਤਾ ਗਿਆ। ਪ੍ਰੋਗਰਾਮ ਦੋ ਸੈਸ਼ਨ ਵਿੱਚ ਸੰਪਨ ਹੋਇਆ। ਪਹਿਲੇ ਸੈਸ਼ਨ ਵਿੱਚ ਤਿੰਨ ਮਾਹਿਰ ਬੁਲਾਰਿਆਂ, ਚਿਲਡਰਨ ਹਸਪਤਾਲ ਦੇ ਸਾਈਕੈਟਰੀ ਵਿਭਾਗ ਵਿੱਚ ਸੇਵਾ ਨਿਭਾ ਰਹੇ ਡਾ: ਅਬਦੁਲ ਰਹਿਮਾਨ, ਨਾਰਥ ਈਸਟ ਅਡਿਕਸ਼ਨ ਐਂਡ ਮੈਂਟਲ ਹੈਲਥ ਕਲਿਨਕ' ਦੇ ਬਾਨੀ, ਫਿਜ਼ੀਸ਼ੀਅਨ ਅਤੇ ਮੈਡੀਕਲ ਡਾਕਟਰ ਹਰਬੀਰ ਸਿੰਘ ਗਿੱਲ ਅਤੇ 'ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼' ਦੇ ਕੇਸ ਮੈਨੇਜਰ ਤਾਨੀਆ ਭੁੱਲਰ ਨੇ ਕ੍ਰਮਵਾਰ 'ਮਾਨਸਿਕ ਸਿਹਤ ਸਬੰਧੀ ਜਾਗਰੂਕਤਾ ਦੀ ਲੋੜ, ਨਸ਼ਿਆਂ ਦੀ ਦੁਰਵਰਤੋਂ ਦਾ ਮਾਨਸਿਕ ਸਿਹਤ ਤੇ ਅਸਰ ਅਤੇ ਜਿਨਸੀ ਸੋਸ਼ਣ ਦਾ ਮਾਨਸਿਕ ਸਿਹਤ ਤੇ ਅਸਰ' ਵਿਸ਼ਿਆਂ ਤੇ ਤੱਥਾਂ ਭਰਪੂਰ ਜਾਣਕਾਰੀ ਦਿੱਤੀ।




ਦੂਜਾ 'ਹਾਜ਼ਰੀਨ ਦੀ ਸ਼ਮੂਲੀਅਤ' ਸੈਸ਼ਨ ਸੀ। ਵਲੰਟੀਅਰਜ਼ ਵੱਲੋਂ ਹਾਜ਼ਰੀਨ ਨੂੰ ਪੇਪਰ-ਪੈਨ ਦੇ ਆਪਣੀ ਗੱਲ ਲਿਖ ਕੇ ਦੇਣ ਲਈ ਜਾਂ ਮਾਈਕ ਤੇ ਬੋਲ ਕੇ ਵਿਚਾਰ ਸਾਂਝੇ ਕਰਨ ਲਈ ਉਤਸ਼ਾਹਤ ਕੀਤਾ ਗਿਆ। ਸਮਾਂ ਖਤਮ ਹੋ ਰਿਹਾ ਸੀ ਪਰ ਹਾਜ਼ਰੀਨ ਦੀਆਂ ਪੁੱਛਾਂ ਅਜੇ ਵੀ ਜਾਰੀ ਸਨ। ਜਿਸ ਤੋਂ ਪਤਾ ਲੱਗਦਾ ਸੀ ਕਿ ਸਾਡੀ ਕਮਿਊਨਿਟੀ ਦੇ ਲੋਕ ਇਨ੍ਹਾਂ ਸਮਾਜਿਕ ਮੁੱਦਿਆਂ ਪ੍ਰਤੀ ਕਿੰਨੇ ਸੁਚੇਤ ਹਨ।

ਸਮਾਗਮ ਵਿੱਚ ਸਭਾ ਦੇ ਪ੍ਰਧਾਨ ਡਾਕਟਰ ਬਲਵਿੰਦਰ ਕੌਰ ਬਰਾੜ ਜੀ ਨੇ ਸਭਾ ਦੇ 2020-2021, ਦੋ ਸਾਲਾਂ ਦੀ ਰਿਪੋਰਟ ਪੇਸ਼ ਕੀਤੀ। ਐਮ.ਐਲ.ਏ.ਇਰਫਾਨ ਸਬੀਰ, ਦਵਿੰਦਰ ਤੂਰ ਅਤੇ ਕਾਊਂਸਲਰ ਰਾਜ ਧਾਲੀਵਾਲ ਵੱਲੋਂ ਤਿੰਨ ਬੁਲਾਰਿਆਂ ਨੂੰ ਪ੍ਰਸ਼ੰਸਾ ਸਨਮਾਨ ਦਿੱਤੇ ਗਏ। ਸਭਾ ਵੱਲੋਂ ਬਲਜਿੰਦਰ ਗਿੱਲ ਨੂੰ ਸਭਾ ਦੇ 'ਸਭ ਤੋਂ ਸੀਨੀਅਰ ਮੈਂਬਰ ਦਾ ਸਨਮਾਨ' ਅਤੇ ਬੇਟੀ ਅਮਰੀਤ ਗਿੱਲ ਨੂੰ 'ਬਡਿੰਗ ਰਾਈਟਰ ਅਤੇ ਆਰਟਿਸਟ' ਦਾ ਸਨਮਾਨ ਦਿੱਤਾ ਗਿਆ। ਕੋਵਿਡ ਮਹਾਂਮਾਰੀ ਸਮੇਂ ਮਾਸਕ ਅਤੇ ਕਪੜੇ ਦੇ ਥੈਲੇ ਸਿਉਣ ਦਾ ਕੰਮ ਕਰਨ ਲਈ ਸਭਾ ਦੇ ਮੈਂਬਰ ਸਰਬਜੀਤ ਉੱਪਲ, ਮੁਖਤਿਆਰ ਧਾਲੀਵਾਲ, ਸ਼ਰਨਜੀਤ ਸਿੱਧੂ, ਸੁਰਜੀਤ ਧੁੰਨਾ ਅਤੇ ਬਲਜਿੰਦਰ ਗਿੱਲ ਹੁਰਾਂ ਨੂੰ ਔਖੀ ਘੜੀ ਵੇਲੇ ਕਮਿਊਨਿਟੀ ਵਾਸਤੇ ਵਲੰਟੀਅਰ ਸੇਵਾਵਾਂ ਪ੍ਰਦਾਨ ਕਰਨ ਲਈ ਸਭਾ ਵਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਆ ਗਿਆ। ਐਮ.ਐਲ.ਏ. ਲੀਲਾ ਅਹੀਰ ਵੱਲੋਂ ਸਭਾ ਦੇ ਕਮਿਊਨਿਟੀ ਵਾਸਤੇ ਕੀਤੇ ਜਾ ਰਹੇ ਅਵੇਅਰਨੈੱਸ ਕਾਰਜਾਂ ਲਈ ਸਭਾ ਨੂੰ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤਾ ਗਿਆ। ਸਭਾ ਦੀ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੂੰ ਉਨ੍ਹਾਂ ਦੀਆਂ ਕਮਿਊਨਿਟੀ ਪ੍ਰਤੀ ਨਿਭਾਈਆਂ ਵਲੰਟੀਅਰ ਸੇਵਾਵਾਂ ਨੂੰ ਅਲਬਰਟਾ ਦੇ ਸਤਿਕਾਰਯੋਗ ਲੈਫਟੀਨੈਂਟ ਗਵਰਨਰ 'ਸਲਮਾ ਲਖਾਨੀ' ਜੀ ਵੱਲੋਂ ਮਾਨਤਾ ਦੇਂਦੇ ਹੋਏ ਐਮ.ਐਲ.ਏ. ਇਰਫਾਨ ਸਬੀਰ ਜੀ ਵੱਲੋਂ 'ਕੁਈਨ ਐਲਿਜ਼ਬੈਥ ਸੈਕੰਡਜ਼ ਪਲੈਟੀਨਮ ਜੁਬਲੀ ਮੈਡਲ' ਨਾਲ ਨਿਵਾਜਿਆ ਗਿਆ ਹੈ।

ਸਭਾ ਦੀਆਂ ਸਾਰੀਆਂ ਮੈਂਬਰ ਇਸ ਸਲਾਨਾ ਸਮਾਗਮ ਦੀ ਕਾਮਯਾਬੀ ਲਈ ਵਧਾਈ ਦੀਆਂ ਪਾਤਰ ਹਨ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ
ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc
Pii



Harpinder Sidhu
REGIONAL MANAGER
403 404 3500
sidhu.harpinder@gmail.com

ਤਜ਼ਰਬੇਕਾਰ ਅਤੇ
ਭਰੋਸੇਯੋਗ ਟੀਮ ਦੇ ਮੈਂਬਰ
ਤੁਹਾਡੀ ਸੇਵਾ ਵਿੱਚ

SERVICES
▪ Life Insurance
▪ Mortgage Insurance
▪ Critical Illness Insurance
▪ Disability Insurance



Gurinder Chahal
MANAGER
587 707 7000
cgyquotes@gmail.com

A PLUS
• ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
• ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
• ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
• ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

• ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖ਼ੁਆਰ ਹੋਣ ਦੀ ਲੋੜ ਨਹੀਂ।
• ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
• ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
• ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A PLUS
A Plus
Immigration & NRI Solutions
nriservicecalgary@gmail.com

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday
10% OFF
When you buy less than 3 lbs
15% OFF
When you buy 3 lbs or more
Special Discount for Birthdays & Parties
LAKESIDE
MEAT MASALA
Now Serving Cooked Marinated Meat, Fish and Chicken
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
202, 175 Chestermere Station Way Chestermere, AB T1X 1V2
587.470.4000

# ਸਾਊਥ ਏਸੀਅਨ ਕਮਿਊਨਿਟੀ ਐਸੋਸੀਏਸ਼ਨ ਕੈਲਗਰੀ ਦਾ ਦੀਵਾਲੀ ਸਬੰਧੀ ਸਾਲਾਨਾ ਤਿਉਹਾਰ ਯਾਦਗਾਰੀ ਹੋ ਨਿੱਬੜਿਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਨਵੰਬਰ ਮਹੀਨੇ ਸਾਊਥ ਏਸੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਸੀਨੀਅਰ ਵਾਇਸ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ, ਸੰਸਥਾ ਦੇ ਐਕਟਿਵ ਮੈਂਬਰਾਂ ਦੇ ਸਹਿਯੋਗ ਨਾਲ ਟੈਂਪਲ ਕਮਿਉਨਿਟੀ ਹਾਲ ਵਿੱਚ ਸਲਾਨਾ ਸਮਾਗਮ ਮਨਾਇਆ ਗਿਆ।

ਪ੍ਰੋਗਰਾਮ ਦੀ ਸੁਰੂਆਤ ਅਤੇ ਭਾਰਤੀ ਅਤੇ ਕਨੇਡੀਅਨ ਰਾਸ਼ਟਰੀ ਗੀਤ ਨਾਲ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜਨਰਲ ਸਕੱਤਰ ਗੁਰਮੇਲ ਸਿੰਘ ਸੰਧੂ ਨੇ ਸਟੇਜ ਉਪਰ ਸਰਿੰਦਰ ਕੌਰ ਸੰਧੂ ਨੂੰ ਸੱਦਾ ਦਿੱਤਾ। ਮੈਡਮ ਸੁਰਿੰਦਰ ਕੌਰ ਸੰਧੂ ਨੇ ਸਰਸਾ ਨਦੀ ਦੇ ਕਿਨਾਰੇ ਪ੍ਰਵਾਰ ਵਿਛੋੜੇ ਦਾ ਹਾਲ ਗੀਤ ਰਾਹੀਂ ਬਿਆਨ ਕੀਤਾ। ਲਲਿਤਾ ਜੀ ਨੇ ਦਿਵਾਲੀ ਦੇ ਤਿਉਹਾਰ ਸਬੰਧੀ ਚਾਨਣਾ ਪਾਉਂਦਿਆਂ ਦੱਸਿਆ ਕਿ ਦੀਵਾਲੀ ਦਾ ਤਿਉਹਾਰ ਬਹੁਤ ਹੀ ਬਹੁ ਸੱਭਿਆਚਾਰਕ, ਸਮਾਜਿਕ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹੈ।

ਸਾਰਾ ਹਾਲ ਸੋਹਣੀਆਂ ਪੱਗਾਂ ਅਤੇ ਰੰਗ ਬਰੰਗੀਆਂ ਚੁੰਨੀਆਂ ਨਾਲ ਭਰਿਆ ਹੋਇਆ ਸੀ ਇਸ ਤਰਾਂ ਲੱਗਦਾ ਸੀ ਕਿ ਜਿਵੇਂ ਇੱਕ ਫੁਲਵਾੜੀ ਫੁੱਲਾਂ ਨਾਲ ਮਹਿਕ ਟਹਿਕ ਰਹੀ ਹੋਵੇ। ਸਾਰੇ ਪ੍ਰੋਗਰਾਮ ਨੂੰ ਕਵਿਤਾਵਾਂ, ਨਾਟਕ, ਕਵੀਸਰੀ, ਗ਼ਜ਼ਲਾਂ, ਭਾਸ਼ਨਾਂ, ਜਾਗੋ ਅਤੇ ਗਿੱਧੇ ਦੀ ਲੜੀ ਵਿੱਚ ਪਰੋਇਆ ਹੋਇਆ ਸੀ। ਜਰਨੈਲ ਸਿੰਘ ਤੱਗੜ, ਜਗਦੀਸ਼ ਕੌਰ ਗਰੇਵਾਲ, ਮਾਸਟਰ ਬਚਿੱਤਰ ਸਿੰਘ ਗਿੱਲ ਦੀ ਕਵਿਸਰੀ ਅਤੇ ਡਾਕਟਰ ਜੋਗਾ ਸਿੰਘ ਦੀ ਪੇਸ਼ਕਾਰੀ ਨੇ ਖੂਬ ਰੰਗ ਬੰਨਿਆ। ਜਿਉਂ ਹੀ ਜਾਗੋ ਵਾਲੀ ਟੀਮ ਹਾਲ ਅੰਦਰ ਦਾਖਲ ਹੋਈ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਿਸੇ ਦੇ ਵਿਆਹ ਦੇ ਸ਼ਗਨ ਮਨਾਏ ਜਾ ਰਹੇ ਹੋਣ। ਬੀਬੀਆਂ ਨੇ ਗਿੱਧਾ ਪਾ ਕੇ ਖੂਬ ਧਮਾਲ ਪਾਈ। ਤਿੰਨ ਛੋਟੀਆਂ ਬੱਚੀਆਂ ਨੇ ਵੀ ਸੰਗੀਤ ਡਾਂਸ ਕਰਦੇ ਹੋਏ ਕਮਾਲ ਕਰ ਦਿੱਤੀ। ਐਮ ਐਲ ਏ ਇਰਫਾਨ ਸ਼ਬੀਰ ਕੌਂਸਲਰ ਰਾਜ ਧਾਲੀਵਾਲ, ਪ੍ਰੋ: ਹਰਭਜਨ ਸਿੰਘ, ਡਾਕਟਰ ਬਲਵਿੰਦਰ ਕੌਰ ਬਰਾੜ ਅਤੇ ਗੁਰਚਰਨ ਕੌਰ ਥਿੰਦ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਅਖੀਰ ਵਿੱਚ ਸੰਸਥਾ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਬੀਤੇ ਸਾਲ ਦੌਰਾਨ ਨਿਭਾਈਆਂ ਚੰਗੀਆਂ ਸੇਵਾਵਾਂ ਕਾਰਨ ਸਨਮਾਨਿਤ ਵੀ ਕੀਤਾ ਗਿਆ।

# ਕੈਲਗਰੀ ਵਸਦੇ ਚਾਹਲ ਪਰਿਵਾਰ ਨੂੰ ਸਦਮਾ ਮਾਤਾ ਸੁਰਿੰਦਰ ਕੌਰ ਚਾਹਲ ਅਕਾਲ ਚਲਾਣਾ ਕਰ ਗਏ



ਸਵ –
ਮਾਤਾ ਸੁਰਿੰਦਰ ਕੌਰ ਚਾਹਲ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਸਦੇ ਚਾਹਲ ਪਰਿਵਾਰ ਵਿੱਚੋਂ ਸ੍ਹ ਹਿੰਮਤ ਸਿੰਘ ਚਾਹਲ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਪੂਜਨੀਕ ਮਾਤਾ ਜੀ ਸਰਦਾਰਨੀ ਸੁਰਿੰਦਰ ਕੌਰ ਚਾਹਲ ਕੈਲਗਰੀ ਵਿਖੇ ਆਪਣੀ 81 ਸਾਲ ਦੀ ਮਾਣਮੱਤੀ ਉਮਰ ਭੋਗਦੇ ਹੋਏ 23 ਨਵੰਬਰ 2022 ਨੂੰ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 26 ਨਵੰਬਰ 2022 ਵਾਲੇ ਦਿਨ ਦੁਪਹਿਰ 12:30 ਵਜੇ ਕੰਟਰੀ ਹਿੱਲਜ਼ ਕਰੈਮੇਟੋਰੀਅਮ ਐਂਡ ਫਿਊਨਰਲ ਸਰਵਿਸ 16 ਸਟਰੀਟ ਨਾਰਥ ਈਸਟ ਕੈਲਗਰੀ ਵਿਖੇ ਪਰਿਵਾਰਕ ਮੈਂਬਰਾਂ ਅਤੇ ਹੋਰ ਦੂਰੋਂ ਨੇੜਿਓਂ ਆਏ ਰਿਸ਼ਤਦਾਰਾਂ ਦੀ ਹਾਜਿਰੀ ਵਿੱਚ ਕੀਤਾ ਗਿਆ। ਸਵ: ਮਾਤਾ ਸੁਰਿੰਦਰ ਕੌਰ ਚਾਹਲ ਦੀ ਆਤਮਿਕ ਸਾਂਤੀ ਲਈ ਵੈਸਟਵਿੰਡਜ਼ ਗੁਰੂਦਵਾਰਾ ਸਾਹਿਬ 3710 ਵੈਸਟਵਿੰਡਜ਼ ਡਰਾਈਵ ਕੈਲਗਰੀ ਵਿਖੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਅੰਤਿਮ ਅਰਦਾਸ ਹੋਈ। ਕੈਲਗਰੀ ਵਾਸੀ ਅਤੇ ਹੋਰ ਦੂਰੋਂ ਨੇੜਿਓ ਪਰਿਵਾਰ ਨਾਲ ਸਬੰਧ ਰੱਖਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਮਾਤਾ ਜੀ ਦੇ ਬੇਟੇ ਹਿੰਮਤ ਸਿੰਘ ਚਾਹਲ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੀ ਚਾਹਲ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੀ ਹੋਈ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਿੰਮਤ ਸਿੰਘ ਚਾਹਲ ਨਾਲ 403 478 9371 ਉੱਪਰ ਫੋਨ ਕੀਤਾ ਜਾ ਸਕਦਾ ਹੈ। ਮਾਤਾ ਜੀ ਦਾ ਪਿਛਲਾ ਪਿੰਡ ਬਰ੍ਹਮ,ਤਹਿਸੀਲ ਸਮਰਾਲਾ,ਜਿਲਾ ਲੁਧਿਆਣਾ ਸੀ ਅਤੇ ਉਹ ਸਾਲ 1993 ਵਿੱਚ ਕਨੇਡਾ ਆਏ ਸਨ।




ਸ: ਬਲਕਾਰ ਸਿੰਘ ਸੰਧੂ ਜੋ ਕਿ ਇੰਡੀਅਨ ਐਕਸ ਸਰਵਿਸਮੈਨ ਐਸੋਸੀਏਸਨ ਕੈਲਗਰੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ,ਨੂੰ ਉਹਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਬਦਲੇ,ਅਲਬਰਟਾ ਸਰਕਾਰ ਵੱਲੋਂ ਕੁਈਨ ਐਲਿਜ਼ਾਬੈਥ ਪਲੈਟੀਨਮ ਜੁਬਲੀ ਮੈਡਲ ਨਾਲ ਸਨਮਾਨਿਆ ਗਿਆ

# ‘ਜਦੋਂ ਦੂਜਿਆਂ ਲਈ ਲੜੇ ਅਸੀਂ ਸੂਰਮੇਂ, ਹੱਕ ਆਪਣੇ ਮੰਗੇ ਤਾਂ ਵੱਖਵਾਦੀ ਹੋ ਗਏ’

## ਵਰਗੇ ਗੀਤਾਂ ਨਾਲ ਅਰਪਨ ਲਿਖਾਰੀ ਸਭਾ ਦੀ ਮੈਂਬਰ ਮਿਲਣੀ ਸਾਹਤਿਕ ਰੰਗ ਵਿੱਚ ਰੰਗੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮੀਟਿੰਗ ਡਾ: ਜੋਗਾ ਸਿੰਘ ਸਹੋਤਾ, ਜਗਦੇਵ ਸਿੰਘ ਸਿੱਧੂ ਅਤੇ ਜਸਵੀਰ ਸਿਹੋਤਾ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਸਰਬਸੰਮਤੀ ਨਾਲ ਬਣੀ ਨਵੀਂ ਕਾਰਜਕਾਰਨੀ ਦੁਆਰਾ ਕਾਰਜ ਸੰਭਾਲਣ ਨਾਲ ਸ਼ੁਰੂ ਹੋਈ। ਜਗਦੇਵ ਸਿੰਘ ਸਿੱਧੂ ਵੱਲੋਂ ਨਵੀਂ ਕਾਰਜਕਾਰਨੀ ਦੇ ਨਾਵਾਂ ਦਾ ਐਲਾਨ ਕੀਤਾ ਗਿਆ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਨਗੀ ਦਿੱਤੀ ਗਈ। ਪ੍ਰਧਾਨ – ਡਾ ਜੋਗਾ ਸਿੰਘ ਸਹੋਤਾ, ਉਪ ਪ੍ਰਧਾਨ – ਇਕਬਾਲ ਸਿੰਘ ਕਾਲੀਰਾਏ, ਜਨਰਲ ਸਕੱਤਰ – ਜਸਵੰਤ ਸਿੰਘ ਸੇਖੋਂ, ਸਕੱਤਰ ਜਰਨੈਲ ਸਿੰਘ ਤੱਗੜ, ਖ਼ਜ਼ਾਨਚੀ – ਸਤਨਾਮ ਸਿੰਘ ਢਾਅ, ਮੈਂਬਰ – ਕੇਸਰ ਸਿੰਘ ਨੀਰ, ਪਰਮਜੀਤ (ਪੈਰੀ) ਮਾਹਲ, ਲਖਵਿੰਦਰ ਸਿੰਘ ਜੌਹਲ, ਕੁਲਦੀਪ ਕੌਰ ਘਟੌੜਾ ਅਤੇ ਸੁਖਦੇਵ ਕੌਰ ਢਾਅ ਦੇ ਨਾਂ ਸਾਮਿਲ ਹਨ।



ਸਕੱਤਰ ਜਰਨੈਲ ਸਿੰਘ ਤੱਗੜ ਨੇ ਦੁਖਦਾਈ ਖ਼ਬਰਾਂ ਸਾਂਝੀਆਂ ਕਰਦਿਆਂ ਵਿੱਛੜ ਗਈਆਂ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਸਿੱਖ ਇਤਿਹਾਸਕਾਰ ਜਗਤਾਰ ਸਿੰਘ ਗਰੇਵਾਲ, ਕੈਲਗਰੀ ਦੇ ਨਾਮਵਰ ਰੀਅਲਟਰ ਗੁਰਜੰਟ ਸਿੰਘ ਗਿੱਲ ਦੇ ਨੌਜੁਆਨ ਸਪੁੱਤਰ ਰਾਜਦੀਪ ਗਿੱਲ ਦੀ ਬੇਵਕਤੀ ਮੌਤ, ਪ੍ਰਸਿੱਧ ਪੱਤਰਕਾਰ ਤੇ ਲੇਖਕ ਹਰਦੇਵ ਸਿੰਘ ਗਰੇਵਾਲ, ਸ਼ਾਇਰ ਦੇਵ ਰਾਊਕੇ ਗੀਤਕਾਰ ਗੁਰਜੰਟ ਘਨੌਰ ਅਤੇ ਟਰੇਡ ਯੂਨੀਅਨਨਿਸਟ ਕਾਮਰੇਡ ਰਣਧੀਰ ਸਿੰਘ ਗਿੱਲ ਦੇ ਸਦੀਵੀ ਵਿਛੋੜੇ ਤੇ ਦੁੱਖ ਪ੍ਰਗਟ ਕਰਦਿਆਂ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਪਰਿਵਾਰਾਂ ਨਾਲ ਹਮਦਰਦੀ ਅਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਕੇਸਰ ਸਿੰਘ ਨੀਰ ਨੇ ਇਨ੍ਹਾਂ ਦੇ ਪਾਏ ਸਾਹਿਤਕ ਅਤੇ ਸਮਾਜਿਕ ਯੋਗਦਾਨ ਬਾਰੇ ਭਾਵਪੂਰਤ ਜਾਣਕਾਰੀ ਸਾਂਝੀ ਕੀਤੀ।

ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਲਖਵਿੰਦਰ ਸਿੰਘ ਜੌਹਲ, ਜਗਜੀਤ ਸਿੰਘ ਰਹਿਸੀ, ਅਮਨਪ੍ਰੀਤ ਕੌਰ ਗਿੱਲ,ਮਨਮੋਹਨ ਸਿੰਘ ਬਾਠ, ਸੁਖਵਿੰਦਰ ਤੂਰ, ਡਾ: ਜੋਗਾ ਸਿੰਘ ਸਹੋਤਾ ਨੇ ਸਾਜ਼ ਸਮੇਤ ਗੀਤ ਤੇ ਗ਼ਜ਼ਲਾਂ ਦੀ ਪੇਸ਼ਕਾਰੀ ਕੀਤੀ ਨਾਲ ਹੀ ਗੁਰਜੰਟ ਘਨੌਰ ਦਾ ਗੀਤ ‘ਜਦੋਂ ਦੂਜਿਆਂ ਲਈ ਲੜੇ ਅਸੀਂ ਸੂਰਮੇਂ, ਹੱਕ ਆਪਣੇ ਮੰਗੇ ਤਾਂ ਵੱਖਵਾਦੀ ਹੋ ਗਏ’। ਸਤਨਾਮ ਸਿੰਘ ਢਾਅ ਨੇ ਗੁਰੂ ਨਾਨਕ ਦੇ ਵਿਚਾਰਧਾਰਾ ਨੂੰ ਬਿਆਨਦੀ ਗੁਰਦੇਵ ਸਿੰਘ ਮਾਨ ਦੀ ਕਵਿਤਾ ‘ਕਰਮ ਕਾਂਡ ਤੇ ਲੁਟੇਰੇ’ ਪੇਸ਼ ਕੀਤੀ।

ਜਗਦੇਵ ਸਿੰਘ ਸਿੱਧੂ ਨੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਵਿੱਚ ਲਿਖੀ ਆਪਣੀ ਇੱਕ ਕਵਿਤਾ ‘ਨਿਵੇਕਲੇ ਰੰਗ ਦੀ ਆਰਤੀ’ ਉਤਾਰੀ, ਜਿਸ ਨੂੰ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ। ਪ੍ਰਭਦੇਵ ਸਿੰਘ ਗਿੱਲ, ਪੈਰੀ ਮਾਹਲ, ਬਿੱਕਰ ਸਿੰਘ ਸੰਧੂ, ਜਸਵੀਰ ਸਿਹੋਤਾ, ਕੁਲਦੀਪ ਕੌਰ ਘਟੌੜਾ, ਜਰਨੈਲ ਤੱਗੜ, ਅਤੇ ਨਿਰਮਲ ਸਿੰਘ ਧਾਲੀਵਾਲ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਬਾਰੇ ਕਈ ਪਹਿਲੂਆਂ ਤੇ ਵਿਚਾਰ ਰੱਖੇ, ਨਾਲ ਹੀ ਪੰਜਾਬ ਅਤੇ ਕੈਨੇਡਾ ਵਿਚਲੇ ਭਖਦੇ ਮਸਲਿਆਂ ਨੂੰ ਸਾਹਮਣੇ ਲਿਆਂਦਾ।

ਗੁਰਮੀਤ ਸਿੰਘ ਢਾਅ, ਅਵਤਾਰ ਕੌਰ ਤੱਗੜ, ਏਕਮ ਕੌਰ ਗਿੱਲ, ਅਤੇ ਜਸਪਾਲ ਕੌਰ ਮਾਨ ਨੇ ਵੀ ਇਸ ਸਾਹਿਤਕ ਮਿਲਣੀ ਵਿਚ ਭਰਪੂਰ ਯੋਗਦਾਨ ਪਾਇਆ।















# ਅਲਬਰਟਾ ਚਿਲਡਰਨ ਹਸਪਤਾਲ ਕੈਲਗਰੀ ਵਿੱਚ ਮਰੀਜ਼ਾਂ ਲਈ ਹੁਣ ਹਸਪਤਾਲ ਦੇ ਬਾਹਰ ਗਰਮ ਟ੍ਰੇਲਰ ਲਗਾਏ ਗਏ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਹਿਲਾਂ ਪਹਿਲਾਂ ਜਦੋਂ ਕਿਸੇ ਨੇ ਕਨੇਡਾ ਵਰਗੇ ਮੁਲਕ ਤੋਂ ਪੰਜਾਬ ਛੁੱਟੀਆਂ ਕੱਟਣ ਜਾਣਾ ਤਾਂ ਇੱਕ ਗੱਲ ਹਮੇਸ਼ਾ ਹੀ ਛਿੜਦੀ ਹੁੰਦੀ ਸੀ ਕਿ ਕਨੇਡਾ ਵਰਗੇ ਮੁਲਕ ਵਿੱਚ ਡਾਕਟਰੀ ਇਲਾਜ ਬਹੁਤ ਹੀ ਵਧੀਆ ਹਨ। ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਬੈਠੇ ਹੀ 911 ਇੱਕ ਫੋਨ ਨੰਬਰ ਹੈ ਉਹ ਡਾਇਲ ਕਰ ਦਿਓ ਡਾਕਟਰਾਂ ਦੀ ਟੀਮ ਕੁੱਝ ਹੀ ਮਿੰਟਾਂ ਵਿੱਚ ਤੁਹਾਡੇ ਘਰ ਅੱਗੇ ਪੁੱਜ ਜਾਂਦੀ ਹੈ ਅਤੇ ਉਸੇ ਵਕਤ ਹੀ ਤੁਹਾਡਾ ਇਲਾਜ ਸੁਰੂ ਹੋ ਜਾਂਦਾ ਹੈ। ਪਰ ਜੇਕਰ ਹੁਣ ਕੋਈ ਕਨੇਡਾ ਤੋਂ ਜਾਕੇ ਅਜਿਹਾ ਦਾਅਵਾ ਕਰੇ ਤਾਂ ਅੱਜ ਦੀ ਇਹ ਖ਼ਬਰ ਉਸਦੇ ਦਾਅਵੇ ਨੂੰ ਖੋਖਲਾ ਕਰ ਦਿੰਦੀ ਹੈ। ਖ਼ਬਰ ਇਹ ਹੈ ਕਿ ਕਨੇਡਾ ਦੇ ਹੀ ਕੈਲਗਰੀ ਸਹਿਰ ਅੰਦਰ ਚਿਲਡਰਨ ਹਸਪਤਾਲ ਵਿੱਚ ਬਿਮਾਰ ਬੱਚਿਆਂ ਨੂੰ ਐਮਰਜੈਂਸੀ ਹਾਲਾਤਾਂ ਵਿੱਚ ਡਾਕਟਰ ਵੱਲੋਂ ਦੇਖਣ ਦਿਖਾਉਣ ਲਈ 18 ਘੰਟੇ ਦੇ ਸਮੇਂ ਦੀ ਉਡੀਕ ਦੱਸੀ ਜਾ ਰਹੀ ਹੈ। ਅਲਬਰਟਾ ਦੀ ਹੈਲਥ-ਕੇਅਰ ਡਿਲੀਵਰੀ ਏਜੰਸੀ ਦਾ ਕਹਿਣਾ ਹੈ ਕਿ ਉਹ ਐਮਰਜੈਂਸੀ ਵਿਭਾਗ ਦੇ ਕੋਲ ਇੱਕ ਗਰਮ ਟ੍ਰੇਲਰ ਖੋਲ੍ਹ ਕੇ ਕੈਲਗਰੀ ਦੇ ਅਲਬਰਟਾ ਚਿਲਡਰਨ ਹਸਪਤਾਲ ਵਿੱਚ ਮਰੀਜ਼ਾਂ ਦੀ ਗਿਣਤੀ ਵਿੱਚ ਵਾਧੇ ਦੀ ਅਗਾਊਂ ਤਿਆਰੀ ਕਰ ਰਹੀ ਹੈ। ਜਦੋਂ ਐਮਰਜੈਂਸੀ ਮਰੀਜ਼ਾਂ ਦੀ ਮਾਤਰਾ ਵਿੱਚ ਵਾਧਾ ਹੋਇਆ ਦਿਖਾਈ ਦਿੱਤਾ ਤਾਂ ਕੈਲਗਰੀ ਵਿੱਚ ਟ੍ਰੇਲਰ ਦੀ ਵਰਤੋਂ ਉਦੋਂ ਹੀ ਕੀਤੀ ਜਾਵੇਗੀ। ਸਿਹਤ ਅਧਿਕਾਰੀਆਂ ਅਨੁਸਾਰ ਨਵੰਬਰ ਦੇ ਅੱਧ ਤੱਕ ਹੀ ਅਲਬਰਟਾ ਚਿਲਡਰਨ ਹਸਪਤਾਲ ਦੇ ਐਮਰਜੈਂਸੀ ਵਿਭਾਗ ਅੰਦਰ ਇੱਕ ਦਿਨ ਵਿੱਚ 300 ਤੋਂ ਵੱਧ ਮਰੀਜਾਂ ਨੂੰ ਦੇਖ ਰਿਹਾ ਸੀ। ਪਰ ਹੁਣ ਵੇਟਿੰਗ ਰੂਮ ਲਈ ਟਰੇਲਰ ਵਰਤਣੇ ਪੈ ਰਹੇ ਹਨ। ਮੌਜੂਦਾ ਸਟਾਫ ਭਾਵੇਂ ਪੂਰੀ ਤਨਦੇਹੀ ਨਾਲ ਲੰਮੀਆਂ ਸ਼ਿਫਟਾਂ ਲਗਾਕੇ ਮਰੀਜਾਂ ਦੀ ਦੇਖਭਾਲ ਵਿੱਚ ਲੱਗਾ ਹੋਇਆ ਹੈ ਪਰ ਕਿਤੇ ਨਾ ਕਿਤੇ ਉਹਨਾਂ ਸਰਕਾਰਾਂ ਦੀ ਕੋਤਾਹੀ ਵੀ ਅਜਿਹੇ ਹਾਲਾਤਾਂ ਲਈ ਜਰੂਰ ਜਿੰਮੇਬਾਰ ਹੈ ਜਿਹਨਾਂ ਨੇ ਕੋਵਿਡ ਵਰਗੀ ਮਹਾਮਾਰੀ ਦੇ ਹੁੰਦਿਆਂ ਵੀ ਹਸਪਤਾਲਾਂ ਅੰਦਰ ਨਰਸਾਂ ਦੀ ਘਾਟ ਨੂੰ ਪੂਰਾ ਤਾਂ ਕੀ ਕਰਨਾ ਸੀ ਸਗੋਂ ਇਸ ਘਾਟੇ ਨੂੰ ਹੋਰ ਘਾਟੇ ਵਿੱਚ ਰੱਖਿਆ।

# ਕੈਨੇਡਾ ਤੋਂ ਅੰਮ੍ਰਿਤਸਰ ਨੂੰ ਸਿੱਧੀ ਉਡਾਣ ਦਾ ਮਸਲਾ ਇੱਕ ਵਾਰ ਫ਼ਿਰ ਤੋਂ ਚਰਚਾ ਵਿੱਚ ਆ ਗਿਆ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਸਰਕਾਰ ਵੱਲੋਂ ਭਾਰਤ ਨੂੰ ਜਾਣ ਵਾਲੀਆਂ ਉਡਾਣਾਂ ਬਾਬਤ ਇੱਕ ਅਹਿਮ ਫ਼ੈਸਲਾ ਲੈਂਦਿਆਂ ਏਅਰ ਟਰਾਂਸਪੋਰਟ ਐਗਰੀਮੈਂਟ ਵਿੱਚ ਕੁੱਝ ਤਬਦੀਲੀਆਂ ਕੀਤੀਆਂ ਗਈਆਂ ਹਨ, ਜਿਸ ਨਾਲ ਕੈਨੇਡਾ ਤੋਂ ਅੰਮ੍ਰਿਤਸਰ ਨੂੰ ਸਿੱਧੀ ਉਡਾਣ ਦਾ ਮਸਲਾ ਇੱਕ ਵਾਰ ਫ਼ਿਰ ਤੋਂ ਚਰਚਾ ਵਿੱਚ ਆ ਗਿਆ ਹੈ। ਕੈਨੇਡਾ ਦੇ ਟਰਾਂਸਪੋਰਟ ਮਿਨਿਸਟਰ ਉਮਰ ਅਲਗ਼ਬਰਾ ਨੇ ਘੋਸ਼ਣਾ ਕਰਦਿਆਂ ਕਿਹਾ ਕਿ ਹੁਣ ਦੋਵੇਂ ਦੇਸ਼ਾਂ ਦਰਮਿਆਨ ਅਣਗਿਣਤ ਹਵਾਈ ਉਡਾਣਾਂ ਆ ਜਾ ਸਕਣਗੀਆਂ। ਇਸਤੋਂ ਪਹਿਲਾਂ ਹਫ਼ਤੇ ਵਿੱਚ ਸਿਰਫ਼ 35 ਉਡਾਣਾਂ ਜਾ ਸਕਦੀਆਂ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਅਤੇ ਭਾਰਤ ਦਰਮਿਆਨ ਹਵਾਈ ਸਮਝੌਤਾ 1982 ਦੌਰਾਨ ਹੋਇਆ ਸੀ ਅਤੇ 2011 ਵਿੱਚ ਇਸ ਵਿੱਚ ਵਿਸਥਾਰ ਕੀਤਾ ਗਿਆ ਸੀ। ਕੈਨੇਡੀਅਨ ਸਰਕਾਰ ਵੱਲੋਂ ਸਮਝੌਤੇ ਵਿੱਚ ਕੀਤੇ ਵਿਸਥਾਰ ਮੁਤਾਬਿਕ ਕੈਨੇਡੀਅਨ ਉਡਾਣਾਂ ਹੁਣ ਦਿੱਲੀ ਤੋਂ ਇਲਾਵਾ ਬੈਂਗਲੌਰ, ਚੇਨਈ, ਹੈਦਰਾਬਾਦ, ਕਲਕੱਤਾ ਅਤੇ ਮੁੰਬਈ ਦੇ ਹਵਾਈ ਅੱਡਿਆ 'ਤੇ ਉੱਤਰ ਸਕਣਗੀਆਂ। ਇਸੇ ਤਰ੍ਹਾਂ ਭਾਰਤੀ ਉਡਾਣਾਂ, ਟੋਰੌਂਟੋ, ਮੌਂਟਰੀਅਲ, ਐਡਮੰਟਨ ਅਤੇ ਵੈਨਕੂਵਰ ਸਮੇਤ ਭਾਰਤ ਵੱਲੋਂ ਚੁਣੇ ਗਏ ਦੋ ਹੋਰ ਹਵਾਈ ਅੱਡਿਆ 'ਤੇ ਪਹੁੰਚ ਸਕਣਗੀਆਂ। ਪਰ ਟਰਾਂਸਪੋਰਟ ਐਗਰੀਮੈਂਟ ਵਿੱਚ ਹੋਏ ਵਿਸਥਾਰ ਵਿੱਚ ਅੰਮ੍ਰਿਤਸਰ ਹਵਾਈ ਅੱਡੇ ਦਾ ਨਾਮ ਨਾ ਹੋਣ ਕਾਰਨ ਪੰਜਾਬੀ ਭਾਈਚਾਰਾ ਨਿਰਾਸ਼ ਹੈ। ਕੈਨੇਡਾ ਤੋਂ ਪੰਜਾਬ ਨੂੰ ਸਿੱਧੀ ਉਡਾਣ ਦੀ ਮੰਗ ਬੜੇ ਲੰਬੇ ਸਮੇਂ ਤੋਂ ਲਟਕ ਰਹੀ ਹੈ। ਭਾਰਤੀ ਮੂਲ ਦੇ ਬਹੁਤ ਸਾਰੇ ਕਨੇਡੀਅਨ ਮੈਂਬਰ ਪਾਰਲੀਮੈਂਟ ਵੱਲੋਂ ਵੀ ਹਾਊਸ ਆਫ਼ ਕਾਮਨਜ਼ ਵਿੱਚ ਇਸ ਮਸਲੇ ਨੂੰ ਬੀਤੇ ਸਮੇਂ ਦੌਰਾਨ ਉਠਾਇਆ ਜਾਂਦਾ ਰਿਹਾ ਹੈ।

# "ਕੇਲਿਆਂ ਵਿੱਚ ਕੋਕੀਨ" ਇਹ ਕਿਸੇ ਫਿਲਮ ਦੀ ਕਹਾਣੀ ਨਹੀਂ ਸਗੋਂ ਇਹ ਕਹਾਣੀ ਤਾਂ ਇੱਕ ਪੰਜਾਬੀ ਟਰੱਕ ਡਰਾਈਵਰ ਦੁਆਲੇ ਘੁੰਮਦੀ ਦੱਸੀਦੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੇਲਿਆਂ ਵਿੱਚ ਕੋਕੀਨ -ਦੇਖਣ ਨੂੰ ਭਾਵੇਂ ਇਹ ਫਿਲਮੀ ਜਿਹਾ ਡਾਇਲਾਗ ਮਹਿਸੂਸ ਹੁੰਦਾ ਹੈ ਪਰ ਇਸ ਨੂੰ ਕੈਲਗਰੀ ਦੇ ਹੀ ਇੱਕ ਪੰਜਾਬੀ ਮੂਲ ਦੇ ਟਰੱਕ ਡਰਾਈਵਰ ਨੇ ਸੱਚ ਕਰ ਦਿਖਾਇਆ ਹੈ। ਅਮਰੀਕਾ ਤੋਂ ਕਨੇਡਾ ਦਾਖਿਲ ਹੁੰਦਿਆਂ ਅਲਬਰਟਾ ਸੂਬੇ ਅੰਦਰ ਕਾਊਟਸ ਬਾਰਡਰ ਪੈਂਦਾ ਹੈ। ਜਿੱਥੋਂ ਟਰੱਕਾਂ ਦੀ ਆਵਾਜਾਈ ਵੱਡੀ ਗਿਣਤੀ ਵਿੱਚ ਰਹਿੰਦੀ ਹੈ। ਪਰ 6 ਨਵੰਬਰ 2022 ਵਾਲੇ ਦਿਨ ਜਦੋਂ ਕਨੇਡੀਅਨ ਬਾਰਡਰ ਸਕਿਊਰਿਟੀ ਏਜੰਸੀ ਦੇ ਅਫਸਰਾਂ ਨੇ ਇੱਕ ਟਰੱਕ ਦੀ ਤਲਾਸੀ ਲਈ ਤਾਂ ਉਸ ਵਿੱਚ ਕੇਲਿਆਂ ਦਾ ਲੋਡ ਲੱਦਿਆ ਹੋਇਆ ਸੀ। ਇਸ ਤੋਂ ਪਹਿਲਾਂ ਕਿ ਪੁਲਿਸ ਵਾਲੇ ਕੇਲੇ ਨੂੰ ਛਿਲਦੇ ਤਾਂ ਵਿੱਚੋਂ ਕੇਲਾ ਹੀ ਨਿਕਲਣਾ ਸੀ ਪਰ ਕੇਲਿਆਂ ਵਾਲੇ ਬਕਸਿਆਂ ਦੇ ਵਿੱਚ ਬੜੇ ਹੀ ਯੋਜਨਾਵੱਧ ਤਰੀਕੇ ਨਾਲ ਕੋਕੀਨ ਲੁਕਾਈ ਹੋਈ ਸੀ। ਆਰ ਸੀ ਐਮ ਪੀ ਦੇ ਦੱਸਣ ਮੁਤਾਬਿਕ ਇਸ ਦਾ ਵਜਨ 43 ਕਿਲੋਗਰਾਮ ਅਤੇ ਇਸ ਟਰੱਕ ਦਾ ਡਰਾਈਵਰ ਵੀ ਪੰਜਾਬੀ ਮੂਲ ਦਾ ਹੀ ਗੁਰਕੀਰਤ ਸਿੰਘ ਨਾਂ ਨੌਜਵਾਨ ਹੈ, ਜਿਸਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਕਨੇਡੀਅਨ ਬਾਰਡਰ ਸਕਿਊਰਿਟੀ ਏਜੰਸੀ ਦੇ ਖੇਤਰੀ ਡਾਇਰੈਕਟਰ ਜਨਰਲ ਬ੍ਰੈਡ ਵੋਜ਼ਨੀ ਨੇ ਕਿਹਾ, "ਸਰਹੱਦ 'ਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਨੂੰ ਰੋਕ ਕੇ, ਅਸੀਂ ਕੈਨੇਡੀਅਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਜੋਖਮ ਨੂੰ ਘਟਾ ਰਹੇ ਹਾਂ ਅਤੇ ਆਪਣੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖ ਰਹੇ ਹਾਂ। ਹਾਲੇ ਬੀਤੇ ਦਿਨ ਹੀ ਟਰਾਂਟੋ ਤੋਂ ਵੀ 7 ਕਵਿੰਟਲ ਦੇ ਕਰੀਬ ਨਸ਼ੀਲੇ ਪਦਾਰਥ ਫੜੇ ਗਏ ਸਨ ਜਿਹਨਾਂ ਦੀ ਬਜਾਰੂ ਕੀਮਤ ਲੱਗਪੱਗ 58 ਮਿਲੀਅਨ ਡਾਲਰ ਦੇ ਕਰੀਬ ਬਣਦੀ ਹੈ। ਪੁਲੀਸ ਵੱਲੋਂ ਨਿੱਤ ਦਿਹਾੜੇ ਇੰਨੀ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਬਰਾਮਦਗੀ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੀ ਇਸ ਧੰਦੇ ਵਿੱਚ ਸਮੂਲੀਅਤ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ।

# ਬਰੈਮਪਟਨ ਸ਼ਹਿਰ ਚ ਪਟਾਕੇ ਬੈਨ ਕਰਨ ਸਬੰਧੀ ਸਰਬਸੰਮਤੀ ਨਾਲ ਮੋਸ਼ਨ ਪਾਸ ਹੋਇਆ

ਬਰੈਮਪਟਨ (ਪੰਜਾਬੀ ਅਖ਼ਬਾਰ ਬਿਊਰੋ) ਬਰੈਮਪਟਨ ਦੇ ਸਿਟੀ ਕੌਂਸਲਰ ਡੈਨਿਸ ਕੀਨਨ,ਨੇ ਬੀਤੇ ਦਿਨੀ ਕੌਂਸਲ ਮੀਟਿੰਗ ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ ਸੀ ਜੋ ਬਰੈਂਪਟਨ ਵਿੱਚ ਵਸਨੀਕਾਂ ਨੂੰ ਪਟਾਕਿਆਂ ਦੀ ਵਰਤੋਂ ਕਰਨ ਜਾਂ ਖਰੀਦਣ 'ਤੇ ਪਾਬੰਦੀ ਲਗਾਉਣ ਦੀ ਸਿਫਾਰਸ ਕਰਦਾ ਸੀ। ਜਿਸ ਨੂੰ ਕੌਂਸਲਰਾਂ ਦੀ ਸਹਿਮਤੀ ਨਾਲ ਪਾਸ ਕਰ ਦਿੱਤਾ ਗਿਆ। ਨਵੇਂ ਨਿਯਮਾਂ ਦੇ ਤਹਿਤ, ਬਰੈਂਪਟਨ ਵਿੱਚ ਪਟਾਕੇ ਚਲਾਉਣ 'ਤੇ 350 ਡਾਲਰ ਤੋਂ ਲੈਕੇ $500 ਤੱਕ ਜੁਰਮਾਨਾ ਹੋ ਸਕਦਾ ਹੈ, ਅਤੇ ਪਟਾਕੇ ਵੇਚਣ 'ਤੇ ਇਹੀ ਜੁਰਮਾਨਾ 350 ਡਾਲਰ ਤੋਂ ਲੈਕੇ $1,000 ਡਾਲਰ ਹੋ ਸਕਦਾ ਹੈ। ਨਵੇਂ ਉਪ-ਨਿਯਮ ਦੇ ਤਹਿਤ ਬਰੈਂਪਟਨ ਵਿੱਚ ਪਟਾਕਿਆਂ ਦੀ ਵਰਤੋਂ ਕਰਨ ਲਈ ਸਿਰਫ਼ ਫਿਲਮ ਇੰਡਸਟਰੀ ਅਤੇ ਸਿਟੀ ਨੂੰ ਪਰਮਿਟ ਲੈਣ ਦੀ ਇਜਾਜ਼ਤ ਹੋਵੇਗੀ। ਨਵੀਂ ਕੌਂਸਲ ਦੇ ਮੇਅਰ ਪੈਟਰਿਕ ਬ੍ਰਾਊਨ ,ਡਿਪਟੀ ਮੇਅਰ ਹਰਕੀਰਤ ਸਿੰਘ ਰਿਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਮਾਈਕਲ ਪਲੈਸਚੀ ,ਪਾਲ ਵਿਸੇਂਟ ,ਰੋਵੇਨਾ ਸੈਂਟੋਸ, ਨਵਜੀਤ ਕੌਰ ਬਰਾੜ ,ਰੌਡ ਪਾਵਰ ,ਮਾਰਟਿਨ ਮੇਡੀਰੋਜ਼ ,ਪੈਟ ਫੋਰਟੀਨੀ ਦੁਆਰਾ ਇਸ ਮਤਾ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਸਾਲ 2022 ਵਿੱਚ ਬਰੈਮਪਟਨ ਸਿਟੀ ਨੂੰ ਪਟਾਕਿਆਂ ਦੀ ਦੁਰਵਰਤੋਂ ਸਬੰਧੀ 1500 ਸਿਕਾਇਤਾਂ ਆਈਆ ਹਨ ਜਿਹਨਾਂ ਵਿੱਚ 1000 ਕਾਲਾਂ ਅਕਤੂਬਰ ਮਹੀਨੇ ਇਕੱਲਿਆਂ ਦੀਵਾਲੀ ਮੌਕੇ ਹੀ ਆਈਆਂ ਸਨ। ਯਾਦ ਰਹੇ ਸ਼ਹਿਰ ਵਿੱਚ ਦਿਵਾਲੀ ਮੌਕੇ ਚੱਲੇ ਅਥਾਹ ਪਟਾਕਿਆਂ ਦੀ ਸਾਰੇ ਪਾਸੇ ਤੋ ਨਿੰਦਾ ਹੋਈ ਸੀ।

# ਅਖੇ 1971 ਵਿੱਚ ਭਾਰਤੀ ਫੌਜ ਅੱਗੇ ਹੱਥ ਖੜੇ ਕਰਨ ਵਾਲੇ 92,000 ਨਹੀਂ ਸਗੋਂ 34,000 ਹੀ ਸਨ- ਬਾਜਵਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸੇਵਾ ਮੁਕਤ ਹੋ ਰਹੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਨੇ ਬੰਗਲਾਦੇਸ਼ ਦੇ ਉਭਾਰ ਅਤੇ ਉੱਥੇ ਪਾਕਿਸਤਾਨੀ ਫੌਜ ਦੇ ਜਵਾਨਾਂ ਭਾਰੀ ਫੌਜ ਸਾਹਮਣੇ ਆਤਮ ਸਮਰਪਣ ਨੂੰ ਲੈ ਕੇ ਬਿਆਨ ਦਿੱਤਾ ਹੈ। ਉਨ੍ਹਾਂ ਆਖਿਆ ਕਿ 1971 ਦੀ ਜੰਗ ਵਿੱਚ ਸਿਰਫ਼ 34,000 ਪਾਕਿਸਤਾਨੀ ਫ਼ੌਜੀਆਂ ਨੇ ਭਾਰਤੀ ਫ਼ੌਜ ਅੱਗੇ ਆਤਮ ਸਮਰਪਣ ਕੀਤਾ ਸੀ।ਜਦਕਿ ਭਾਰਤ ਵੱਲੋਂ ਦੱਸਿਆ ਗਿਆ ਹੈ ਕਿ 1971 ਦੀ ਜੰਗ ਵਿੱਚ 90 ਹਜ਼ਾਰ ਤੋਂ ਵੱਧ ਪਾਕਿਸਤਾਨੀ ਫ਼ੌਜੀਆਂ ਨੇ ਭਾਰਤੀ ਫ਼ੌਜ ਅੱਗੇ ਆਤਮ ਸਮਰਪਣ ਕੀਤਾ ਸੀ। ਬਾਜਵਾ ਨੇ ਆਖਿਆ ਕਿ 1971 'ਚ ਪਾਕਿਸਤਾਨ ਦੀ ਹੋਈ ਹਾਰ ਫੌਜੀ ਖਾਮੀਆਂ ਦਾ ਨਤੀਜਾ ਨਹੀਂ, ਸਗੋਂ ਸਿਆਸੀ ਅਸਫਲਤਾ ਸੀ। ਇਸ ਦੌਰਾਨ ਪਾਕਿਸਤਾਨੀ ਫੌਜ ਦੇ 92 ਹਜ਼ਾਰ ਨਹੀਂ ਸਗੋਂ 34 ਹਜ਼ਾਰ ਜਵਾਨਾਂ ਨੇ ਭਾਰਤੀ ਫੌਜ ਦੇ ਸਾਹਮਣੇ ਆਤਮ ਸਮਰਪਣ ਕੀਤਾ ਸੀ। ਉਨ੍ਹਾਂ ਕਿਹਾ ਕਿ ਬਾਕੀ ਪਾਕਿਸਤਾਨ ਦੇ ਹੋਰ ਵਿਭਾਗਾਂ ਦੇ ਸਨ, ਜੋ ਉਸ ਸਮੇਂ ਢਾਕਾ ਵਿੱਚ ਤਾਇਨਾਤ ਸਨ, ਨੇ ਆਤਮ ਸਮਰਪਣ ਕਰ ਦਿੱਤਾ ਸੀ। ਉਧਰ ਮਾਹਰਾਂ ਦਾ ਮੰਨਣਾ ਹੈ ਕਿ ਸੇਵਾ ਮੁਕਤੀ ਤੋਂ ਪਹਿਲਾਂ ਬਾਜਵਾ ਜਾਣ ਬੁਝ ਕੇ ਇੱਕ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਅਲਬਰਟਾ ਸਰਕਾਰ ਵੱਲੋਂ ਵੀ ਢਾਈ ਮਿਲੀਅਨ ਡਾਲਰ ਦੇ ਕਰੀਬ ਮਹਿੰਗਾਈ ਕਾਰਣ ਰਾਹਤ ਫੰਡ ਦਾ ਐਲਾਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੂਰੇ ਕੈਨੇਡਾ ਵਿੱਚ ਇਸ ਵਕਤ ਲੋਕ ਮਹਿੰਗਾਈ ਤੋਂ ਬੁਰੀ ਤਰਾਂ ਪਰੇਸ਼ਾਨ ਹਨ ਅਤੇ ਮਹਿੰਗਾਈ ਦਾ ਆਮ ਲੋਕਾਂ ਦੀ ਜ਼ਿੰਦਗੀ ਤੇ ਕਿਸ ਤਰ੍ਹਾਂ ਦਾ ਅਸਰ ਪੈ ਰਿਹਾ ਹੈ ਇਸ ਬਾਰੇ ਅਸੀਂ ਖ਼ਬਰਾਂ ਪਹਿਲਾਂ ਵੀ ਛਾਪਦੇ ਰਹਿੰਦੇ ਹਾਂ। ਫੈਡਰਲ ਸਰਕਾਰ ਤੋਂ ਲੈ ਕੇ ਸੂਬਾਈ ਸਰਕਾਰਾਂ ਤੱਕ ਆਪੋ ਆਪਣੇ ਪੱਧਰ ਤੇ ਲੋਕਾਂ ਨੂੰ ਰਾਹਤ ਦੇਣ ਦੇ ਯਤਨ ਕਰ ਰਹੀਆਂ ਹਨ। ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਵੱਡਾ ਕਦਮ ਚੁੱਕਦਿਆਂ 2.4 ਬਿਲੀਅਨ ਡਾਲਰ ਦੇ ਮਹਿੰਗਾਈ ਰਾਹਤ ਐਕਟ ਦਾ ਐਲਾਨ ਕੀਤਾ ਗਿਆ ਹੈ। ਪ੍ਰੀਮੀਅਰ ਨੇ ਇੱਕ ਪ੍ਰੀ ਰਿਕਾਰਡਡ ਵੀਡਿ? ਮੈਸੇਜ ਰਾਹੀਂ ਸੂਬਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਹੈ ਅਗਲੇ 6 ਮਹੀਨਿਆਂ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਬਜ਼ੁਰਗਾਂ ਲਈ 600 ਡਾਲਰ ਪ੍ਰਤੀ ਮਹੀਨਾ ਦੀ ਮਦਦ ਦਿੱਤੀ ਜਾਵੇਗੀ। ਪ੍ਰੀਮੀਅਰ ਨੇ ਆਖਿਆ ਕਿ ਮਹਿੰਗਾਈ ਦੀ ਇਸ ਸਮੱਸਿਆ ਨੂੰ ਅਸੀਂ ਇੱਕਲੇ ਹੱਲ ਨਹੀਂ ਕਰ ਸਕਦੇ ਪਰ ਸੂਬੇ ਦੀ ਮਜ਼ਬੂਤ ਵਿੱਤੀ ਹਾਲਤ ਅਤੇ ਸੰਤੁਲਿਤ ਬਜਟ ਦੇ ਚਲਦਿਆਂ ਸੂਬੇ ਦੇ ਲੋਕਾਂ ਦੀ ਆਰਥਿਕ ਮਦਦ ਕੀਤੀ ਜਾ ਰਹੀ ਹੈ। ਪ੍ਰੀਮੀਅਰ ਸਮਿੱਥ ਨੇ ਅਗਲੇ 6 ਮਹੀਨਿਆਂ ਲਈ ਸੂਬਾਈ ਫਿਊਲ ਟੈਕਸ ਮਾਫ਼ ਕਰਨ ਦਾ ਵੀ ਐਲਾਨ ਕੀਤਾ ਹੈ ਜੋ 13 ਸੈਂਟ ਪ੍ਰਤੀ ਲੀਟਰ ਬਣਦਾ ਹੈ। ਇਸ ਤੋਂ ਇਲਾਵਾ ਘਰਾਂ ਪੇਂਡੂ ਫਾਰਮਾਂ ਅਤੇ ਵਪਾਰਕ ਅਦਾਰਿਆਂ ਦੇ ਬਿਜਲੀ ਬਿੱਲਾਂ ਵਿਚ 200 ਡਾਲਰ ਦੀ ਰਾਹਤ ਦੇਣ ਦਾ ਵੀ ਐਲਾਨ ਕੀਤਾ ਗਿਆ।

# ਜਸਟਿਨ ਟਰੂਡੋ ਨੇ ਐਮਰਜੈਂਸੀ ਐਕਟ ਲਾਗੂ ਕਰਨ ਨੂੰ ਜਾਇਜ਼ ਦੱਸਿਆ ਹੈ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਵਿਰੁੱਧ ਕੱਢੇ ਗਏ ਆਜ਼ਾਦੀ ਮਾਰਚ ਜਾਂ ਫਰੀਡਮ ਕੌਨਵੌਏ ਵੱਲੋਂ ਕੀਤੇ ਗਏ ਮੁਜ਼ਾਹਰਿਆਂ ਨੂੰ ਰੋਕਣ ਲਈ ਐਮਰਜੰਸੀ ਐਕਟ ਲਾਗੂ ਕਰਨ ਦੇ ਮਾਮਲੇ ਦੀ ਚੱਲ ਰਹੀ ਜਨਤਕ ਜਾਂਚ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਗਵਾਹੀ ਲਈ ਕਮਿਸ਼ਨ ਅੱਗੇ ਪੇਸ਼ ਹੋਏ। ਇਸ ਪਬਲਿਕ ਆਰਡਰ ਐਮਰਜੰਸੀ ਕਮਿਸ਼ਨ ਦੀ ਛੇ ਹਫਤਿਆਂ ਤੱਕ ਚੱਲੀ ਸੁਣਵਾਈ ਦਾ ਇਹ ਅੰਤਮ ਦਿਨ ਸੀ ਅਤੇ ਜਸਟਿਨ ਟਰੂਡੋ ਇਸ ਮਾਮਲੇ ਵਿੱਚ ਗਵਾਹੀ ਦੇਣ ਵਾਲੇ ਆਖਰੀ ਸ਼ਖ਼ਸ ਸਨ। ਵਰਨਣਯੋਗ ਹੈ ਕਿ ਡਾਊਨਟਾਊਨ ?ਟਵਾ ਤੇ ਕਈ ਹੋਰਨਾਂ ਬਾਰਡਰ ਲਾਂਘਿਆਂ ਉੱਤੇ ਫਰੀਡਮ ਕੌਨਵੌਏ ਦੇ ਮੈਂਬਰਾਂ ਵੱਲੋਂ ਕੀਤੇ ਗਏ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਐਮਰਜੰਸੀ ਐਕਟ ਲਾਗੂ ਕੀਤੇ ਜਾਣ ਦੇ ਮਾਮਲੇ ਦੀ ਚੱਲ ਰਹੀ ਸੁਣਵਾਈ ਵਿੱਚ ਸੱਤ ਲਿਬਰਲ ਮੰਤਰੀ ਇਸ ਤੋਂ ਪਹਿਲਾਂ ਪੇਸ਼ ਹੋ ਕੇ ਆਪਣਾ ਪੱਖ ਰੱਖ ਚੁੱਕੇ ਹਨ। ਜਿੰਨਾ ਮੁਤਾਬਕ 14 ਫਰਵਰੀ ਨੂੰ ਐਮਰਜੰਸੀ ਐਕਟ ਲਾਗੂ ਕਰਨਾ ਇਸ ਲਈ ਜ਼ਰੂਰੀ ਸੀ ਕਿਉਂਕਿ ਕੈਨੇਡਾ ਦੀ ਸਕਿਊਰਿਟੀ, ਅਰਥਚਾਰਾ ਤੇ ਕੌਮਾਂਤਰੀ ਸਾਖ਼ ਦਾਅ ਉੱਤੇ ਲੱਗੀ ਹੋਈ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਐਮਰਜੈਂਸੀ ਐਕਟ ਲਾਗੂ ਕੀਤੇ ਜਾਣ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ।

# ਸੰਯੁਕਤ ਰਾਸ਼ਟਰ ਅਨੁਸਾਰ ਦੁਨੀਆਂ 'ਚ ਹਰ 11 ਮਿੰਟ ਅੰਦਰ ਇੱਕ ਲੜਕੀ ਜਾਂ ਮਹਿਲਾ ਦੀ ਹੱਤਿਆ ਹੋ ਰਹੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਕਿਹਾ ਕਿ ਦੁਨੀਆਂ ਵਿਚ ਹਰ 11 ਮਿੰਟ ਅੰਦਰ ਇੱਕ ਮਹਿਲਾ ਜਾਂ ਲੜਕੀ ਦੀ ਉਸ ਦੇ ਕਰੀਬੀ ਸਾਥੀ ਜਾਂ ਪਰਿਵਾਰ ਦੇ ਮੈਂਬਰ ਵੱਲੋਂ ਹੱਤਿਆ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਖ਼ਿਲਾਫ਼ ਹਿੰਸਾ ਦੁਨੀਆ ਵਿੱਚ 'ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ' ਹੈ ਤੇ ਉਨ੍ਹਾਂ ਸਰਕਾਰਾਂ ਨੂੰ ਸੱਦਾ ਦਿੱਤਾ ਕਿ ਇਸ ਅਲਾਮਤ ਨਾਲ ਨਜਿੱਠਣ ਲਈ ਕੌਮੀ ਐਕਸ਼ਨ ਪਲਾਨ ਲਾਗੂ ਕੀਤਾ ਜਾਵੇ। ਉਹ 25 ਨਵੰਬਰ ਨੂੰ ਮਨਾਏ ਜਾਂਦੇ 'ਮਹਿਲਾਵਾਂ ਖ਼ਿਲਾਫ਼ ਹਿੰਸਾ ਦਾ ਖਾਤਮਾ' ਦਿਵਸ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਗੁਟੇਰੇਜ਼ ਨੇ ਕਿਹਾ, 'ਦੁਨੀਆ 'ਚ ਮਹਿਲਾਵਾਂ ਤੇ ਲੜਕੀਆਂ ਖ਼ਿਲਾਫ਼ ਹਿੰਸਾ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ ਹੈ। ਉਨਾ ਦੱਸਿਆ ਕਿ ਇੱਕਲੇ ਸਾਲ 2021 ਦੇ ਦੌਰਾਨ ਹੀ ਵਿਸ਼ਵ ਭਰ 'ਚ 45000 ਲੜਕੀਆਂ ਜਾਂ ਮਹਿਲਾਵਾਂ ਦੀ ਹੱਤਿਆ ਕਰ ਦਿੱਤੀ ਗਈ।' ਗੁਟੇਰੇਜ਼ ਦੀਆਂ ਟਿੱਪਣੀਆਂ ਹਾਲ ਹੀ 'ਚ ਭਾਰਤ ਵਿੱਚ ਸ਼ਰਧਾ ਵਾਲਕਰ ਦੀ ਹੱਤਿਆ ਮਾਮਲੇ ਦੀ ਪਿੱਠਭੂਮੀ 'ਚ ਆਈ ਹੈ ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ।

























## ਸੰਪਾਦਕੀ



ਜਿੱਥੇ ਇੱਛਾ, ਉੱਥੇ ਤਬਦੀਲੀ
-ਐਸ਼ਲੇ ਬਰੀਲੀਐਂਟ

# ਪੰਜਾਬ ਵਿੱਚ ਅਰਾਜਕਤਾ ਵਰਗਾ ਮਾਹੌਲ

ਲੋਕਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਵਿੱਚ ਅਪਰਾਧੀਆਂ ਨੇ ਨੱਥ ਪਵੇਗੀ। ਪਰ ਹਕੀਕਤ ਇਹ ਹੈ ਕਿ ਜੇਲ੍ਹਾਂ ਤੋਂ ਬਾਹਰ ਬੈਠੇ ਅਪਰਾਧੀ ਤਾਂ ਸੂਬੇ ਦਾ ਮਾਹੌਲ ਖਰਾਬ ਕਰਦੇ ਹੀ ਹਨ, ਨਾਲ-ਨਾਲ ਜੇਲ੍ਹਾਂ ਅੰਦਰ ਸਜ਼ਾ ਕੱਟ ਰਹੇ ਅਪਰਾਧੀ ਵੀ ਆਪਣੇ ਗੈਂਗ ਵੀ ਚਲਾ ਰਹੇ ਹਨ ਅਤੇ ਆਪਣੀਆਂ ਅਪਰਾਧੀਆਂ ਸਰਗਰਮੀਆਂ ਵੀ ਧੜੱਲੇ ਨਾਲ ਚਲਾ ਰਹੇ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਕਿਸ ਪੱਧਰ ਤੱਕ ਦੀ ਅਰਾਜਕਤਾ ਦਾ ਮਾਹੌਲ ਹੈ, ਇਹ ਤੱਥ ਕਿਸੇ ਤੋਂ ਲੁਕਿਆ-ਛਿਪਿਆ ਨਹੀਂ ਹੈ। ਨਿੱਤ ਸੂਬੇ ਦੀ ਕਿਸੇ ਨਾ ਕਿਸੇ ਜੇਲ੍ਹ 'ਚੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜੇਲ੍ਹ ਅਧਿਕਾਰੀ, ਪ੍ਰਸ਼ਾਸਨ ਤੇ ਸਰਕਾਰ ਹਾਲੇ ਵੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭ ਹੀ ਰਹੇ ਹਨ ਕਿ ਹੁਣ ਉਨ੍ਹਾਂ ਦੇ ਸਾਹਮਣੇ ਇੱਕ ਨਵੀਂ ਚੁਣੌਤੀ ਖੜ੍ਹੀ ਹੋ ਗਈ ਹੈ। ਇਹ ਨਵੀਂ ਚੁਣੌਤੀ ਮਿੰਨੀ ਮੋਬਾਈਲ ਫੋਨ ਹੈ ਜਿਸ ਦੀ ਵਰਤੋਂ ਜੇਲ੍ਹਾਂ 'ਚ ਕੈਦੀਆਂ ਵੱਲੋਂ ਨਿਰੰਤਰ ਵਧਦੀ ਜਾ ਰਹੀ ਹੈ। ਸੱਤ ਸੈਂਟੀਮੀਟਰ ਤੋਂ ਵੀ ਘੱਟ ਲੰਬਾਈ, ਤਿੰਨ ਸੈਂਟੀਮੀਟਰ ਚੌੜਾਈ ਤੇ ਇੱਕ ਹਜ਼ਾਰ ਤੋਂ ਵੀ ਘੱਟ ਕੀਮਤ ਵਿੱਚ ਉਪਲਬਧ ਇਹ ਫੋਨ ਕੈਦੀਆਂ ਤੱਕ ਆਸਾਨੀ ਨਾਲ ਪੁੱਜ ਰਿਹਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਸ ਨੂੰ ਲੁਕਾਉਣਾ ਬਹੁਤ ਸੌਖਾ ਹੈ। ਜਦੋਂ ਵੀ ਜੇਲ੍ਹਾਂ 'ਚ ਕਦੇ ਅਚਾਨਕ ਨਿਰੀਖਣ ਹੁੰਦਾ ਹੈ ਤਾਂ ਕੈਦੀ ਇਸ ਨੂੰ ਆਸਾਨੀ ਨਾਲ ਬੈਰਕ ਦੀ ਕੰਧ ਜਾਂ ਫ਼ਰਸ਼ ਦੀਆਂ ਤਰੇੜਾਂ 'ਚ ਵੀ ਲੁਕਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ। ਇਸ ਦੇ ਬਾਵਜੂਦ ਪਿਛਲੇ ਛੇ ਮਹੀਨਿਆਂ ਦੌਰਾਨ ਅਜਿਹੇ ਲਗਪਗ ਚਾਰ ਹਜ਼ਾਰ ਮੋਬਾਈਲ ਫੋਨ ਫੜੇ ਜਾ ਚੁੱਕੇ ਹਨ। ਇਸ ਤੋਂ ਹਾਲਾਤ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਤੱਥ ਤੋਂ ਸਾਰੇ ਜਾਣੂ ਹਨ ਕਿ ਜੇਲ੍ਹ 'ਚ ਬੰਦ ਪਏ ਅਪਰਾਧੀ ਮੋਬਾਈਲ ਫੋਨਾਂ ਰਾਹੀਂ ਸੀਖਾਂ ਪਿੱਛੇ ਬੈਠ ਕੇ ਹੀ ਬਾਹਰ ਆਪਣਾ ਨੈੱਟਵਰਕ ਸੰਚਾਲਤ ਕਰਦੇ ਹਨ। ਪਿਛਲੇ ਦਿਨੀਂ ਕੋਟਕਪੂਰਾ 'ਚ ਡੇਰਾ ਪ੍ਰੇਮੀ ਦੀ ਹੱਤਿਆ ਦੀ ਸਾਜ਼ਿਸ਼ ਵੀ ਜੇਲ੍ਹ 'ਚ ਹੀ ਰਚੀ ਗਈ ਸੀ। ਇਸ ਤੋਂ ਪਹਿਲਾਂ ਵੀ ਕਈ ਵੱਡੀਆਂ ਅਪਰਾਧਕ ਸਾਜ਼ਿਸ਼ਾਂ ਜੇਲ੍ਹ ਅੰਦਰੋਂ ਹੀ ਰਚੀਆਂ ਜਾ ਚੁੱਕੀਆਂ ਹਨ। ਬੇਸ਼ੱਕ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸੂਬੇ 'ਚ ਕਾਨੂੰਨ ਤੇ ਵਿਵਸਥਾ ਦੀ ਹਾਲਤ 'ਤੇ ਲਗਾਤਾਰ ਸਵਾਲ ਖੜ੍ਹੇ ਹੋ ਰਹੇ ਹਨ। ਇਸੇ ਲਈ ਇਹ ਜ਼ਰੂਰੀ ਹੈ ਕਿ ਪੁਲਿਸ ਪ੍ਰਸ਼ਾਸਨ ਇਸ ਨਵੀਂ ਚੁਣੌਤੀ ਨਾਲ ਵੀ ਸਖ਼ਤੀ ਨਾਲ ਨਿਪਟੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਦਾਅਵਿਆਂ ਤੋਂ ਅੱਗੇ ਵਧੇ ਅਤੇ ਜੇਲ੍ਹਾਂ 'ਚ ਬੇਨਿਯਮੀਆਂ ਰੋਕਣ ਲਈ ਅਜਿਹੇ ਠੋਸ ਕਦਮ ਚੁੱਕੇ ਜੋ ਜ਼ਮੀਨੀ ਪੱਧਰ 'ਤੇ ਵੀ ਵਿਖਾਈ ਦੇਣ। ਅਜਿਹੀਆਂ ਰਿਪੋਰਟਾਂ ਵੀ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਕਿ ਬਹੁਤ ਸਾਰੇ ਗੈਂਗਸਟਰ ਜੇਲ੍ਹਾਂ ਅੰਦਰ ਬੈਠੇ ਹੀ ਆਪਣੇ ਗਿਰੋਹ ਚਲਾਉਂਦੇ ਰਹੇ ਹਨ। ਇਨ੍ਹਾਂ ਸਮਾਜ-ਵਿਰੋਧੀ ਤੱਤਾਂ ਨੂੰ ਮੋਬਾਈਲ ਤੇ ਨਸ਼ੇ ਕੌਣ ਸਪਲਾਈ ਕਰਦਾ ਹੈ, ਇਹ ਵੀ ਇੱਕ ਵੱਡਾ ਸਵਾਲ ਹੈ। ਕਈ ਵਾਰ ਕੁੱਝ ਸਰਕਾਰੀ ਸੂਤਰ ਆਪਣੇ ਬਚਾਅ ਵਿੱਚ ਅਜਿਹੀ ਦਲੀਲ ਵੀ ਦਿੰਦੇ ਹਨ ਕਿ ਜੇਲ੍ਹਾਂ ਵਿੱਚ ਮੋਬਾਈਲ ਜਾਣ-ਬੁੱਝ ਕੇ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਬਾਅਦ 'ਚ ਟੈਪ ਕਰ ਕੇ ਪਤਾ ਲਾਇਆ ਜਾ ਸਕੇ ਕਿ ਕੈਦੀ ਕਿੱਥੇ ਤੇ ਕਿੰਨ੍ਹਾਂ ਨਾਲ ਗੱਲਬਾਤ ਕਰਦੇ ਹਨ। ਹਾਲੇ ਕੁੱਝ ਦਿਨ ਪਹਿਲਾਂ ਹੀ ਫ਼ਿਰੋਜ਼ਪੁਰ ਦੇ ਇੱਕ ਡਿਪਟੀ ਜੇਲ੍ਹ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ 'ਤੇ ਕੈਦੀਆਂ ਨੂੰ ਮੋਬਾਈਲ ਫੋਨ ਤੇ ਨਸ਼ੇ ਸਪਲਾਈ ਕਰਨ ਦੇ ਦੋਸ਼ ਲਾਏ ਗਏ ਸਨ। ਉਸ ਨਾਲ ਤਿੰਨ ਹੋਰ ਜੇਲ੍ਹ ਅਧਿਕਾਰੀਆਂ ਨੂੰ ਵੀ ਹਿਰਾਸਤ 'ਚ ਲਿਆ ਗਿਆ ਸੀ। ਪਿਛਲੇ ਸਮੇਂ ਦੌਰਾਨ ਪੰਜਾਬ ਦੀਆਂ ਜੇਲ੍ਹਾਂ ਦੇ 10 ਹੋਰ ਜੇਲ੍ਹ ਅਧਿਕਾਰੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਮੈਡੀਕਲ ਅਫ਼ਸਰ ਵੱਜੋਂ ਵਿਚਰ ਰਹੇ ਦੋ ਡਾਕਟਰ ਵੀ ਸ਼ਾਮਲ ਹਨ। ਇਸ ਤੋਂ ਆਮ ਵਿਅਕਤੀ ਤਾਂ ਇਹੋ ਸਿੱਟਾ ਕੱਢੇਗਾ ਕਿ ਉੱਚ ਅਧਿਕਾਰੀ ਹੀ ਮਿਲੀਭੁਗਤ ਨਾਲ ਉਕਤ ਸਭ ਕੁੱਝ ਜਾਣ-ਬੁੱਝ ਕੇ ਕਰਵਾ ਰਹੇ ਹਨ। ਸਰਕਾਰੀ ਅਧਿਕਾਰੀਆਂ 'ਤੇ ਲੱਗਣ ਵਾਲੇ ਅਜਿਹੇ ਦੋਸ਼ ਕਾਨੂੰਨ ਤੇ ਵਿਵਸਥਾ ਲਈ ਵੀ ਘਾਤਕ ਹਨ।

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਦੇਸ਼ ਨੂੰ ਨਿਗਲ ਰਿਹਾ ਹੈ ਬੇਰੁਜ਼ਗਾਰੀ ਦਾ ਦੈਂਤ

**ਵਿਸ਼ਵ ਵਪਾਰ ਸੰਗਠਨ ਅਨੁਸਾਰ ਵਿਸ਼ਵ ਪੱਧਰ 'ਤੇ ਮੰਦੀ ਦਾ ਰੁਝਾਨ ਹੈ। 2022 'ਚ ਵਿਸ਼ਵ ਵਪਾਰ 'ਚ ਵਾਧੇ ਦੀ ਦਰ 3.5 ਫ਼ੀਸਦੀ ਰਹੇਗੀ ਜਦਕਿ 2023 ਵਿੱਚ ਇਹ ਇੱਕ ਫ਼ੀਸਦੀ ਤੱਕ ਸਿਮਟ ਜਾਏਗੀ। ਇਸਦਾ ਪ੍ਰਭਾਵ ਭਾਰਤ 'ਤੇ ਪਵੇਗਾ। ਭਾਰਤ ਵਿਚੋਂ ਐਕਸਪੋਰਟ (ਨਿਰਯਾਤ) ਘਟੇਗਾ ਅਤੇ ਇਹ ਘਾਟਾ ਰੋਜ਼ਗਾਰ ਬਜ਼ਾਰ ਵਿੱਚ ਵੱਡਾ ਅਸਰ ਪਾਏਗਾ।**



ਗੁਰਮੀਤ ਸਿੰਘ ਪਲਾਹੀ
9815802070

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 71 ਹਜ਼ਾਰ ਨੌਕਰੀਆਂ ਦੇਣ ਦੀ ਪ੍ਰੈੱਸ ਵਿੱਚ ਵੱਡੀ ਚਰਚਾ ਹੈ। ਇਵੇਂ ਲੱਗਦਾ ਹੈ ਜਿਵੇਂ ਪ੍ਰਧਾਨ ਮੰਤਰੀ ਭਾਰਤ ਵਿੱਚ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਬਹੁਤ ਸੰਜੀਦਾ ਹਨ । ਸਾਲ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਤੋ ਪਹਿਲਾਂ ਪ੍ਰਧਾਨ ਮੰਤਰੀ ਦੀ ਪਾਰਟੀ ਭਾਜਪਾ ਨੇ ਨੌਜਵਾਨਾਂ ਲਈ ਪ੍ਰਤੀ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਚਨ ਕੀਤਾ ਸੀ। ਪਰ ਪਿਛਲੇ 7-8 ਸਾਲਾਂ ਵਿੱਚ ਮੋਦੀ ਸਰਕਾਰ ਨੇ ਕਿੰਨੀਆਂ ਨੌਕਰੀਆਂ ਦਿੱਤੀਆਂ ਹਨ, ਉਹ ਕਿਸੇ ਤੋਂ ਲੁੱਕਿਆ ਛੁਪਿਆ ਨਹੀਂ । ਭਾਰਤ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦਾ ਦੈਂਤ ਨਿਗਲ ਰਿਹਾ ਹੈ। ਪਿਛਲੇ ਸਾਲਾਂ 'ਚ ਸਰਕਾਰ ਵਲੋਂ 14 ਕਰੋੜ ਨੌਕਰੀਆਂ ਦਿੱਤੀਆਂ ਜਾਣੀਆਂ ਸਨ ਪਰ ਇਹ ਗਿਣਤੀ ਤਾਂ ਏਨੇ ਸਾਲਾਂ ਚ ਮਸਾਂ ਕੁਝ ਲੱਖ ਹੀ ਬਣਦੀ ਹੈ। ਭਾਰਤ ਸਰਕਾਰ ਨੇ ਲੋਕ ਸਭਾ 'ਚ ਦੱਸਿਆ ਸੀ ਕਿ 2014 ਤੋਂ 2022 ਤੱਕ 7.22 ਲੱਖ ਲੋਕਾਂ ਨੂੰ ਨੌਕਰੀ ਦਿੱਤੀ ਗਈ ਹੈ, ਜਦਕਿ ਇਹਨਾਂ ਨੌਕਰੀਆਂ ਲਈ 22 ਕਰੋੜ ਤੋਂ ਵੀ ਜ਼ਿਆਦਾ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ। ਰੁਜ਼ਗਾਰ ਸਿਰਜਨ ਦੀ ਪ੍ਰਕਿਰਿਆ ਇੰਨੀ ਚਿੰਤਾਜਨਕ ਹੈ ਕਿ ਦੇਸ਼ ਦੇ ਅਰਥਚਾਰੇ 'ਚ ਗਿਰਾਵਟ ਕਾਰਨ ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਬੇਰੁਜ਼ਗਾਰੀ ਦੇਸ਼ ਦੇ ਹਰੇਕ ਸੂਬੇ 'ਚ ਫੰਨ ਫਲਾਈ ਬੈਠੀ ਹੈ, ਪਰ ਪੰਜਾਬ, ਹਰਿਆਣਾ 'ਚ ਬੇਰੁਜ਼ਗਾਰੀ ਦੀ ਦਰ ਰਾਸ਼ਟਰੀ ਬੇਰੁਜ਼ਗਾਰੀ ਦੀ ਦਰ ਤੋਂ ਵੱਧ ਹੈ। ਸਿੱਟੇ ਵਜੋਂ ਖ਼ਾਸ ਕਰਕੇ ਨੌਜਵਾਨਾਂ 'ਚ ਨਿਰਾਸ਼ਾ ਹੈ। ਬਿਨ੍ਹਾਂ ਸ਼ੱਕ ਕਰੋਨਾ ਕਾਰਨ ਦੇਸ਼ ਦੇ ਹਾਲਾਤ ਖ਼ਰਾਬ ਹੋਏ। ਲੋਕਾਂ ਦੇ ਰੁਜ਼ਗਾਰ ਖੁੱਸ ਗਏ। ਉਹਨਾ ਦੀ ਆਮਦਨ 'ਚ ਕਮੀ ਆਈ ਹੈ। ਪਰ ਸਰਕਾਰ ਵਲੋਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਹੋਏ। ਮੋਦੀ ਸਰਕਾਰ ਜਦੋਂ ਵੀ ਚੋਣਾਂ ਆਉਂਦੀਆਂ ਹਨ, ਵੱਡੇ-ਵੱਡੇ ਦਮਗਜੇ ਮਾਰਦੀ ਹੈ, ਲੋਕਾਂ ਨੂੰ ਭਰਮਾਉਂਦੀ ਹੈ ਅਤੇ ਵੋਟਾਂ ਪ੍ਰਾਪਤ ਕਰਕੇ ਫਿਰ ਸੁਸਰੀ ਵਾਂਗਰ ਸੌਂ ਜਾਂਦੀ ਹੈ।

2021-22 ਦੇ ਬਜ਼ਟ ਵਿੱਚ 1.97 ਲੱਖ ਕਰੋੜ ਰੁਪਏ ਪੰਜ ਸਾਲਾਂ ਦੇ ਸਮੇਂ ਲਈ ਉਤਪਾਦਨ ਅਧਾਰਿਤ ਸਹਾਇਤਾ (ਪੀ.ਐਲ.ਆਈ.) ਸ਼ੁਰੂ ਕੀਤੀ ਗਈ ਹੈ, ਇਸ ਨਾਲ ਕਿਹਾ ਜਾ ਰਿਹਾ ਸੀ ਕਿ ਨਵੇਂ ਰੁਜ਼ਗਾਰ ਪੈਦਾ ਹੋਣਗੇ, ਪਰ ਇਹ ਰਾਸ਼ੀ 140 ਕਰੋੜ ਆਬਾਦੀ ਦੀ ਵੱਡੀ ਵਰਕ ਫੋਰਸ ਲਈ ਕੀ ਕਾਫ਼ੀ ਹੈ?

ਅਸਲ ਵਿੱਚ ਮੋਦੀ ਸਰਕਾਰ ਜਿਸ ਢੰਗ ਨਾਲ ਦੇਸ਼ ਦੀ ਸਰਕਾਰ ਨੂੰ ਕਾਰਪੋਰੇਟਾਂ (ਧੰਨ ਕੁਬੇਰਾਂ) ਹੱਥ ਵੇਚ ਰਹੀ ਹੈ, ਉਸ ਨਾਲ ਸਰਕਾਰੀ ਨੌਕਰੀਆਂ ਘੱਟ ਰਹੀਆਂ ਹਨ ਅਤੇ ਵੱਡੇ ਧੰਨ ਕੁਬੇਰ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਥਾਂ ਟੈਕਨੌਲੋਜੀ ਅਧਾਰਤ ਕੰਮ ਕਰਨ 'ਤੇ ਕੰਮ ਕਰ ਰਹੇ ਹਨ, ਜਿਥੇ ਨੌਕਰੀਆਂ ਨਿੱਤ ਦਿਨ ਘੱਟ ਰਹੀਆਂ ਹਨ। ਨਿੱਜੀਕਰਨ ਜ਼ੋਰਾਂ 'ਤੇ ਹੈ। ਰੇਲਵੇ, ਬੈਂਕਾਂ ਦਾ ਨਿੱਜੀਕਰਨ ਹੋ ਰਿਹਾ ਹੈ, ਹੋਰ ਸਰਕਾਰੀ ਅਦਾਰੇ ਬੰਦ ਕੀਤੇ ਜਾ ਰਹੇ ਹਨ। ਪੇਂਡੂ ਰੁਜ਼ਗਾਰ ਦੀ ਵੱਡੀ ਸਕੀਮ "ਮਗਨਰੇਗਾ" ਲਈ ਹਰ ਸਾਲ ਫੰਡ ਘਟਾਏ ਜਾ ਰਹੇ ਹਨ। ਸਰਕਾਰੀ ਅਸਾਮੀਆਂ ਖ਼ਾਲੀ ਪਈਆਂ ਹਨ, ਭਰੀਆਂ ਨਹੀਂ ਜਾ ਰਹੀਆਂ। ਤਦ ਫਿਰ ਨੌਜਵਾਨਾਂ ਨੂੰ ਰੁਜ਼ਗਾਰ ਕਿਵੇਂ ਮਿਲੇਗਾ?

ਇੰਜ ਜਾਪਦਾ ਹੈ ਕਿ ਸਰਕਾਰੀ ਖ਼ਜ਼ਾਨੇ ਦੀਆਂ ਕੁੰਜੀਆਂ "ਕਾਰਪੋਰੇਟਾਂ" ਨੂੰ ਫੜਾਕੇ ਸਰਕਾਰ ਦੇਸ਼ ਵਾਸੀਆਂ ਖ਼ਾਸ ਕਰਕੇ ਨੌਜਵਾਨਾਂ ਨੂੰ ਧੰਨ ਕੁਬੇਰਾਂ ਦੀ ਗੁਲਾਮੀ ਦੇ ਰਾਹ ਤੋਰਨਾ ਚਾਹੁੰਦੀ ਹੈ ਤਾਂ ਕਿ ਉਹਨਾ ਦੀ ਸੋਚ ਖੁੰਡੀ ਕੀਤੀ ਜਾ ਸਕੇ ਅਤੇ ਉਹ ਆਜ਼ਾਦੀ ਦਾ



ਸੁਪਨਾ ਵੀ ਨਾ ਲੈ ਸਕਣ। ਨੌਜਵਾਨਾਂ ਨੂੰ ਮਜ਼ਬੂਰ ਕਰਕੇ ਜਾਂ ਝਾਂਸੇ ਦੇ ਕੇ ਵਿਦੇਸ਼ਾਂ ਦੇ ਰਾਹ ਪਾਇਆ ਜਾ ਰਿਹਾ ਹੈ। ਪੰਜਾਬ ਇਸਦੀ ਵੱਡੀ ਉਦਾਹਰਨ ਹੈ, ਜਿਥੋਂ ਦੇ ਲੱਖਾਂ ਨੌਜਵਾਨ "ਪੜ੍ਹਾਈ" ਦੇ ਨਾਮ ਉਤੇ ਪ੍ਰਦੇਸੀ ਹੋਕੇ ਰੁਜ਼ਗਾਰ ਭਾਲਣ ਵਿਦੇਸ਼ਾਂ 'ਚ ਜਾ ਰਹੇ ਹਨ।

ਉਂਜ ਵੀ ਸਰਕਾਰ ਇਹ ਪ੍ਰਚਾਰ ਕਰਦੀ ਹੈ ਕਿ ਨੌਜਵਾਨ ਰਾਜਨੀਤੀ 'ਚ ਹਿੱਸਾ ਨਾ ਲੈਣ। ਅਸਲ 'ਚ ਉਹਨਾ ਨੂੰ ਅਕਲ ਦੇ ਅੰਨੇ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸਲ ਮੁੱਦਾ ਤਾਂ ਇਹ ਹੈ ਕਿ ਦੇਸ਼ 'ਚ ਰਾਸ਼ਟਰਵਾਦ ਦੇ ਨਾਮ ਉਤੇ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕੀਤਾ ਜਾਵੇ ਅਤੇ ਬੇਰਜ਼ੁਗਾਰ ਨੌਜਵਾਨਾਂ ਦੀ ਫੌਜ ਫਿਰਕੂ ਤਾਕਤਾਂ ਦੀ ਮਜ਼ਬੂਤੀ ਲਈ ਵਰਤੀ ਜਾਵੇ। ਇਸ ਕੰਮ ਵਿੱਚ ਧੰਨ ਕੁਬੇਰਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ। ਨੌਜਵਾਨਾਂ ਨੂੰ ਚੰਗੀ ਤਾਲੀਮ ਨਹੀਂ ਮਿਲ ਰਹੀ, ਤਾਲੀਮ ਨਿੱਤ-ਦਿਨ ਨਿਕੰਮੀ ਅਤੇ ਫਜ਼ੂਲ ਹੁੰਦੀ ਜਾ ਰਹੀ ਹੈ। ਇਹੋ ਜਿਹੇ ਹਾਲਾਤਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੀ ਖ਼ਤਮ ਕੀਤੀਆਂ ਜਾ ਰਹੀਆਂ ਹਨ ਅਤੇ ਨੌਜਵਾਨਾਂ ਨੂੰ ਸਿਰਫ਼ ਵੱਡੇ ਧੰਨ ਕੁਬੇਰਾਂ ਲਈ ਲੇਬਰ ਕਰਨ ਜੋਗੇ ਬਣਾਈ ਰੱਖਿਆ ਜਾ ਰਿਹਾ ਹੈ।

ਹਾਕਮਾਂ ਦਾ ਨੌਜਵਾਨ ਲਈ ਹੇਜ ਵੱਡਾ ਹੈ, ਪਰ ਉਹਨਾ ਦੇ ਪੱਲੇ ਕੁਝ ਨਹੀਂ ਪਾਇਆ ਜਾ ਰਿਹਾ। ਨੌਕਰੀਆਂ ਦੇਣਾ ਤਾਂ ਸਿਰਫ਼ ਝਾਂਸਾ ਹੈ, ਅਸਲੋਂ ਬੇਰੁਜ਼ਗਾਰੀ ਦਾ ਦੈਂਤ ਉਹਨਾ ਦੁਆਲੇ ਛੱਡਿਆ ਜਾ ਰਿਹਾ ਹੈ। ਸਿੱਟੇ ਵਜੋਂ ਗਰੀਬੀ ਵਧ ਰਹੀ ਹੈ, ਮਜ਼ਦੂਰਾਂ ਦਾ ਸੋਸ਼ਣ ਵੱਧ ਰਿਹਾ ਹੈ। ਅਪਰਾਧ ਵੱਧ ਰਹੇ ਹਨ, ਰਾਜਸੀ ਅਸਥਿਰਤਾ 'ਚ ਵਾਧਾ ਹੋ ਰਿਹਾ ਹੈ, ਲੋਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਹੇ ਹਨ।

ਵਿਸ਼ਵ ਵਪਾਰ ਸੰਗਠਨ ਅਨੁਸਾਰ ਵਿਸ਼ਵ ਪੱਧਰ 'ਤੇ ਮੰਦੀ ਦਾ ਰੁਝਾਨ ਹੈ। 2022 'ਚ ਵਿਸ਼ਵ ਵਪਾਰ 'ਚ ਵਾਧੇ ਦੀ ਦਰ 3.5 ਫ਼ੀਸਦੀ ਰਹੇਗੀ ਜਦਕਿ 2023 ਵਿੱਚ ਇਹ ਇੱਕ ਫ਼ੀਸਦੀ ਤੱਕ ਸਿਮਟ ਜਾਏਗੀ। ਇਸਦਾ ਪ੍ਰਭਾਵ ਭਾਰਤ 'ਤੇ ਪਵੇਗਾ।

ਭਾਰਤ ਵਿਚੋਂ ਐਕਸਪੋਰਟ (ਨਿਰਯਾਤ) ਘਟੇਗਾ ਅਤੇ ਇਹ ਘਾਟਾ ਰੋਜ਼ਗਾਰ ਬਜ਼ਾਰ ਵਿੱਚ ਵੱਡਾ ਅਸਰ ਪਾਏਗਾ।

ਰੁਜ਼ਗਾਰ ਅੰਕੜਿਆਂ ਅਨੁਸਾਰ ਅਕਤੂਬਰ 2022 ਵਿੱਚ ਭਾਰਤ 'ਚ ਨੌਕਰੀਆਂ ਘਟੀਆਂ ਹਨ, ਬੇਰਜ਼ੁਗਾਰੀ ਦਰ ਉੱਪਰ ਉੱਠੀ ਹੈ, ਖ਼ਾਸ ਤੌਰ 'ਤੇ ਪੇਂਡੂ ਖਿੱਤੇ 'ਚ, ਖ਼ਾਸ ਕਰਕੇ ਗ਼ੈਰ-ਖੇਤੀ ਖੇਤਰ 'ਚ ਵੱਡਾ ਵਾਧਾ ਬੇਰਜ਼ੁਗਾਰੀ ਦਰ 'ਚ ਵੇਖਣ ਲਈ ਮਿਲਿਆ ਹੈ। ਇਹ ਸਥਿਤੀ ਚਿੰਤਾ ਵਧਾਉਂਦੀ ਹੈ। ਅਕਤੂਬਰ 2022 'ਚ ਬੇਰੁਜ਼ਗਾਰੀ ਦਰ 7.8 ਫ਼ੀਸਦੀ ਹੋ ਗਈ, ਜੋ ਸਤੰਬਰ 2022 'ਚ 6.4 ਫ਼ੀਸਦੀ ਸੀ। ਅਕਤੂਬਰ 2022 'ਚ 78 ਲੱਖ ਨੌਕਰੀਆਂ ਘਟੀਆ ਪਰੰਤੂ ਬੇਰੁਜ਼ਗਾਰਾਂ ਦੀ ਸੰਖਿਆ 56 ਲੱਖ ਹੀ ਵਧੀ ਅਰਥਾਤ 22 ਲੱਖ ਲੋਕ ਬਜ਼ਾਰ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਨਿਰਾਸ਼ ਹੋ ਕੇ ਘਰਾਂ ਵੱਲ ਚਾਲੇ ਪਾ ਗਏ।

ਨਵੰਬਰ 2021 ਵਿੱਚ ਖੇਤੀ ਖੇਤਰ ਵਿੱਚ 16.4 ਕਰੋੜ ਲੋਕਾਂ ਦਾ ਰੁਜ਼ਗਾਰ ਸੀ ਜੋ ਸਤੰਬਰ 2022 ਵਿੱਚ ਇਹ 13.4 ਕਰੋੜ ਰਹਿ ਗਿਆ। ਭਾਵੇਂ ਕਿ ਅਕਤੂਬਰ 2022 ਵਿੱਚ ਇਹ 13.96 ਕਰੋੜ ਹੋ ਗਿਆ। ਪਰੰਤੂ ਪਿਛਲੇ ਚਾਰ ਸਾਲਾਂ ਵਿੱਚ ਅਕਤੂਬਰ ਮਹੀਨੇ 'ਚ ਇਹ ਅੰਕੜਾ ਸਭ ਤੋਂ ਘੱਟ ਰਿਹਾ। ਇਸੇ ਤਰ੍ਹਾਂ ਸੇਵਾ ਖੇਤਰ 'ਚ ਅਕਤੂਬਰ 2022 'ਚ 79 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਹਨਾ ਵਿੱਚ 46 ਲੱਖ ਪੇਂਡੂ ਖੇਤਰ ਅਤੇ 33 ਲੱਖ ਹੋਰ ਖੇਤਰਾਂ ਵਿੱਚੋਂ ਸਨ। ਇਸਦਾ ਸਿੱਧਾ ਅਸਰ ਪੇਂਡੂ ਭਾਰਤ ਦੀ ਖਰੀਦਦਾਰੀ ਦੀ ਸਮਰੱਥਾ ਤੇ ਪੈਂਦਾ ਹੈ। ਦੇਸ਼ ਦੀ ਲਗਭਗ 70 ਫ਼ੀਸਦੀ ਆਬਾਦੀ ਪੇਂਡੂ ਹੈ।

ਉਦਯੋਗਿਕ ਖੇਤਰ ਦੀ ਹਾਲਤ ਵੀ ਰੁਜ਼ਗਾਰ ਦੇ ਮਾਮਲੇ 'ਚ ਚੰਗੀ ਨਹੀਂ ਹੈ। ਅਕਤੂਬਰ 2022 'ਚ 53 ਲੱਖ ਨੌਕਰੀਆਂ ਖ਼ਤਮ ਹੋ ਗਈਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨਿਰਮਾਣ ਖੇਤਰ ਵਿੱਚ ਸੀ। ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਘਰੇਲੂ ਬਜ਼ਾਰ ਵਿੱਚ ਮੰਗ ਘੱਟ ਰਹੀ ਹੈ ਅਤੇ ਮਹਿੰਗਾਈ ਦੀ ਉੱਚੀ ਦਰ ਇਸ ਮੰਗ ਨੂੰ ਹੋਰ ਹੇਠਾਂ ਲਿਆ ਰਹੀ ਹੈ। ਇਮਪੋਰਟ ਅਤੇ ਐਕਸਪੋਰਟ ਵਿੱਚ ਵਿਰੋਧੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਇੱਕ ਪਾਸੇ ਐਕਸਪੋਰਟ ਘੱਟਣ ਨਾਲ ਨੌਕਰੀਆਂ ਘੱਟ ਰਹੀਆਂ ਹਨ ਅਤੇ ਦੂਜੇ ਪਾਸੇ ਇਮਪੋਰਟ ਕਾਰਨ ਪੂੰਜੀ ਨਿਵੇਸ਼ ਪ੍ਰਭਾਵਿਤ ਹੋ ਰਿਹਾ ਹੈ। ਇਹੋ ਜਿਹੀ ਹਾਲਤ ਵਿੱਚ ਨੌਕਰੀਆਂ ਆਖ਼ਰ ਕਿਥੋਂ ਆਉਣ?

ਸਰਕਾਰ ਨੇ ਕਾਰਪੋਰੇਟ ਟੈਕਸ ਵਿੱਚ ਕਟੌਤੀ ਕੀਤੀ, ਉਤਪਾਦਨ ਅਧਾਰਤ ਉਤਸ਼ਾਹਿਤ ਰਾਸ਼ੀ ਜਾਰੀ ਵੀ ਕੀਤੀ ਪਰ ਨਿੱਜੀ ਖੇਤਰ ਵਾਲੇ ਆਪਣੇ ਪੂੰਜੀ ਨਿਵੇਸ਼ ਕਰਨ ਲਈ ਅੱਗੇ ਨਹੀਂ ਵਧੇ। ਕਿਉਂਕਿ ਨਿੱਜੀ ਖੇਤਰ ਵਿੱਚ ਨਿਵੇਸ਼ ਦਾ ਸਿਧਾਂਤ ਸਿੱਧਾ ਮੁਨਾਫ਼ਾ ਹੈ। ਨਿੱਜੀ ਖੇਤਰ ਨੂੰ ਜੇਕਰ ਆਪਣੀ ਲਾਗਤ 'ਚ ਵਾਪਿਸੀ ਨਹੀਂ ਦਿਖੇਗੀ ਤਾਂ ਉਹ ਆਪਣੀ ਪੂੰਜੀ ਕਿਉਂ ਲਗਾਉਣਗੇ ਅਤੇ ਜਦ ਤੱਕ ਚੰਗਾ ਨਿਵੇਸ਼ ਨਹੀਂ ਹੋਏਗਾ ਤਾਂ ਰੁਜ਼ਗਾਰ ਦੀ ਉਮੀਦ ਕਿਥੋਂ ਜਾਗੇਗੀ? ਕਿਥੋਂ ਨੌਕਰੀਆਂ ਮਿਲਣਗੀਆਂ? ਕੀ ਨਿਵੇਸ਼ ਤੋਂ ਬਿਨ੍ਹਾਂ ਨੌਕਰੀਆਂ ਦੀ ਆਸ ਕੀਤੀ ਜਾ ਸਕਦੀ ਹੈ? ਕੀ ਰੇਗਿਸਤਾਨ ਵਿੱਚ ਪਾਣੀ ਤੋਂ ਬਿਨ੍ਹਾਂ ਪਿਆਸ ਬੁਝਾਉਣ ਦਾ ਸੁਪਨਾ ਲਿਆ ਜਾ ਸਕਦਾ ਹੈ। ਕਹਿਣ ਨੂੰ ਭਾਰਤ ਸਰਕਾਰ ਵਲੋਂ ਕਈ ਯੋਜਨਾਵਾਂ ਜਿਹਨਾ ਵਿੱਚ ਪ੍ਰਧਾਨ ਮੰਤਰੀ ਰੁਜ਼ਗਾਰ ਪ੍ਰੋਤਸਾਹਨ ਯੋਜਨਾ ਪੀ.ਐਮ.ਆਰ.ਪੀ. ਵਾਈ. ਸ਼ੁਰੂ ਕੀਤੀ ਗਈ ਹੈ ਤਾਂ ਕਿ ਰੁਜ਼ਗਾਰ ਸਿਰਜਿਆ ਜਾਵੇ।

# ਇਲੈਕਟਰੌਨਿਕ ਮੀਡੀਆ ਦਾ ਤਮਾਸ਼ਾ

**ਬਾਲੀਵੁੱਡ ਦੇ ਕਿਸੇ ਐਕਟਰ ਦੀ ਜੇਬ ਵਿੱਚ ਕਿੰਨੀ ਡਰੱਗ ਹੈ, ਭਾਰਤ ਵਿੱਚ ਏਲੀਅਨ ਦਾ ਟਿਕਾਣਾ ਕਿੱਥੇ ਬਣ ਰਿਹਾ ਹੈ ਜਾਂ 2000 ਦੇ ਨੋਟ ਵਿੱਚ ਭਾਰਤ ਸਰਕਾਰ ਨੇ ਨੈਨੋ ਚਿੱਪ ਪਾਈ ਹੈ ਕਿ ਨਹੀਂ, ਇਹ ਇਹਨਾਂ ਐਂਕਰਾਂ ਨੂੰ ਫੌਰਨ ਪਤਾ ਲੱਗ ਜਾਂਦਾ ਹੈ ਪਰ ਮੋਰਬੀ ਹਾਦਸੇ ਦਾ ਜ਼ਿੰਮੇਵਾਰ ਕੌਣ ਹੈ, ਇਹ ਇਹਨਾਂ ਨੂੰ ਅੱਜ ਤੱਕ ਪਤਾ ਨਹੀਂ ਲੱਗ ਸਕਿਆ। ਭਾਰਤੀਆਂ ਨੂੰ ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਇਥੇ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਬਹੁਤ ਮਜ਼ਬੂਤ ਅਤੇ ਅਜ਼ਾਦ ਹੈ। ਨਿਊਜ਼ ਚੈਨਲਾਂ ਦੀ ਬਜਾਏ ਇਹਨਾਂ ਤੋਂ ਜਿਆਦਾ ਸਟੀਕ ਅਤੇ ਸੱਚੀ ਜਾਣਕਾਰੀ ਮਿਲਦੀ ਹੈ।**



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਭਾਰਤੀ ਇਲੈੱਕਟਰੋਨਿਕ ਮੀਡੀਆ (ਨਿਊਜ਼ ਚੈਨਲ) ਇਸ ਵੇਲੇ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿਖੇ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦਾ ਸੰਦੀਪ ਸਿੰਘ ਨਾਮਕ ਇੱਕ ਵਿਅਕਤੀ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਉਹ ਕਤਲ ਕਿਉਂ ਹੋਇਆ, ਇਹ ਅਜੇ ਜਾਂਚ ਦਾ ਵਿਸ਼ਾ ਹੈ ਪਰਮੌਕੇ 'ਤੇ ਪਹੁੰਚੇ ਕੁਝ ਚੈਨਲਾਂ ਵਾਲਿਆਂ ਨੇ ਇਸ ਮੁੱਦੇ 'ਤੇ ਐਨੀ ਘਟੀਆ ਰਿਪੋਰਟਿੰਗ ਕੀਤੀ ਕਿ ਜੇ ਪੰਜਾਬ ਦੇ ਲੋਕ ਸਮਝਦਾਰ ਨਾ ਹੁੰਦੇ ਤਾਂ ਹੁਣ ਤੱਕ ਜਰੂਰ ਹੀ ਪੰਜਾਬ ਵਿੱਚ ਹਿੰਦੂ ਸਿੱਖ ਦੰਗੇ ਹੋ ਚੁੱਕੇ ਹੋਣੇ ਸਨ। ਕਈ ਚੈਨਲਾਂ ਵਾਲਿਆਂ ਨੇ ਆਪਣੇ ਵੱਲੋਂ ਅੱਗ ਲਗਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਕੋਈਕੱਟੜ ਸਿੱਖ ਲੀਡਰਾਂ ਦੇ ਬਿਆਨ ਵਿਖਾ ਰਿਹਾ ਸੀ ਤੇ ਕੋਈ ਕੱਟੜ ਹਿੰਦੂ ਲੀਡਰਾਂ ਦੇ। ਲੀਡਰਾਂ ਨੂੰ ਉਹ ਕੁਝ ਕਹਿਣ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ ਜੋ ਚੈਨਲ ਵਾਲੇ ਸੁਣਨਾ ਚਾਹੁੰਦਾ ਸਨ, ਭਾਵ ਫਿਰਕੂ ਨਫਰਤ ਫੈਲਾਉਣ ਵਾਲੀਆਂ ਗੱਲਾਂ। ਸ਼ੋਸ਼ਲ ਮੀਡੀਆ ਤੋਂ ਸੰਦੀਪ ਸਿੰਘ ਦੀਆਂ ਭੜਕਾਊ ਵੀਡੀਉ ਲੱਭ ਲੱਭ ਕੇ ਅੱਪਲੋਡ ਕੀਤੀਆਂ ਜਾ ਰਹੀਆਂ ਸਨ। ਇਥੋਂ ਤੱਕ ਕਿ ਉਸ ਦੇ ਮਾਸੂਮ ਬੱਚਿਆਂ, ਪਤਨੀ, ਭੈਣ ਭਰਾਵਾਂ ਅਤੇ ਮਾਂ ਬਾਪ ਦੀਆਂ ਫੋਟੋਆਂ ਵੀ ਵਿਖਾ ਦਿੱਤੀਆਂ ਗਈਆਂ। ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਕੁਝ ਭੜਕੇ ਹੋਏ ਲੋਕਾਂ ਨੇ ਸੰਦੀਪ ਸਿੰਘ ਦੀ ਦੁਕਾਨ ਅਤੇ ਕਾਰ ਦੀ ਭੰਨਤੋੜ ਕਰ ਦਿੱਤੀ ਸੀ। ਇੱਕ ਅਤਿ ਉਤਸ਼ਾਹੀ ਪੱਤਰਕਾਰ ਨੇ ਸੋਚਿਆ ਕਿ ਉਸ ਦਾ ਘਰ ਕਿਵੇਂ ਬਚ ਗਿਆ, ਉਸ ਨੂੰ ਵੀ ਅੱਗ ਲਗਾਈ ਜਾਣੀ ਚਾਹੀਦੀ ਹੈ। ਉਹ ਫਟਾਫਟ ਕੈਮਰਾ ਲੈ ਕੇ ਸੰਦੀਪ ਸਿੰਘ ਦੇ ਘਰਪਹੁੰਚ ਗਿਆ ਤੇ ਉਸ ਦੀ ਵੀਡੀਉ ਵਿਖਾਉਣੀ ਚਾਲੂ ਕਰ ਦਿੱਤੀ ਤਾਂ ਜੋ ਦੰਗਾਕਾਰੀਆਂ ਨੂੰਘਰ ਲੱਭਣ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਹ ਤਾਂ ਲੋਕ ਹੀ ਸਿਆਣੇ ਰਹੇ, ਨਹੀਂ ਪੱਤਰਕਾਰ ਸਾਹਿਬ ਨੇ ਤਾਂ ਆਪਣੀ ਡਿਊਟੀ ਬਾਖੂਬੀ ਨਿਭਾ ਦਿੱਤੀ ਸੀ।

ਕੁਝ ਦਿਨ ਪਹਿਲਾਂ ਹੋਏ ਟੀ 20 ਵਰਲਡ ਕੱਪ ਵਿੱਚ ਭਾਰਤ ਅਤੇ ਪਾਕਿਸਤਾਨ ਸੈਮੀ ਫਾਈਨਲ ਵਿੱਚ ਪਹੁੰਚ ਗਏ ਸਨ ਤੇ ਪਾਕਿਸਤਾਨ ਨੇ ਨਿਊਜ਼ੀਲੈਂਡ ਨੂੰ ਹਰਾ ਕੇ ਫਾਈਨਲ ਵਿੱਚ ਜਗ੍ਹਾ ਬਣ ਲਈ ਸੀ। ਬੱਸ ਫਿਰ ਕੀ ਸੀ? ਨਾਲ ਦੀ ਨਾਲ ਸਾਡੇ ਦੇਸ਼ ਭਗਤ ਨੈਸ਼ਨਲ ਮੀਡੀਆ ਨੂੰ ਰਾਸ਼ਟਰਵਾਦ ਦਾ ਕਰੋਨਾ ਹੋ ਗਿਆ। ਇੱਕ ਚੈਨਲ ਦੀ ਮਹਾਂ ਮੂੰਹ ਫੱਟ ਮਹਿਲਾ ਐਂਕਰ ਆਪਣੇ ਪ੍ਰੋਗਰਾਮ ਵਿੱਚ ਵਾਰ ਵਾਰ ਪਾਕਿਸਤਾਨੀ ਟੀਮ ਨੂੰ ਬਾਬਰ ਸੈਨਾ ਦੇ ਨਾਮ ਨਾਲ ਪੁਕਾਰ ਰਹੀ ਸੀ। ਜਦੋਂ ਹੱਦ ਹੋ ਗਈ ਤਾਂਪ੍ਰੋਗਰਾਮ ਵਿੱਚ ਭਾਗ ਲੈ ਰਹੇ ਭਾਰਤ ਦੇ ਇੱਕ ਪ੍ਰਸਿੱਧ ਸਾਬਕਾ ਖਿਡਾਰੀ ਨੂੰ ਇਹ ਕਹਿ ਕੇ ਉਸ ਨੂੰ ਚੁੱਪ ਕਰਾਉਣਾ ਪਿਆ ਕਿ ਭਾਰਤ ਅਜੇ ਫਾਈਨਲ ਵਿੱਚ ਨਹੀਂ ਪਹੁੰਚਿਆ ਤੇ ਪਾਕਿਸਤਾਨੀ ਟੀਮ ਨੂੰ ਬਾਬਰ ਸੈਨਾ ਕਹਿਣਾ ਸਪੋਰਟਸਮੈਨ ਸਪਿਰਟ ਦੇ ਖਿਲਾਫ ਹੈ। ਜੇ ਭਾਰਤ ਫਾਈਨਲ ਵਿੱਚ ਪਹੁੰਚ ਗਿਆ ਤਾਂ ਉਸ ਦਾ ਮੁਕਾਬਲਾ ਪਾਕਿਸਤਾਨੀ ਕ੍ਰਿਕਟ ਟੀਮ ਨਾਲ ਹੋਣਾ ਹੈ, ਪਾਕਿਸਤਾਨੀ ਫੌਜ ਨਾਲ ਨਹੀਂ। ਇੱਕ ਚੈਨਲ ਨੇ ਤਾਂ ਹੱਦ ਹੀ ਕਰ





ਦਿੱਤੀ, ਉਸ ਨੇ ਭਾਰਤ ਅਤੇ ਇੰਗਲੈਂਡ ਦਰਮਿਆਨ ਹੋਣ ਵਾਲੇ ਸੈਮੀਫਾਈਨਲ ਦਾ ਰਿਜ਼ਲਟ ਪਤਾ ਕਰਨ ਲਈ ਜੋਤਸ਼ੀਆਂ ਦੀ ਇੱਕ ਪੂਰੀ ਫੌਜ ਹੀ ਬੁਲਾ ਲਈ ਸੀ। ਸਾਰੇ ਦੇ ਸਾਰੇ ਠੱਗ ਜੋਤਸ਼ੀਆਂ ਨੇ ਸ਼ੁੱਕਰ ਨੂੰ ਛਨੀ ਦੇ ਘਰ, ਮੰਗਲ ਨੂੰ ਰਾਹੂ ਦੇ ਘਰ ਤੇ ਐਤਵਾਰ ਨੂੰ ਬੁੱਧ ਦੇ ਘਰ ਵਾੜ ਕੇ ਸੈਮੀਫਾਈਨਲ ਤਾਂ ਕੀ,ਫਾਈਨਲ ਵਿੱਚ ਵੀ ਭਾਰਤ ਦੀ ਸੌ ਪ੍ਰਤੀਸ਼ਤ ਜਿੱਤ ਦੀ ਭਵਿੱਖਬਾਣੀ ਕਰ ਦਿੱਤੀ ਸੀ। ਪਰ ਨਤੀਜਾ ਜੋ ਆਇਆ, ਉਹ ਸਭ ਦੇ ਸਾਹਮਣੇ ਹੈ। ਇੱਕ ਦੋ ਨੂੰ ਛੱਡ ਕੇ ਬਾਕੀ ਸਾਰੇ ਨਿਊਜ਼ ਚੈਨਲ ਭਾਰਤ ਦੀ ਡੁੱਬਦੀ ਹੋਈ ਅਰਥ ਵਿਵਸਥਾ, ਰਸਾਤਲ ਵੱਲ ਜਾ ਰਹੀ ਜੀ.ਡੀ.ਪੀ., ਭੁੱਖਮਰੀ, ਗਰੀਬੀ, ਨਾਬਰਾਬਰੀ, ਬੇਰੋਜ਼ਗਾਰੀ, ਭ੍ਰਿਸ਼ਟਾਚਾਰਆਦਿ ਦੇ ਪ੍ਰਕੋਪ ਨੂੰ ਭੁੱਲ ਕੇ ਅਰਥਹੀਣ ਖਬਰਾਂ ਦਾ ਕਚੂੰਮਰ ਕੱਢਣ 'ਤੇ ਲੱਗੇ ਹੋਏ ਹਨ ਪੁਲਵਾਮਾ ਵਿਖੇ (14 ਫਰਵਰੀ 2019) ਸੀ.ਆਰ.ਪੀ. 'ਤੇ ਹੋਏ ਫਿਦਾਇਨ ਹਮਲੇ ਅਤੇ ਚੀਨ ਨਾਲ ਚੱਲ ਰਹੇ ਸਰਹੱਦੀ ਵਿਵਾਦ ਵੇਲੇ ਤਾਂ ਚੈਨਲਾਂ ਨੇ ਜਨਤਾ ਨੂੰ ਇਹ ਮੰਨਣ ਲਈ ਮਜ਼ਬੂਰ ਕਰ ਦਿੱਤਾ ਸੀ ਕਿ ਬੱਸ ਜੰਗ ਬੱਸ ਲੱਗੀ ਕਿ ਲੱਗੀ। ਖਬਰਾਂ ਵੇਖ ਕੇ ਲੱਗਦਾ ਸੀ ਕਿ ਭਾਰਤੀ ਫੌਜ ਚੀਨ ਅਤੇ ਪਾਕਿਸਤਾਨ ਵੱਲ ਕੂਚ ਕਰਨ ਲਈ ਬੱਸ ਚੈਨਲਾਂ ਦੇ ਹੁਕਮਾਂ ਦੀ ਉਡੀਕ ਕਰ ਰਹੀ ਹੈ। ਫੌਜੀ ਵਰਦੀਆਂ ਪਹਿਨ ਕੇ ਨਿਊਜ਼ ਐਂਕਰ ਇਸ ਤਰਾਂ ਉੱਛਲ ਕੂਦ ਮਚਾ ਰਹੇ ਸਨ ਜਿਵੇਂ ਭਾਰਤ ਦੀਆਂ ਅੰਤਰ ਮਹਾਂਦੀਪੀ ਮਿਜ਼ਾਈਲਾਂ ਦਾ ਕੰਟਰੋਲ ਇਨ੍ਹਾਂ ਦੇ ਹੱਥ ਵਿੱਚ ਹੋਵੇ। ਚੀਨ ਨੂੰ ਤਾਂ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਾਨਪੁਰ (ਯੂ.ਪੀ.) ਦੇ ਬਦਮਾਸ਼ ਵਿਕਾਸ ਦੂਬੇ ਦਾ, ਜਿਸ ਨੇ ਅੱਠ ਪੁਲਿਸ ਵਾਲਿਆਂ ਦੀ ਹੱਤਿਆ ਕਰ ਕੇ (3 ਜੁਲਾਈ 2020) ਉਸ ਨੂੰ ਤਬਾਹੀ ਤੋਂ ਬਚਾ ਲਿਆ। ਇਸ ਹੱਤਿਆਕਾਂਡ ਤੋਂ ਬਾਅਦ ਸਾਰੇ ਚੈਨਲਾਂ ਵਾਲੇ ਚੀਨ ਅਤੇ ਪਾਕਿਸਤਾਨ ਨੂੰ ਭੁੱਲ ਕੇ ਵਿਕਾਸ ਦੂਬੇ ਦੇ ਪਿੱਛੇ ਪੈ ਗਏ। ਲੋਕਾਂ ਦੀ ਵਿਕਾਸ ਦੂਬੇ ਦੀਆਂ ਖਬਰਾਂ ਤੋਂ ਉਸ ਵੇਲੇ ਜਾਨ ਛੁੱਟੀ ਜਦੋਂ ਉਸ ਦਾ ਇੱਕ ਪੁਲਿਸ ਮੁਕਾਬਲੇ (10 ਜੁਲਾਈ 2020) ਵਿੱਚ ਅੰਤ ਹੋ ਗਿਆ। ਕੁਝ ਦਿਨ ਪਹਿਲਾਂ ਭਾਰਤ ਵਿੱਚ ਦੋ ਵੱਡੇ ਕਾਂਡ ਹੋਏ ਹਨ। ਇੱਕ ਤਾਂ ਬਿਲਕੀਸ ਬਾਨੋ ਬਲਾਤਕਾਰ ਕੇਸ ਦੇ ਮੁਜ਼ਰਿਮ ਰਿਹਾਕਰ ਦਿੱਤੇ ਗਏ ਤੇ ਦੂਸਰਾ ਗੁਜਰਾਤ ਵਿੱਚ ਮੋਰਬੀ ਪੁਲ ਹਾਦਸਾ, ਜਿਸ ਵਿੱਚ 150 ਦੇ ਕਰੀਬ ਬੇਗੁਨਾਹ ਮਾਰੇ ਗਏ ਹਨ। ਇੱਕ ਦੋ ਨੂੰ ਛੱਡ ਕੇ ਕਿਸੇ ਵੀ ਨਿਊਜ਼ ਚੈਨਲ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਰੋਜ਼ਾਨਾ ਪਾਕਿਸਤਾਨ ਤੇ ਚੀਨ ਨੂੰ ਪਾਣੀ ਪੀ ਪੀ ਕੇ ਕੋਸਣ ਵਾਲੀਆਂ ਸਾਡੀਆਂ ਮਹਿਲਾ ਐਂਕਰਾਂ ਨੇ ਵੀ ਇਸ ਸਬੰਧੀ ਕੋਈ ਪ੍ਰੋਗਰਾਮ ਨਹੀਂ ਕੀਤਾ। ਬਾਲੀਵੁੱਡ ਦੇ ਕਿਸੇ ਐਕਟਰ ਦੀ ਜੇਬ ਵਿੱਚ ਕਿੰਨੀ ਡਰੱਗ ਹੈ, ਭਾਰਤ ਵਿੱਚ ਏਲੀਅਨ ਦਾ ਟਿਕਾਣਾ ਕਿੱਥੇ ਬਣ ਰਿਹਾ ਹੈ ਜਾਂ 2000 ਦੇ ਨੋਟ ਵਿੱਚ ਭਾਰਤ ਸਰਕਾਰ ਨੇ ਨੈਨੋ ਚਿੱਪ ਪਾਈ ਹੈ ਕਿ ਨਹੀਂ, ਇਹ ਇਹਨਾਂ ਐਂਕਰਾਂ ਨੂੰ ਫੌਰਨ ਪਤਾ ਲੱਗ ਜਾਂਦਾ ਹੈ ਪਰ ਮੋਰਬੀ ਹਾਦਸੇ ਦਾ ਜ਼ਿੰਮੇਵਾਰ ਕੌਣ ਹੈ, ਇਹ ਇਹਨਾਂ ਨੂੰ ਅੱਜ ਤੱਕ ਪਤਾ ਨਹੀਂ ਲੱਗ ਸਕਿਆ। ਭਾਰਤੀਆਂ ਨੂੰ ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਇਥੇ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਬਹੁਤ ਮਜ਼ਬੂਤ ਅਤੇ ਅਜ਼ਾਦ ਹੈ। ਨਿਊਜ਼ ਚੈਨਲਾਂ ਦੀ ਬਜਾਏ ਇਹਨਾਂ ਤੋਂ ਜਿਆਦਾ ਸਟੀਕ ਅਤੇ ਸੱਚੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਪੰਜਾਬੀ ਅਖਬਾਰਾਂ ਵੀ ਵਧੀਆ ਅਤੇ ਨਿਰਪੱਖ ਰਿਪੋਰਟਿੰਗ ਕਰ ਰਹੀਆਂ ਹਨ। ਕਿਸੇ ਵੀ ਵਿਸ਼ੇ ਜਾਂ ਘਟਨਾ ਬਾਰੇ ਸਹੀ ਜਾਣਕਾਰੀ ਲੈਣ ਅਤੇ ਉਸ ਸਬੰਧੀ ਆਪਣੀ ਰਾਏ ਬਣਾਉਣ ਤੋਂ ਪਹਿਲਾਂ ਅਖਬਾਰ ਜਰੂਰ ਪੜ੍ਹ ਲੈਣੀ ਚਾਹੀਦੀ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukh dev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਜਦੋਂ ਗੁਰੂ ਤੇਗ ਬਹਾਦਰ ਨੂੰ ਔਰੰਗਜ਼ੇਬ ਨੇ ਚਮਤਕਾਰ ਦਿਖਾਉਣ ਲਈ ਕਿਹਾ



• ਰੇਹਾਨ ਫਜ਼ਲ
ਬੀਬੀਸੀ ਪੱਤਰਕਾਰ

11 ਅਗਸਤ 1664 ਨੂੰ ਦਿੱਲੀ ਤੋਂ ਸਿੱਖਾਂ ਦਾ ਇੱਕ ਜੱਥਾ ਪੰਜਾਬ ਦੇ ਪਿੰਡ ਬਕਾਲਾ ਪਹੁੰਚਿਆ।

ਛੇ ਮਹੀਨੇ ਪਹਿਲਾਂ, ਸਿੱਖਾਂ ਦੇ ਅੱਠਵੇਂ ਗੁਰੂ, ਗੁਰ ਹਰਕ੍ਰਿਸ਼ਨ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਉਨ੍ਹਾਂ ਦਾ ਉੱਤਰਾਧਿਕਾਰੀ ਬਕਾਲਾ ਵਿਖੇ ਮਿਲੇਗਾ।

ਬਕਾਲਾ ਵਿੱਚ ਸਿੱਖਾਂ ਦਾ ਇੱਕ ਵਿਸ਼ੇਸ਼ ਇਕੱਠ ਬੁਲਾਇਆ ਗਿਆ ਅਤੇ ਗੁਰੂ ਗੱਦੀ ਤੇਗ ਬਹਾਦਰ ਨੂੰ ਦੇਣ ਦਾ ਐਲਾਨ ਕੀਤਾ ਗਿਆ।

ਇੱਕ ਰਵਾਇਤੀ ਸਮਾਗਮ ਵਿੱਚ ਗੁਰਦਿੱਤਾ ਰੰਧਾਵਾ ਨੇ ਗੁਰੂ ਜੀ ਦੇ ਮੱਥੇ 'ਤੇ ਕੇਸਰ ਦਾ ਤਿਲਕ ਲਗਾਇਆ, ਉਨ੍ਹਾਂ ਨੂੰ ਨਾਰੀਅਲ ਅਤੇ ਪੰਜ ਪੈਸੇ ਭੇਟ ਕੀਤੇ ਅਤੇ ਉਨ੍ਹਾਂ ਨੂੰ ਗੁਰੂ ਗੱਦੀ 'ਤੇ ਬਿਠਾਇਆ।

ਸ਼ੁਰੂ-ਸ਼ੁਰੂ 'ਚ ਗੁਰੂ ਤੇਗ ਬਹਾਦਰ ਉਨ੍ਹਾਂ ਲੋਕਾਂ 'ਚੋਂ ਨਹੀਂ ਸਨ ਜੋ ਕਿ ਬਹੁਤ ਬੋਲਦੇ ਰਹੇ ਹੋਣ।

ਖੁਸ਼ਵੰਤ ਸਿੰਘ ਆਪਣੀ ਕਿਤਾਬ 'ਅ ਹਿਸਟਰੀ ਆਫ਼ ਦ ਸਿੱਖਸ' 'ਚ ਲਿਖਦੇ ਹਨ ਕਿ "ਪਿੱਠਭੂਮੀ 'ਚ ਰਹਿਣ ਦੇ ਉਨ੍ਹਾਂ ਦੇ ਸੁਭਾਅ ਦੇ ਕਾਰਨ ਹੀ ਗੁਰੂ ਤੇਗ ਬਹਾਦਰ ਆਮ ਲੋਕਾਂ 'ਚ ਮਸ਼ਹੂਰ ਹੋ ਗਏ ਸਨ। ਧੀਰਮੱਲ ਨੇ ਉਨ੍ਹਾਂ ਦਾ ਕਤਲ ਕਰਨ ਦਾ ਯਤਨ ਕੀਤਾ ਪਰ ਕਤਲ ਕਰਨ ਲਈ ਸੱਦੇ ਗਏ ਲੋਕ ਆਪਣੇ ਮਿਸ਼ਨ 'ਚ ਕਾਮਯਾਬ ਨਾ ਹੋ ਸਕੇ।"

"ਤੇਗ ਬਹਾਦਰ ਜੀ ਬਕਾਲਾ ਛੱਡ ਕੇ ਅੰਮ੍ਰਿਤਸਰ ਚਲੇ ਗਏ, ਜਿੱਥੇ ਉਨ੍ਹਾਂ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ। ਉੱਥੋਂ ਉਹ ਆਪਣੇ ਪਿਤਾ ਜੀ ਵੱਲੋਂ ਵਸਾਏ ਸ਼ਹਿਰ ਕੀਰਤਪੁਰ ਸਾਹਿਬ ਵਿਖੇ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਕੀਰਤਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਇੱਕ ਨਵਾਂ ਪਿੰਡ ਅਨੰਦਪੁਰ ਵਸਾਇਆ।"

ਇਹ ਥਾਂ ਹੁਣ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ।

## ਗੁਰੂ ਤੇਗ ਬਹਾਦਰ ਦੀ ਗ੍ਰਿਫ਼ਤਾਰੀ

ਗੁਰੂ ਤੇਗ ਬਹਾਦਰ ਦਾ ਜਨਮ 1621 ਈ. ਨੂੰ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਘਰ ਹੋਇਆ ਸੀ।

ਉਹ ਛੇਵੀਂ ਪਾਤਸ਼ਾਹੀ ਦੇ ਸਭ ਤੋਂ ਛੋਟੇ ਪੁੱਤਰ ਸਨ।

ਕੁਝ ਦਿਨ ਆਨੰਦਪੁਰ ਸਾਹਿਬ ਵਿਖੇ ਰਹਿਣ ਤੋਂ ਬਾਅਦ ਗੁਰੂ ਤੇਗ ਬਹਾਦਰ ਨੇ ਪੂਰਬੀ ਭਾਰਤ ਦਾ ਦੌਰਾ ਕਰਨ ਦਾ ਫੈਸਲਾ ਲਿਆ।

ਰਸਤੇ 'ਚ ਹੀ ਉਨ੍ਹਾਂ ਨੂੰ ਆਲਮ ਖ਼ਾਨ ਦੀ ਅਗਵਾਈ ਵਾਲੀ ਮੁਗ਼ਲ ਸੈਨਿਕਾਂ ਦੀ ਟੁੱਕੜੀ ਨੇ ਹਿਰਾਸਤ 'ਚ ਲੈ ਲਿਆ ਅਤੇ ਉਨ੍ਹਾਂ ਨੂੰ ਦਿੱਲੀ ਲੈ ਆਏ।

ਉਨ੍ਹਾਂ ਦੀ ਗ੍ਰਿਫ਼ਾਤਰੀ ਕਿਉਂ ਹੋਈ, ਇਸ ਸਬੰਧ 'ਚ ਇਤਿਹਾਸਕਾਰ ਇਕਮਤ ਨਹੀਂ ਹਨ।

ਖੁਸ਼ਵੰਤ ਸਿੰਘ ਲਿਖਦੇ ਹਨ, "ਇਹ ਕਾਰਵਾਈ ਮੁਗ਼ਲ ਦਰਬਾਰ 'ਚ ਰਹਿੰਦੇ ਰਾਮ ਰਾਏ ਦੇ ਉਕਸਾਉਣ ਕਰਕੇ ਕੀਤੀ ਗਈ ਸੀ। ਗੁਰੂ ਤੇਗ ਬਹਾਦਰ 'ਤੇ ਸ਼ਾਂਤੀ ਭੰਗ ਕਰਨ ਦਾ ਦੋਸ਼ ਆਇਦ ਕੀਤਾ ਗਿਆ ਸੀ।"

ਇਤਿਹਾਸਕਾਰ ਫੌਜਾ ਸਿੰਘ ਇਸ ਨਾਲ ਸਹਿਮਤ ਨਹੀਂ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਉਦੋਂ ਤੱਕ ਰਾਮ ਰਾਏ ਗੁਰੂ ਤੇਗ ਬਹਾਦਰ ਨੂੰ ਗੁਰੂ ਮੰਨ ਚੁੱਕੇ ਸਨ ਅਤੇ ਉਨ੍ਹਾਂ ਲਈ ਰਾਮ ਰਾਏ ਦੇ ਮਨ 'ਚ ਕੋਈ ਮਾੜਾ ਵਿਚਾਰ ਨਹੀਂ ਸੀ।

## ਔਰੰਗਜ਼ੇਬ ਅੱਗੇ ਪੇਸ਼ੀ ਅਤੇ ਰਿਹਾਈ

ਸਰਬਪ੍ਰੀਤ ਸਿੰਘ ਆਪਣੀ ਕਿਤਾਬ 'ਸਟੋਰੀ ਆਫ਼ ਦ ਸਿੱਖਸ' 'ਚ ਲਿਖਦੇ ਹਨ, "ਉਨ੍ਹਾਂ ਦੀ ਗ੍ਰਿਫ਼ਤਾਰੀ ਪਿੱਛੇ ਜੋ ਵੀ ਕਾਰਨ ਰਹੇ ਹੋਣ ਪਰ ਗੁਰੂ ਤੇਗ ਬਹਾਦਰ ਨੂੰ 8 ਨਵੰਬਰ, 1665 ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਜਾਇਆ ਗਿਆ ਸੀ। ਉਨ੍ਹਾਂ ਨੂੰ ਔਰੰਗਜ਼ੇਬ ਅੱਗੇ ਪੇਸ਼ ਕੀਤਾ ਗਿਆ।"

ਗੁਰੂ ਤੇਗ ਬਹਾਦਰ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਸੰਬੋਧਿਤ ਕਰਦਿਆਂ ਕਿਹਾ, "ਮੇਰਾ ਧਰਮ ਭਾਵੇਂ ਹਿੰਦੂ ਨਹੀਂ ਹੈ, ਮੈਂ ਭਾਵੇਂ ਵੇਦਾਂ ਦੀ ਮਹਾਨਤਾ, ਮੂਰਤੀ ਪੂਜਾ ਅਤੇ ਹੋਰ ਰੀਤੀ-ਰਿਵਾਜ਼ਾਂ 'ਚ ਯਕੀਨ ਨਹੀਂ ਕਰਦਾ ਹਾਂ, ਪਰ ਮੈਂ ਹਿੰਦੂਆਂ ਦੇ ਸਤਿਕਾਰ ਨਾਲ ਰਹਿਣ ਅਤੇ ਉਨ੍ਹਾਂ ਦੇ ਧਰਮਿਕ ਅਧਿਕਾਰਾਂ ਦੇ ਲਈ ਹਮੇਸ਼ਾਂ ਲੜਦਾ ਰਹਾਂਗਾ।"

ਪਰ ਔਰੰਗਜ਼ੇਬ 'ਤੇ ਗੁਰੂ ਜੀ ਦੇ ਇੰਨ੍ਹਾਂ ਸ਼ਬਦਾਂ ਦਾ ਕੋਈ ਅਸਰ ਨਾ ਹੋਇਆ।

ਔਰੰਗਜ਼ੇਬ ਦੇ ਦਰਬਾਰ 'ਚ ਮੌਜੂਦ ਕਈ ਉਲੇਮਾ ਨੇ ਉਸ ਦੇ ਕੰਨ ਭਰੇ ਕਿ ਗੁਰੂ ਤੇਗ ਬਹਾਦਰ ਦਾ ਵੱਧਦਾ ਪ੍ਰਭਾਵ ਇਸਲਾਮ ਲਈ ਖ਼ਤਰਾ ਹੋ ਸਕਦਾ ਹੈ।

ਇੱਕ ਸਮੇਂ ਤਾਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਕਰ ਲਿਆ ਸੀ, ਪਰ ਬਾਦਸ਼ਾਹ ਦੇ ਇੱਕ ਰਾਜਪੂਤ ਮੰਤਰੀ ਰਾਜਾ ਰਾਮ ਸਿੰਘ ਨੇ ਗੁਰੂ ਜੀ ਨੂੰ ਜਿਉਂਦਾ ਛੱਡਣ ਲਈ ਬੇਨਤੀ ਕੀਤੀ ਸੀ, ਜਿਸ ਨੂੰ ਕਿ ਔਰੰਗਜ਼ੇਬ ਨੇ ਮੰਨ ਵੀ ਲਿਆ ਸੀ।

ਇੱਕ ਮਹੀਨੇ ਬਾਅਦ ਗੁਰੂ ਜੀ 'ਤੇ ਲੱਗੇ ਸਾਰੇ ਇਲਜ਼ਾਮਾਂ ਨੂੰ ਵਾਪਸ ਲੈਂਦਿਆ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਰਿਹਾਅ ਹੁੰਦਿਆਂ ਹੀ ਗੁਰੂ ਜੀ ਨੇ ਪੂਰਬ ਵੱਲ ਆਪਣੀ ਯਾਤਰਾ ਮੁੜ ਸ਼ੁਰੂ ਕੀਤੀ ਅਤੇ ਉਹ ਮਥੁਰਾ, ਆਗਰਾ, ਕਾਨਪੁਰ, ਇਲਾਹਾਬਾਦ, ਵਾਰਾਣਸੀ, ਬੋਧਗਯਾ ਹੁੰਦੇ ਹੋਏ ਪਟਨਾ ਵਿਖੇ ਪਹੁੰਚੇ।

ਉੱਥੇ ਗੁਰੂ ਜੀ ਦੀ ਪਤਨੀ ਮਾਤਾ ਗੁਜਰੀ ਜੀ ਨੇ ਕੁਝ ਸਮਾਂ ਰੁਕਣ ਦਾ ਫੈਸਲਾ ਕੀਤਾ।

ਪਰ ਗੁਰੂ ਤੇਗ ਬਹਾਦਰ ਆਪਣੇ ਪੈਰੋਕਾਰਾਂ ਨੂੰ ਮਿਲਣ ਲਈ ਢਾਕਾ ਵੱਲ ਰਵਾਨਾ ਹੋ ਗਏ।

ਢਾਕਾ 'ਚ ਰਹਿੰਦਿਆਂ ਹੀ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਉਨ੍ਹਾਂ ਨੂੰ ਇੱਕ ਪੁੱਤਰ ਹੋਇਆ ਹੈ, ਜਿਸ ਦਾ ਨਾਮ ਗੋਬਿੰਦ ਰਾਏ ਰੱਖਿਆ ਗਿਆ ਹੈ ਜੋ ਕਿ ਬਾਅਦ 'ਚ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜਾਣੇ ਗਏ।

## ਤਿੰਨ ਸਾਲ ਅਸਾਮ 'ਚ ਰਹੇ

ਇਸ ਦੌਰਾਨ ਔਰੰਗਜ਼ੇਬ ਨੇ ਕਾਮਰੂਪ ਦੇ ਰਾਜੇ ਦੀ ਬਗ਼ਾਵਤ ਨੂੰ ਦਬਾਉਣ ਦੀ ਜ਼ਿੰਮੇਵਾਰੀ ਰਾਜਾ ਰਾਮ ਸਿੰਘ ਨੂੰ ਸੌਂਪੀ।

ਉਨ੍ਹਾਂ ਦਿਨਾਂ 'ਚ ਕਾਮਰੂਪ ਨੂੰ ਇੱਕ ਖ਼ਤਰਨਾਕ ਥਾਂ ਮੰਨਿਆਂ ਜਾਂਦਾ ਸੀ, ਜੋ ਕਿ ਆਪਣੇ ਬਹਾਦਰ ਯੋਧਿਆਂ ਅਤੇ 'ਕਾਲੇ ਜਾਦੂ' ਲਈ ਬਹੁਤ ਮਸ਼ਹੂਰ ਸੀ।

ਰਾਜਾ ਰਾਮ ਸਿੰਘ ਨੂੰ ਗੁਰੂ ਤੇਗ ਬਹਾਦਰ ਦੀ ਅਧਿਆਤਮਿਕ ਸ਼ਕਤੀ 'ਚ ਬਹੁਤ ਸ਼ਰਧਾ ਸੀ।

ਰਾਜਾ ਰਾਮ ਸਿੰਘ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹ ਕਾਮਰੂਪ ਦੀ ਮੁਹਿੰਮ 'ਚ ਉਨ੍ਹਾਂ ਦੇ ਨਾਲ ਚੱਲਣ।

ਗੁਰੂ ਜੀ ਰਾਜਾ ਰਾਮ ਸਿੰਘ ਨੂੰ ਮਨਾ ਨਾ ਕਰ ਸਕੇ।

ਸਰਬਪ੍ਰੀਤ ਸਿੰਘ ਲਿਖਦੇ ਹਨ, "ਇਸ ਯੁੱਧ ਦੌਰਾਨ ਗੁਰੂ ਜੀ ਅਸਾਮ 'ਚ ਲਗਭਗ ਤਿੰਨ ਸਾਲ ਰਹੇ। ਇਸ ਦੌਰਾਨ ਕਈ ਵਾਰ ਉਨ੍ਹਾਂ ਨੇ ਵਿਚੋਲੇ ਦੀ ਭੂਮਿਕਾ ਵੀ ਅਦਾ ਕੀਤੀ।"

"ਮਾਰਚ 1672 'ਚ ਗੁਰੂ ਜੀ ਚੱਕ ਨਾਨਕੀ ਦੀ ਆਪਣੀ ਗੱਦੀ 'ਤੇ ਪਰਤ ਆਏ। ਉਨ੍ਹਾਂ ਦੀਆਂ ਯਾਤਰਾਵਾਂ ਉਹਨਾਂ ਨੂੰ ਅਜਿਹੀਆਂ ਥਾਵਾਂ 'ਤੇ ਲੈ ਗਈਆਂ ਜਿੱਥੇ ਕਿ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹੋਰ ਕੋਈ ਸਿੱਖ ਗੁਰੂ ਨਹੀਂ ਗਏ ਸਨ।"

## ਕਸ਼ਮੀਰ ਦੇ ਪੰਡਿਤਾਂ ਦੀ ਗੁਜ਼ਾਰਿਸ਼

25 ਮਈ, 1675 ਨੂੰ ਜਦੋਂ ਗੁਰੂ ਤੇਗ ਬਹਾਦਰ ਆਨੰਦਪੁਰ ਸਾਹਿਬ ਵਿਖੇ ਇੱਕ ਸੰਗਤ 'ਚ ਬੈਠੇ ਸਨ ਤਾਂ ਕਸ਼ਮੀਰ ਤੋਂ ਕੁਝ ਲੋਕਾਂ ਦਾ ਇੱਕ ਜੱਥਾ ਉਨ੍ਹਾਂ ਨੂੰ ਮਿਲਣ ਲਈ ਆਇਆ। ਉਸ ਜੱਥੇ ਦੀ ਅਗਵਾਈ ਪੰਡਿਤ ਕਿਰਪਾ ਰਾਮ ਕਰ ਰਹੇ ਸਨ।

ਉਨ੍ਹਾਂ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ ਕਿ ਹਜ਼ਾਰਾਂ ਸਾਲਾਂ ਤੋਂ ਚਲਦੇ ਆ ਰਹੇ, ਉਨ੍ਹਾਂ ਦੇ ਪੁਰਖਿਆਂ ਦਾ ਧਰਮ ਹੁਣ ਖ਼ਤਰੇ 'ਚ ਹੈ।

ਔਰੰਗਜ਼ੇਬ ਦੀ ਨੁਮਾਇੰਦਗੀ ਕਰ ਰਹੇ ਕਸ਼ਮੀਰ ਦੇ ਗਵਰਨਰ ਇਫ਼ਤੇਖ਼ਾਰ ਖ਼ਾਨ ਨੇ ਹੁਕਮ ਦਿੱਤਾ ਹੈ ਕਿ ਉਹ ਇਸਲਾਮ ਧਰਮ ਕਬੂਲ ਕਰ ਲੈਣ ਨਹੀਂ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ।

ਗੁਰੂ ਜੀ ਨੇ ਕਿਰਪਾ ਰਾਮ ਦੀ ਗੁਹਾਰ ਦਾ ਜਵਾਬ ਤੁਰੰਤ ਨਾ ਦਿੱਤਾ ਪਰ ਉਨ੍ਹਾਂ ਦੀ ਦੁਰਦਸ਼ਾ ਸੁਣ ਕੇ ਉਨ੍ਹਾਂ ਦਾ ਦਿਲ ਪਸੀਜ ਜ਼ਰੂਰ ਗਿਆ ਸੀ।

ਹਰੀ ਰਾਮ ਗੁਪਤ ਗੁਰੂ ਤੇਗ ਬਹਾਦਰ ਦੀ ਜੀਵਨੀ ਬਾਰੇ ਲਿਖਦੇ ਹਨ, "ਗੁਰੂ ਜੀ ਨੇ ਕਸ਼ਮੀਰ ਤੋਂ ਆਏ ਬ੍ਰਾਹਮਣਾਂ ਨੂੰ ਕਿਹਾ ਕਿ ਉਹ ਬਾਦਸ਼ਾਹ ਦੇ ਨੁਮਾਇੰਦਿਆਂ ਨੂੰ ਕਹਿਣ ਕਿ ਜੇਕਰ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਣਗੇ ਤਾਂ ਉਹ ਵੀ ਆਪਣਾ ਧਰਮ ਬਦਲ ਲੈਣਗੇ।"

ਹਰੀ ਰਾਮ ਗੁਪਤ ਅੱਗੇ ਲਿਖਦੇ ਹਨ, "ਔਰੰਗਜ਼ੇਬ ਨੂੰ ਇਸ ਗੱਲ 'ਤੇ ਇਤਰਾਜ਼ ਸੀ ਕਿ ਸਾਰੇ ਸਿੱਖ ਲੋਕ ਗੁਰੂ ਜੀ ਨੂੰ 'ਸੱਚਾ ਬਾਦਸ਼ਾਹ' ਕਹਿ ਕੇ ਪੁਕਾਰਦੇ ਸਨ। ਔਰੰਗਜ਼ੇਬ ਨੇ ਇਸ ਦਾ ਇਹ ਮਤਲਬ ਕੱਢਿਆ ਕਿ ਗੁਰੂ ਜੀ ਇਹ ਪ੍ਰਚਾਰ ਕਰਨਾ ਚਾਹੁੰਦੇ ਹਨ ਕਿ ਉਹ ਸੱਚੇ ਬਾਦਸ਼ਾਹ ਹਨ ਅਤੇ ਭਾਰਤ ਦਾ ਸ਼ਾਸਕ ਇੱਕ ਨਕਲੀ ਬਾਦਸ਼ਾਹ ਹੈ। ਔਰੰਗਜ਼ੇਬ ਨੂੰ ਗੁਰੂ ਜੀ ਦੇ ਨਾਮ 'ਚ 'ਬਹਾਦਰ' ਲਗਾਇਆ ਜਾਣਾ ਵੀ ਰੜਕ ਰਿਹਾ ਸੀ ਕਿਉਂਕਿ ਇਹ ਨਾਮ ਮੁਗ਼ਲ ਦਰਬਾਰ 'ਚ ਮੌਜੂਦ ਪਤਵੰਤੇ ਲੋਕਾਂ ਨੂੰ ਹੀ ਖ਼ਿਤਾਬ ਵੱਜੋਂ ਦਿੱਤਾ ਜਾਂਦਾ ਸੀ।"

ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਦਿੱਲੀ ਵਿਖੇ ਉਨ੍ਹਾਂ ਅੱਗੇ ਪੇਸ਼ ਕੀਤਾ ਜਾਵੇ ਅਤੇ ਨਾਲ ਹੀ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਜਾਵੇ।

ਜੇਕਰ ਉਹ ਅਜਿਹਾ ਨਾ ਕਰਨ ਤਾਂ ਉਨ੍ਹਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਵੇਗਾ।

## ਗੁਰੂ ਤੇਗ ਬਹਾਦਰ ਨਾਲ ਸਵਾਲ-ਜਵਾਬ

ਗੁਰੂ ਤੇਗ ਬਹਾਦਰ ਨੇ ਆਪਣੇ ਪਰਿਵਾਰ ਅਤੇ ਸਾਥੀਆਂ ਤੋਂ ਵਿਦਾ ਲਈ ਅਤੇ ਐਲਾਨ ਕੀਤਾ ਕਿ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਗੋਬਿੰਦ ਰਾਏ ਨੂੰ ਅਗਲਾ ਗੁਰੂ ਥਾਪਿਆ ਜਾਵੇਗਾ।

11 ਜੁਲਾਈ, 1675 ਨੂੰ ਗੁਰੂ ਜੀ ਆਪਣੇ ਪੰਜ ਪੈਰੋਕਾਰਾਂ ਭਾਈ ਮਤੀ ਦਾਸ, ਉਨ੍ਹਾਂ ਦੇ ਛੋਟੇ ਭਰਾ ਸਤੀ ਦਾਸ, ਭਾਈ ਦਿਆਲਾ, ਭਾਈ ਜੈਤਾ ਅਤੇ ਭਾਈ ਉਦੈ ਨਾਲ ਦਿੱਲੀ ਵੱਲ ਨੂੰ ਰਵਾਨਾ ਹੋਏ।

ਥੋੜੀ ਦੂਰ ਤੱਕ ਜਾਣ ਤੋਂ ਬਾਅਦ ਉਨ੍ਹਾਂ ਨੇ ਅੱਗੇ ਦੀ ਥੋਹ-ਖ਼ਬਰ ਲੈਣ ਲਈ ਭਾਈ ਉਦੈ ਅਤੇ ਭਾਈ ਜੈਤਾ ਜੀ ਨੂੰ ਦਿੱਲੀ ਲਈ ਰਵਾਨਾ ਕੀਤਾ।

ਇੱਕ ਦਿਨ ਬਾਅਦ ਹੀ ਉਨ੍ਹਾਂ ਨੂੰ ਰੋਪੜ ਥਾਣੇ ਦੇ ਹਾਕਿਮ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੇ ਮਲਿਕਪੁਰ ਦੇ ਰੰਘੜਾਂ ਪਿੰਡ ਤੋਂ ਗ੍ਰਿਫ਼ਤਾਰ ਕਰ ਲਿਆ।

ਰੋਪੜ ਤੋਂ ਗੁਰੂ ਜੀ ਅਤੇ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਸਖ਼ਤ ਪਹਿਰੇ ਹੇਠ ਸਰਹਿੰਦ ਲਿਜਾਇਆ ਗਿਆ ਸੀ।

ਉਸ ਤੋਂ ਬਾਅਦ ਉਨ੍ਹਾਂ ਸਾਰਿਆਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਥਾਣੇ 'ਚ ਭੇਜ ਦਿੱਤਾ ਗਿਆ।

ਇੰਨ੍ਹਾਂ ਚਾਰ ਮਹੀਨਿਆਂ ਦੀ ਕੈਦ ਦੌਰਾਨ ਗੁਰੂ ਜੀ ਅਤੇ ਉਨ੍ਹਾਂ ਦੇ ਤਿੰਨੇ ਸਾਥੀਆਂ ਨੂੰ ਬਹੁਤ ਸਾਰੇ ਤਸੀਹੇ ਦਿੱਤੇ ਗਏ।

ਗੁਰੂ ਤੇਗ ਬਹਾਦਰ ਦੇ ਜੀਵਨੀਕਾਰ ਹਰਬੰਸ ਸਿੰਘ ਵਿਰਦੀ ਆਪਣੀ ਕਿਤਾਬ 'ਗੁਰੂ ਤੇਗ ਬਹਾਦਰ ਸੇਵੀਅਰ ਆਫ਼ ਹਿੰਦੂਜ਼ ਐਂਡ ਹਿੰਦੁਸਤਾਨ' 'ਚ ਲਿਖਦੇ ਹਨ, " ਦਿੱਲੀ 'ਚ ਗੁਰੂ ਜੀ ਨੂੰ ਉਨ੍ਹਾਂ ਦੇ ਤਿੰਨ ਸਾਥੀਆਂ ਸਮੇਤ ਲਾਲ ਕਿਲ੍ਹੇ ਵਿਖੇ ਲਿਜਾਇਆ ਗਿਆ। ਉੱਥੇ ਗੁਰੂ ਜੀ ਤੋਂ ਹਿੰਦੂ ਅਤੇ ਸਿੱਖ ਧਰਮ ਸਬੰਧੀ ਕਈ ਸਵਾਲ ਪੁੱਛੇ ਗਏ। ਗੁਰੂ ਜੀ ਤੋਂ ਇਹ ਵੀ ਪੁੱਛਿਆ ਗਿਆ ਕਿ ਉਹ ਜਨੇਊ ਪਾਉਣ ਵਾਲੇ ਅਤੇ ਮੱਥੇ 'ਤੇ ਤਿਲਕ ਲਗਾਉਣ ਵਾਲਿਆਂ ਲਈ ਆਪਣੀ ਜਾਨ ਕਿਉਂ ਕੁਰਬਾਨ ਕਰ ਰਹੇ ਹਨ?

ਗੁਰੂ ਜੀ ਦਾ ਜਵਾਬ ਸੀ ਕਿ ਹਿੰਦੂ ਕਮਜ਼ੋਰ ਪੈ ਗਏ ਹਨ ਇਸ ਲਈ ਉਹ ਨਾਨਕ ਦੇ ਦਰਬਾਰ 'ਚ ਸ਼ਰਨ ਲੈਣ ਲਈ ਆਏ ਹਨ।

ਜੇਕਰ ਮੁਸਲਮਾਨਾਂ ਨੇ ਵੀ ਉਨ੍ਹਾਂ ਤੋਂ ਇਸ ਤਰ੍ਹਾਂ ਦੀ ਮਦਦ ਮੰਗੀ ਹੁੰਦੀ ਤਾਂ ਉਹ ਉਨ੍ਹਾਂ ਲਈ ਵੀ ਆਪਣੀ ਜਾਨ ਕੁਰਬਾਨ ਕਰ ਦਿੰਦੇ।"

## ਔਰੰਗਜ਼ੇਬ ਦੀ ਚੇਤਾਵਨੀ

ਡਾ. ਤ੍ਰਿਲੋਚਨ ਸਿੰਘ ਆਪਣੀ ਕਿਤਾਬ 'ਗੁਰੂ ਤੇਗ ਬਹਾਦਰ ਪ੍ਰੋਫ਼ੇਟ ਐਂਡ ਮਾਰਟਿਅਰ' 'ਚ ਲਿਖਦੇ ਹਨ, "ਔਰੰਗਜ਼ੇਬ ਸਵੇਰੇ 9 ਵਜੇ ਦੀਵਾਨ-ਏ-ਆਮ 'ਚ ਦਾਖਲ ਹੋਇਆ ਅਤੇ ਆਪਣੀ ਬਾਲਕੋਨੀ 'ਚ ਪਹੁੰਚ ਗਿਆ।"

"ਬਾਦਸ਼ਾਹ ਨੇ ਚਿੱਟੇ ਰੇਸ਼ਮੀ ਕੱਪੜੇ ਪਾਏ ਹੋਏ ਸਨ। ਉਨ੍ਹਾਂ ਦੀ ਕਮਰ 'ਤੇ ਰੇਸ਼ਮੀ ਕਮਰਬੰਦ ਬੰਨ੍ਹਿਆ ਹੋਇਆ ਸੀ, ਜਿਸ 'ਚ ਰਤਨਾਂ ਨਾਲ ਜੜਿਆ ਇੱਕ ਖੰਜਰ ਲਟਕ ਰਿਹਾ ਸੀ। ਬਾਦਸ਼ਾਹ ਦੇ ਸਿਰ 'ਤੇ ਇੱਕ ਚਿੱਟੀ ਪੱਗ ਸੀ ਅਤੇ ਉਨ੍ਹਾਂ ਦੇ ਦੋਵੇਂ ਪਾਸੇ ਖੜ੍ਹੇ ਕਿਨਰ ਯਾਕ ਦੀ ਪੂੰਛ ਅਤੇ ਮੋਰ ਦੇ ਪੰਖਾਂ ਨਾਲ ਬਣੇ ਪੱਖੇ ਨਾਲ ਬਾਦਸ਼ਾਹ ਨੂੰ ਹਵਾ ਚੱਲ ਰਹੇ ਸਨ।"

"ਬਾਦਸ਼ਾਹ ਨੂੰ ਸਿੱਖ ਧਰਮ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਸੀ। ਉਹ ਇਸ ਗੱਲ ਤੋਂ ਵੀ ਜਾਣੂ ਸੀ ਕਿ ਸਿੱਖ ਵੀ ਮੁਸਲਮਾਨਾਂ ਵਾਂਗ ਮੂਰਤੀ ਪੂਜਾ ਦੇ ਹੱਕ 'ਚ ਨਹੀਂ ਹਨ। ਉਨ੍ਹਾਂ ਨੂੰ ਬਹੁਤ ਉਮੀਦ ਸੀ ਕਿ ਉਹ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਮਨਾ ਲੈਣਗੇ, ਕਿਉਂਕਿ ਦੋਵਾਂ ਦਰਮਿਆਨ ਬਹੁਤ ਵਿਚਾਰਕ ਨੇੜਤਾ ਸੀ। ਔਰੰਗਜ਼ੇਬ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਨਾ ਤਾਂ ਮੂਰਤੀ ਪੂਜਾ 'ਚ ਵਿਸ਼ਵਾਸ ਰੱਖਦੇ ਹੋ ਅਤੇ ਨਾ ਹੀ ਤੁਹਾਨੂੰ ਇੰਨ੍ਹਾਂ ਬ੍ਰਾਹਮਣਾਂ 'ਤੇ ਭਰੋਸਾ ਹੈ, ਫਿਰ ਤੁਸੀਂ ਇੰਨ੍ਹਾਂ ਦਾ ਮਾਮਲਾ ਲੈ ਕੇ ਸਾਡੇ ਸਾਹਮਣੇ ਕਿਉਂ ਆਏ ਹੋ?" ਅੰਤ 'ਚ ਦਰਬਾਰ ਵੱਲੋਂ ਸਾਫ਼-ਸਾਫ਼ ਕਿਹਾ ਗਿਆ ਕਿ ਜਾਂ ਤਾਂ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਣ ਜਾਂ ਫਿਰ ਮਰਨ ਲਈ ਤਿਆਰ ਹੋ ਜਾਣ।

ਗੁਰੂ ਜੀ ਨੂੰ ਇੱਕ ਲੋਹੇ ਦੇ ਪਿੰਜਰੇ 'ਚ ਬੰਦ ਕਰਕੇ ਜੰਜ਼ੀਰਾਂ ਨਾਲ ਬੰਨ੍ਹ ਦਿੱਤਾ ਗਿਆ ਸੀ।

ਔਰੰਗਜ਼ੇਬ ਨੇ ਗੁਰੂ ਜੀ ਕੋਲ ਬਹੁਤ ਸਾਰੇ ਦੂਤ ਭੇਜੇ ਪਰ ਗੁਰੂ ਜੀ ਆਪਣੀ ਗੱਲ 'ਤੇ ਅੜੇ ਰਹੇ।

ਇੱਕ ਦਿਨ ਜੇਲ੍ਹ ਦੇ ਮੁਖੀ ਨੇ ਗੁਰੂ ਜੀ ਨੂੰ ਕਿਹਾ, "ਬਾਦਸ਼ਾਹ ਚਾਹੁੰਦੇ ਹਨ ਕਿ ਤੁਸੀਂ ਇਸਲਾਮ ਕਬੂਲ ਕਰ ਲਓ। ਜੇਕਰ ਤੁਸੀਂ ਅਜਿਹਾ ਨਹੀਂ ਕਰ ਸਕਦੇ ਹੋ ਤਾਂ ਫਿਰ ਕੋਈ ਚਮਤਕਾਰ ਵਿਖਾ ਦੇਵੋ, ਜਿਸ ਨਾਲ ਉਨ੍ਹਾਂ ਨੂੰ ਇਹ ਅੰਦਾਜ਼ਾ ਹੋ ਜਾਵੇ ਕਿ ਤੁਸੀਂ ਇੱਕ ਪਵਿੱਤਰ ਪੁਰਸ਼ ਹੋ।"

ਹਰਬੰਸ ਸਿੰਘ ਵਿਰਦੀ ਲਿਖਦੇ ਹਨ, "ਗੁਰੂ ਜੀ ਨੇ ਜਵਾਬ ਦਿੱਤਾ, ਮੇਰੇ ਦੋਸਤ, ਚਮਤਕਾਰ ਦਾ ਮਤਲਬ ਹੁੰਦਾ ਹੈ ਪ੍ਰਮਾਤਮਾ ਦੀ ਮਿਹਰ ਅਤੇ ਅਹਿਸਾਨ। ਉਹ ਦੁਨੀਆ ਅੱ ਗੇ ਜਾਦੂਗਰੀ ਵਿਖਾਉਣ ਦੀ ਇਜਾਜ਼ਤ ਨਹੀਂ ਦਿੰਦਾ ਹੈ।"

"ਉਨ੍ਹਾਂ ਦੀ ਮਿਹਰ ਦੀ ਦੁਰਵਰਤੋਂ ਕਰਨ ਨਾਲ ਉਹ ਨਾਰਾਜ਼ ਹੋ ਜਾਣਗੇ। ਮੈਨੂੰ ਚਮਤਕਾਰ ਵਿਖਾਉਣ ਦੀ ਲੋੜ ਨਹੀਂ ਹੈ, ਕਿਉਂਕਿ ਹਰ ਰੋਜ਼ ਹੀ ਸਾਡੇ ਸਾਹਮਣੇ ਚਮਤਕਾਰ ਹੋ ਰਹੇ ਹਨ।

ਕੀ ਇਹ ਚਮਤਕਾਰ ਨਹੀਂ ਹੈ ਕਿ ਬਾਦਸ਼ਾਹ ਦੂਜਿਆਂ ਨੂੰ ਤਾਂ ਮੌਤ ਦੀ ਸਜ਼ਾ ਦੇ ਰਿਹਾ ਹੈ ਪਰ ਉਸ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ ਕਿ ਇੱਕ ਦਿਨ ਉਸ ਨੂੰ ਵੀ ਮੌਤ ਆਉਣੀ ਹੈ।"

## ਤਿੰਨੇ ਸਾਥੀਆਂ ਉੱਤੇ ਤਸ਼ੱਦਦ

ਜਦੋਂ ਇਹ ਪੱਕਾ ਹੋ ਗਿਆ ਕਿ ਗੁਰੂ ਜੀ ਆਪਣੇ ਵਿਚਾਰ ਨਹੀਂ ਬਦਲਣਗੇ ਤਾਂ ਉਨ੍ਹਾਂ ਦੇ ਸਾਥੀਆਂ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਤਸੀਹੇ ਦਿੱਤੇ ਗਏ।

ਹਰੀ ਰਾਮ ਗੁਪਤਾ ਲਿਖਦੇ ਹਨ, "ਚਾਂਦਨੀ ਚੌਂਕ ਜਿੱਥੇ ਕਿ ਅੱਜ ਕੋਤਵਾਲੀ ਹੈ, ਉਸ ਦੇ ਸਾਹਮਣੇ ਫੁਹਾਰੇ ਉੱਤੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਉਸ ਜ਼ੁਲਮ ਦਾ ਮੁਕਾਬਲਾ ਸ਼ਾਂਤੀ ਅਤੇ ਬਹਾਦਰੀ ਨਾਲ ਕੀਤਾ। ਇਸ ਦਾ ਜ਼ਿਕਰ ਸਿੱਖਾਂ ਵੱਲੋਂ ਰੋਜ਼ਾਨਾਂ ਕੀਤੀ ਜਾਂਦੀ ਅਰਦਾਸ 'ਚ ਵੀ ਆਉਂਦਾ ਹੈ।"

ਭਾਈ ਸਤੀ ਦਾਸ ਨੇ ਆਪਣੀ ਵਾਰੀ ਆਉਣ ਤੋਂ ਪਹਿਲਾਂ ਹੱਥ ਜੋੜ ਕੇ ਇਹ ਸਾਰਾ ਦ੍ਰਿਸ਼ ਵੇਖ ਰਹੇ ਗੁਰੂ ਜੀ ਤੋਂ ਅਸ਼ੀਰਵਾਦ ਲਿਆ।

"ਭਾਈ ਸਤੀ ਦਾਸ ਜੀ ਦੇ ਸਰੀਰ 'ਤੇ ਰੂੰਈਂ ਲਪੇਟ ਕੇ ਉਨ੍ਹਾਂ ਨੂੰ ਇਕ ਖੰਭੇ ਨਾਲ ਬੰਨ੍ਹ ਦਿੱਤਾ ਗਿਆ ਅਤੇ ਫਿਰ ਉਨ੍ਹਾਂ ਨੂੰ ਅੱਗ ਲਗਾ ਦਿੱਤੀ ਗਈ। ਭਾਈ ਦਿਆਲਾ ਜੀ ਨੂੰ ਉਬਲਦੇ ਤੇਲ 'ਚ ਜ਼ਿੰਦਾ ਸੁੱਟ ਦਿੱਤਾ ਗਿਆ ਤੇ ਉਨ੍ਹਾਂ ਦੀ ਸ਼ਹੀਦੀ ਹੋਈ।"

ਉੱਥੇ ਖੜ੍ਹੀ ਭੀੜ ਇਹ ਸਭ ਵੇਖ ਰਹੀ ਸੀ।

ਇਹ ਸਭ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਸੀ ਅਤੇ ਉਹ ਲਗਾਤਾਰ ਵਾਹਿਗੁਰੂ ਦਾ ਜਾਪ ਕਰ ਰਹੇ ਸਨ।ਉੱਥੇ ਮੌਜੂਦ ਗੁਰੂ ਜੀ ਦੇ ਇੱਕ ਹੋਰ ਸਿੱਖ ਜੈਤਾ ਦਾਸ ਨੇ ਰਾਤ ਨੂੰ ਸ਼ਹੀਦ ਕੀਤੇ ਗਏ ਲੋਕਾਂ ਦੀਆਂ ਮ੍ਰਿਤਕ ਦੇਹਾਂ ਨੂੰ ਨੇੜੇ ਹੀ ਵਗਦੀ ਜਮਨਾ ਨਦੀ 'ਚ ਵਹਾ ਦਿੱਤਾ ਸੀ।

ਇਤਿਹਾਸ ਦੇ ਪ੍ਰੋਫ਼ੈਸਰ ਹਰਜੇਸ਼ਵਰ ਪਾਲ ਕਹਿੰਦੇ ਹਨ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਘਟਨਾ ਹੈ।

ਉਹ ਕਹਿੰਦੇ ਹਨ, "ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਰਾਜਨੀਤਿਕ ਅਤੇ ਧਾਰਮਿਕ ਜ਼ੁਲਮਾਂ ਦਾ ਟਾਕਰਾ ਕਰਨ ਵਿੱਚ ਗੁਰੂ ਗੁਰੂ ਤੇਗ ਬਹਾਦਰ ਦੀ ਦਲੇਰੀ ਇੱਕ ਮਿਸਾਲ ਹੈ।"

"ਗੁਰੂ ਜੀ ਨੇ ਆਪਣੇ ਪਿੱਛੇ ਧਾਰਮਿਕ ਆਜ਼ਾਦੀ ਲਈ ਖੜ੍ਹਨ ਦੀ ਇੱਕ ਵਿਰਾਸਤ ਛੱਡੀ ਹੈ। ਉਹਨਾਂ ਨੇ ਇਨਸਾਨ ਨੂੰ ਆਪਣੀ ਪਸੰਦ ਦਾ ਧਰਮ ਮੰਨਣ ਦੀ ਆਜ਼ਾਦੀ ਅਤੇ ਆਪਣੇ ਧਰਮ ਲਈ ਜਾਨ ਦੇਣ ਦੀ ਵਿਰਾਸਤ ਦਿੱਤੀ ਹੈ।" "ਉਹਨਾਂ ਦੀ ਕੁਰਬਾਨੀ ਦੀ ਵਿਲੱਖਣਤਾ ਹੈ ਕਿ ਗੁਰੂ ਜੀ ਨੇ ਦੂਜੇ ਧਰਮ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ।" "ਗੁਰੂ ਸਾਹਿਬ ਤੋਂ ਪ੍ਰੇਰਨਾ ਲੈ ਕੇ ਸਿੱਖ, ਵੱਖ-ਵੱਖ ਧਰਮਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਇਤਿਹਾਸ ਵਿੱਚ ਖੜ੍ਹਦੇ ਆਏ ਹਨ।"

"ਉਹਨਾਂ ਦੀ ਦੱਬੇ-ਕੁਚਲੇ ਲੋਕਾਂ ਲਈ ਖੜ੍ਹਨ, ਜ਼ੁਲਮ ਦੇ ਵਿਰੁੱਧ ਲੜਨ ਅਤੇ ਉੱਚ ਆਦਰਸ਼ਾਂ ਲਈ ਕੁਰਬਾਨੀ ਦੀ ਮਿਸਾਲ ਨੇ ਇਤਿਹਾਸ ਵਿਚ ਸਿੱਖਾਂ ਨੂੰ ਪ੍ਰੇਰਿਤ ਕੀਤਾ ਹੈ।"

"ਉਹਨਾਂ ਦੇ ਸ਼ਾਂਤੀ ਅਤੇ ਬਹਾਦਰੀ ਵਾਲੇ ਸੰਦੇਸ਼ ਗੁਰੂਦੁਆਰਾ ਸੁਧਾਰ ਲਹਿਰ, ਪੰਜਾਬੀ ਸੂਬੇ ਦੇ ਅੰਦੋਲਨ ਅਤੇ ਕਿਸਾਨ ਸੰਘਰਸ਼ ਸਮੇਂ ਵੀ ਸੰਗਤਾਂ ਨੂੰ ਪ੍ਰੇਰਿਤ ਕਰਦੇ ਰਹੇ ਹਨ।"

> ਗੁਰੂ ਤੇਗ ਬਹਾਦਰ ਦੇ ਜੀਵਨੀਕਾਰ ਹਰਬੰਸ ਸਿੰਘ ਵਿਰਦੀ ਆਪਣੀ ਕਿਤਾਬ 'ਗੁਰੂ ਤੇਗ ਬਹਾਦਰ ਸੇਵੀਅਰ ਆਫ਼ ਹਿੰਦੂਜ਼ ਐਂਡ ਹਿੰਦੂਸਤਾਨ' 'ਚ ਲਿਖਦੇ ਹਨ, " ਦਿੱਲੀ 'ਚ ਗੁਰੂ ਜੀ ਨੂੰ ਉਨ੍ਹਾਂ ਦੇ ਤਿੰਨ ਸਾਥੀਆਂ ਸਮੇਤ ਲਾਲ ਕਿਲ੍ਹੇ ਵਿਖੇ ਲਿਜਾਇਆ ਗਿਆ। ਉੱਥੇ ਗੁਰੂ ਜੀ ਤੋਂ ਹਿੰਦੂ ਅਤੇ ਸਿੱਖ ਧਰਮ ਸਬੰਧੀ ਕਈ ਸਵਾਲ ਪੁੱਛੇ ਗਏ। ਗੁਰੂ ਜੀ ਤੋਂ ਇਹ ਵੀ ਪੁੱਛਿਆ ਗਿਆ ਕਿ ਉਹ ਜਨੇਊ ਪਾਉਣ ਵਾਲੇ ਅਤੇ ਮੱਥੇ 'ਤੇ ਤਿਲਕ ਲਗਾਉਣ ਵਾਲਿਆਂ ਲਈ ਆਪਣੀ ਜਾਨ ਕਿਉਂ ਕੁਰਬਾਨ ਕਰ ਰਹੇ ਹਨ?
> ਗੁਰੂ ਜੀ ਦਾ ਜਵਾਬ ਸੀ ਕਿ ਹਿੰਦੂ ਕਮਜ਼ੋਰ ਪੈ ਗਏ ਹਨ ਇਸ ਲਈ ਉਹ ਨਾਨਕ ਦੇ ਦਰਬਾਰ 'ਚ ਸ਼ਰਨ ਲੈਣ ਲਈ ਆਏ ਹਨ।

## ਗੁਰੂ ਤੇਗ ਬਹਾਦਰ ਦਾ ਆਖ਼ਰੀ ਦਿਨ

ਜਿਸ ਦਿਨ ਗੁਰੂ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਸੀ, ਉਸ ਦਿਨ ਉਹ ਜਲਦੀ ਉੱਠ ਗਏ ਸਨ। ਉਨ੍ਹਾਂ ਨੇ ਕੋਤਵਾਲੀ ਨਜ਼ਦੀਕ ਇੱਕ ਖੂਹ 'ਤੇ ਇਸਨਾਨ ਕੀਤਾ ਅਤੇ ਅਰਦਾਸ ਕੀਤੀ।



11 ਵਜੇ ਜਦੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਵਾਲੀ ਜਗ੍ਹਾ 'ਤੇ ਲਿਜਾਇਆ ਗਿਆ ਤਾਂ ਕਾਜ਼ੀ ਅਬਦੁਲ ਵਹਾਬ ਬੋਰਾ ਨੇ ਗੁਰੂ ਜੀ ਨੂੰ ਫਤਵਾ ਪੜ੍ਹ ਕੇ ਸੁਣਾਇਆ।

ਜਲਾਦ ਜਲਾਲੂਦੀਨ ਨੰਗੀ ਤਲਵਾਰ ਲੈ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਹੋ ਗਿਆ।

ਉਸ ਸਮੇਂ ਅਸਮਾਨ 'ਚ ਬੱਦਲ ਛਾ ਗਏ ਅਤੇ ਉੱਥੇ ਮੌਜੂਦ ਚਸ਼ਮਦੀਦ ਰੋਣ ਲੱਗ ਪਏ ਸਨ।

ਗੁਰੂ ਜੀ ਨੇ ਆਪਣੇ ਦੋਵੇਂ ਹੱਥ ਚੁੱਕ ਕੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ।

ਜਿਵੇਂ ਹੀ ਜਲਾਲੂਦੀਨ ਨੇ ਗੁਰੂ ਜੀ ਦਾ ਸੀਸ ਧੜ੍ਹ ਨਾਲੋਂ ਵੱਖ ਕੀਤਾ, ਭੀੜ 'ਚ ਸਨਾਟਾ ਛਾ ਗਿਆ। ਜਿਸ ਥਾਂ 'ਤੇ ਗੁਰੂ ਜੀ ਦੀ ਸ਼ਹਾਦਤ ਹੋਈ ਸੀ, ਉਸ ਥਾਂ 'ਤੇ ਬਾਅਦ 'ਚ ਗੁਰਦੁਆਰਾ ਸੀਸ ਗੰਜ ਸਾਹਿਬ ਬਣਾਇਆ ਗਿਆ।

ਗੁਰੂ ਜੀ ਦੇ ਪੈਰੋਕਾਰ ਭਾਈ ਜੈਤਾ ਦਾਸ ਨੇ ਉਨ੍ਹਾਂ ਦੇ ਕੱਟੇ ਹੋਏ ਸੀਸ ਨੂੰ ਦਿੱਲੀ ਤੋਂ 340 ਕਿਲੋਮੀਟਰ ਦੂਰ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ 9 ਸਾਲ ਦੇ ਪੁੱਤਰ ਗੋਬਿੰਦ ਰਾਏ ਨੂੰ ਲਿਆ ਕੇ ਦਿੱਤਾ।

## ਮੁਗਲਾਂ ਦੇ ਪਤਨ ਦੀ ਸ਼ੁਰੂਆਤ

ਗੁਰੂ ਤੇਗ ਬਹਾਦਰ ਦੀ ਕੁਰਬਾਨੀ ਤੋਂ ਬਾਅਦ ਬਹੁਤ ਸਾਰੇ ਪੰਡਿਤਾਂ ਨੇ ਸਿੱਖ ਧਰਮ ਅਪਣਾ ਲਿਆ ਸੀ।

ਕਸ਼ਮੀਰੀ ਬ੍ਰਾਹਮਣਾਂ ਦੀ ਅਗਵਾਈ ਕਰਨ ਵਾਲੇ ਕਿਰਪਾ ਰਾਮ ਨੇ ਵੀ ਸਿੱਖ ਧਰਮ ਅਪਣਾ ਲਿਆ ਸੀ।



ਸਿੱਖ ਵਿਦਵਾਨ ਗੁਰਮੁਖ ਸਿੰਘ ਆਪਣੀ ਕਿਤਾਬ 'ਗੁਰੂ ਤੇਗ ਬਹਾਦਰ ਦ ਟਰੂ ਸਟੋਰੀ' 'ਚ ਲਿਖਦੇ ਹਨ, "ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਸ ਕੁਰਬਾਨੀ ਦਾ ਜ਼ਬਰਦਸਤ ਪ੍ਰਭਾਵ ਪਿਆ, ਜਿਸ ਨੇ ਭਾਰਤੀ ਉਪ ਮਹਾਦੀਪ ਦੇ ਇਤਿਹਾਸ ਨੂੰ ਹੀ ਬਦਲ ਕੇ ਰੱਖ ਦਿੱਤਾ। ਇਹ ਮਨੁੱਖੀ ਇਤਿਹਾਸ 'ਚ ਮਨੁੱਖੀ ਅਧਿਕਾਰਾਂ ਲਈ ਦਿੱਤੀ ਗਈ ਸ਼ਹਾਦਤ ਦੀ ਸਭ ਤੋਂ ਵੱਡੀ ਮਿਸਾਲ ਬਣ ਗਈ। ਇੱਥੋਂ ਹੀ ਭਾਰਤ 'ਚ ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਪਤਨ ਦੀ ਕਹਾਣੀ ਦਾ ਆਗਾਜ਼ ਹੋਇਆ।"

# ਜਥੇਦਾਰਾਂ ਦੀ ਮੀਟਿੰਗ 'ਚ ਗਿਆਨੀ ਗੌਹਰ ਨੂੰ ਦਰਵਾਜ਼ਾ ਖੁੱਲ੍ਹਣ ਦਾ ਕਰਨਾ ਪਿਆ ਇੰਤਜ਼ਾਰ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ, ਜਿਨਾਂ ਨੂੰ ਪਿਛਲੇ ਸਮੇਂ 'ਚ ਤਖ਼ਤਾਂ ਦੇ ਜਥੇਦਾਰਾਂ ਦੀ ਹਰ ਮੀਟਿੰਗ 'ਚ ਬੜੇ ਮਾਣ ਅਤੇ ਸਤਿਕਾਰ ਨਾਲ ਬਿਠਾਇਆ ਜਾਂਦਾ ਸੀ, ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਅੰਦਰ ਜਾਣ ਲਈ ਬਾਹਰ ਲੱਗਭਗ 15 ਮਿੰਟ ਤਕ ਦਰਵਾਜ਼ਾ ਖੁੱਲ੍ਹਣ ਦਾ ਇੰਤਜ਼ਾਰ ਕਰਨਾ ਪਿਆ। 15 ਮਿੰਟ ਬਾਅਦ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿੱਜੀ ਸਹਾਇੱਕ ਸਸਪਾਲ ਸਿੰਘ ਨੇ ਆ ਕੇ ਜਥੇਦਾਰ ਗੌਹਰ ਕੋਲੋ ਉਨ੍ਹਾਂ ਦਾ ਪੱਖ ਮਜ਼ਬੂਤ ਕਰਦੇ ਦਸਤਾਵੇਜ਼ ਪ੍ਰਾਪਤ ਕੀਤੇ।



ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਤੋਂ ਬਾਅਦ ਜਿਵੇਂ ਹੀ ਗਿਆਨੀ ਗੌਹਰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਬਾਹਰ ਪੁੱਜੇ ਤਾਂ ਸਕੱਤਰੇਤ ਦੇ ਅੰਦਰ ਕਰਮਚਾਰੀਆਂ ਨੇ ਗਿਆਨੀ ਗੌਹਰ ਨੂੰ ਦੇਖਦਿਆਂ ਹੀ ਦਰਵਾਜ਼ਾ ਬੰਦ ਕਰ ਦਿੱਤਾ। ਆਪਣੇ ਨਾਲ ਹੋਏ ਇਸ ਵਤੀਰੇ ਨੂੰ ਦੇਖ ਕੇ ਜਥੇਦਾਰ ਗੌਹਰ ਦੀਆਂ ਅੱਖਾਂ ਭਰ ਆਈਆਂ। ਉਨ੍ਹਾਂ ਮੌਕਾ ਸੰਭਾਲਦਿਆਂ ਭਾਰੀ ਮਨ ਨਾਲ ਸਕੱਤਰੇਤ ਦੇ ਬਾਹਰ ਲੱਗੇ ਬੈਂਚ 'ਤੇ ਬੈਠਣਾ ਠੀਕ ਸਮਝਿਆ।

ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੌਹਰ ਨੇ ਕਿਹਾ ਕਿ ਡਾ.ਗੁਰਿੰਦਰ ਸਿੰਘ ਸਮਰਾ ਵਲੋਂ ਗੁਰੂ ਘਰ ਨੂੰ ਨਕਲੀ ਸਾਮਾਨ ਦਿੱਤਾ ਗਿਆ ਸੀ ਜਿਸ ਦੀ ਪੜਤਾਲ ਕਰਵਾਏ ਜਾਣ ਦੇ ਬਾਅਦ ਸਮਰਾ ਆਪਣੀ ਪਹਿਲਾਂ ਤੋਂ ਮੌਜੂਦ ਜਥੇਦਾਰ ਦੇ ਸੁਰੱਖਿਆ ਗਲਤੀ ਮੰਨਣ ਦੀ ਬਜਾਏ ਮੇਰੇ 'ਤੇ ਤਰ੍ਹਾਂ-ਤਰ੍ਹਾਂ ਦੇ ਇਲਜ਼ਾਮ ਲਗਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਬਤੌਰ ਜਥੇਦਾਰ ਤਿੰਨ ਸਾਲ ਤੋਂ ਵਧ ਸਮਾਂ ਬੀਤ ਗਿਆ ਹੈ। ਮੈਂ ਹਰ ਤਰ੍ਹਾਂ ਦੀ ਪੜਤਾਲ ਕਰਵਾਉਣ ਨੂੰ ਤਿਆਰ ਹਾਂ। ਅੱਜ ਪੈਦਾ ਹੋਏ ਹਾਲਾਤ ਕਾਰਨ ਤਖ਼ਤ ਦੇ ਜਥੇਦਾਰ ਦੀ ਤੌਹੀਨ ਕੀਤੀ ਜਾ ਰਹੀ ਹੈ। ਸਾਰਾ ਕੁੱਝ ਗੈਰ-ਵਿਧਾਨਕ ਢੰਗ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਬੁੱਧੀਜੀਵੀ ਅਤੇ ਜਥੇਦਾਰ ਮਿਲ ਬੈਠ ਕੇ ਸਾਰੇ ਮਾਮਲੇ ਦੇ ਹੱਲ ਕੱਢਣ। ਤਖ਼ਤ ਸਾਹਿਬ ਬੋਰਡ ਦੇ ਜਰਨਨ ਸਕੱਤਰ ਇੰਦਰਜੀਤ ਸਿੰਘ ਨੂੰ ਪੰਥ ਚੋਂ ਛੇਕੇ ਜਾਣ ਬਾਰੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘਾਂ ਦੇ ਫ਼ੈਸਲੇ 'ਤੇ ਗੱਲ ਕਰਦਿਆਂ ਗਿਆਨੀ ਗੌਹਰ ਨੇ ਕਿਹਾ ਕਿ ਪੰਥ 'ਚੋਂ ਛੇਕਣ ਦਾ ਅਧਿਕਾਰ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਹੈ।

# ਗੁਰਦਾਸਪੁਰ ਤੋਂ ਇਸ ਵਾਰ ਫ਼ਿਲਮ ਕਲਾਕਾਰਾਂ ਨੂੰ ਟਿਕਟ ਮਿਲਣੀ ਔਖੀ

ਮਾਧੋਪੁਰ (ਪੰਜਾਬੀ ਅਖਬਾਰ ਬਿਊਰੋ)- ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਇਸ ਵਾਰ ਸਥਾਨਕ ਉਮੀਦਵਾਰ ਉਤਾਰਨ ਬਾਰੇ ਵਿਚਾਰਾਂ ਕਰ ਰਹੀ ਹੈ। ਭਾਵੇਂ ਹਾਲੇ ਲੋਕ ਸਭਾ ਚੋਣਾਂ 'ਚ ਡੇਢ ਵਰ੍ਹੇ ਦਾ ਸਮਾਂ ਬਚਿਆ ਹੈ, ਪਰ ਭਾਜਪਾ ਹੁਣ ਤੋਂ ਹੀ ਰਣਨੀਤੀ ਵੱਲ ਧਿਆਨ ਦੇ ਰਹੀ ਹੈ। ਬੀਤੇ ਦਿਨੀਂ ਕੇਂਦਰੀ ਮੰਤਰੀ ਅਰਜੁਨ ਮੇਘਵਾਲ ਦੇ ਸਾਹਮਣੇ ਵੀ ਭਾਜਪਾ ਵਰਕਰਾਂ ਨੇ ਆਪਣੀ ਗੱਲ ਰੱਖੀ ਸੀ। ਵਰ੍ਹਾ 2019 'ਚ ਲੋਕ ਸਭਾ ਚੋਣਾਂ 'ਚ ਸਿਨੇਮਾ ਕਲਾਕਾਰ ਸਨੀ ਦਿਓਲ ਨੂੰ ਟਿਕਟ ਦਿੱਤੀ ਗਈ ਸੀ ਜੋ ਕਿ ਉਨ੍ਹਾਂ ਨੇ ਕਾਂਗਰਸੀ ਉਮੀਦਵਾਰ ਅਤੇ ਓਦੋਂ ਦੇ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੂੰ ਹਰਾ ਕੇ ਜਿੱਤ ਲਈ ਸੀ।



ਹੁਣ ਜਾਖੜ ਵੀ ਭਾਜਪਾ 'ਚ ਸ਼ਾਮਿਲ ਹੋ ਚੁੱਕੇ ਹਨ। ਇਸ ਤੋਂ ਪਹਿਲਾਂ ਸਿਨੇਮਾ ਨਾਲ ਜੁੜੇ ਰਹੇ ਵਿਨੋਦ ਖੰਨਾ ਵੀ ਚਾਰ ਵਾਰ ਗੁਰਦਾਸਪੁਰ ਲੋਕ ਸਭਾ ਚੋਣਾਂ ਜਿੱਤ ਚੁੱਕੇ ਸਨ। ਵਿਨੋਦ ਨੇ ਹਲਕੇ 'ਚ ਵਿਕਾਸ ਕਰਨ ਲਈ ਕਾਫ਼ੀ ਹੱਦ ਤਕ ਫ਼ਰਜ਼ ਨਿਭਾਏ ਸਨ। ਦੂਜੇ ਪਾਸੇ ਸਨੀ ਨਾਲ ਲੋਕਾਂ ਨੂੰ ਸ਼ਿਕਾਇਤ ਹੈ ਕਿ ਉਹ ਜਿੱਤਣ ਮਗਰੋਂ ਹਲਕੇ 'ਚ ਬਹੁਤ ਘੱਟ ਵਾਰ ਆਏ ਹਨ। ਇੱਕ ਵਾਰ ਤਾਂ ਜਨਤਾ ਨੇ ਹਲਕੇ 'ਚ ਸਨੀ ਦੇ ਗੁਮਸ਼ੁਦਾ ਹੋਣ ਸਬੰਧੀ ਪੋਸਟਰ ਵੀ ਲਗਾ ਦਿੱਤੇ ਸਨ।

ਲੋਕ ਸਭਾ ਉਮੀਦਵਾਰ ਬਾਰੇ ਵਿੱਚਾਰਾਂ ਹੋਣ ਮਗਰੋਂ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਡਿਪਟੀ ਸਪੀਕਰ ਦਿਨੇਸ਼ ਬੱਬੂ, ਸਵਰਨ ਸਲਾਰੀਆ ਨੂੰ ਦਾਅਵੇਦਾਰ ਵਜੋਂ ਵੇਖਿਆ ਜਾ ਰਿਹਾ ਹੈ। ਹੁਣ ਵੇਖਣਾ ਇਹ ਹੈ ਕਿ ਭਾਜਪਾ ਹਾਈ ਕਮਾਨ ਕਿਹੜੇ ਭਾਜਪਾਈ ਨੂੰ ਟਿਕਟ ਦਿੰਦੀ ਹੈ।

# ਹਰਿਆਣਾ ਕਮੇਟੀ ਸਬੰਧੀ ਸਿੱਖ ਆਗੂਆਂ ਦੀ ਗੁਪਤ ਮੀਟਿੰਗ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਹੋਂਦ 'ਚ ਆਉਣ ਮਗਰੋਂ ਸਿੱਖ ਸਫ਼ਾਂ, ਖਾਸ ਕਰ ਕੇ ਇਸ ਸੰਸਥਾ 'ਤੇ ਕਾਬਜ਼ ਧੜੇ 'ਚ ਚਿੰਤਾ 'ਚ ਹਨ। ਇਸੇ ਕੜੀ ਵਜੋਂ ਪੰਜਾਬ ਤੇ ਹਰਿਆਣਾ ਦੇ ਸਿੱਖ ਆਗੂਆਂ ਦੀ ਪਟਿਆਲਾ 'ਚ ਇੱਕ ਗੁਪਤ ਮੀਟਿੰਗ ਹੋਈ ਹੈ ਜਿਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਖ਼ਲ ਯਕੀਨੀ ਬਣਾਉਣ ਲਈ ਲੋੜੀਂਦੀ ਚਾਰਾਜੋਈ ਕਰਨ 'ਤੇ ਜ਼ੋਰ ਦਿੱਤਾ ਗਿਆ।



ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਦੀ ਰਿਹਾਇਸ਼ 'ਤੇ ਹੋਈ ਇਸ ਮੀਟਿੰਗ 'ਚ ਪ੍ਰੋ.ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਬਲਵਿੰਦਰ ਸਿੰਘ ਭੂੰਦੜ ਸਮੇਤ ਹਰਿਆਣਾ ਦੇ ਸਿੱਖ ਆਗੂ ਦੀਦਾਰ ਸਿੰਘ ਨਲ਼ਵੀ ਅਤੇ ਜਗਦੀਸ਼ ਸਿੰਘ ਝੀਂਡਾ ਆਦਿ ਨੇ ਹਿੱਸਾ ਲਿਆ। ਦੋਵਾਂ ਪਾਸਿਆਂ ਦੇ ਸਿੱਖ ਆਗੂਆਂ ਵਲੋਂ ਇਸ ਕਮੇਟੀ ਦੀ ਸਥਾਪਨਾ ਸ੍ਰੀ ਅਕਾਲ ਤਖਤ ਸਾਹਿਬ ਦੇ ਦਖਲ ਨਾਲ ਹੀ ਕਰਵਾਏ ਜਾਣ 'ਤੇ ਜ਼ੋਰ ਦਿੱਤਾ ਗਿਆ। ਹੁਣ ਹਰਿਆਣਾ ਸਰਕਾਰ ਬਲਜੀਤ ਸਿੰਘ ਦਾਦੂਵਾਲ ਨੂੰ ਕਮੇਟੀ ਦਾ ਪ੍ਰਧਾਨ ਬਣਾਉਣ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕਮੇਟੀ ਦਾ ਸਰਪ੍ਰਸਤ ਬਣਾਉਣਾ ਚਾਹੁੰਦੀ ਹੈ, ਪਰ ਸਿੱਖ ਸਫ਼ਾਂ 'ਚ ਅਜਿਹੀ ਕਾਰਵਾਈ ਨੂੰ ਹਰਿਆਣਾ ਹਕੂਮਤ, ਖ਼ਾਸ ਕਰ ਕੇ ਭਾਜਪਾ ਦੀ ਸਿੱਖ ਮਾਮਲਿਆਂ 'ਚ ਦਖਲਅੰਦਾਜ਼ੀ ਮੰਨਿਆ ਜਾ ਰਿਹਾ ਹੈ। ਉਧਰ ਪਿਛਲੇ ਸਾਲ ਤੋਂ ਨਾਤਾ ਟੁੱਟਿਆ ਹੋਣ ਕਾਰਨ ਹੁਣ ਅਕਾਲੀ ਦਲ ਦਾ ਵੀ ਭਾਜਪਾ 'ਤੇ ਜ਼ੋਰ ਨਹੀਂ ਚੱਲ ਰਿਹਾ ਪਰ ਪਟਿਆਲਾ ਵਿਚਲੀ ਮੀਟਿੰਗ 'ਚ ਅਜਿਹੀ ਕਾਰਵਾਈ ਨੂੰ ਰੋਕਣਾ ਲਾਜ਼ਮੀ ਕਰਾਰ ਦਿੱਤਾ ਗਿਆ। ਮੀਟਿੰਗ 'ਚ ਸ਼ਾਮਿਲ ਰਹੇ ਇੱਕ ਸਿੱਖ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਇਸ ਮੀਟਿੰਗ ਦੀ ਪੁਸ਼ਟੀ ਕੀਤੀ।

**ਹਰਿਆਣਾ ਦੇ ਸਿੱਖਾਂ ਨੂੰ ਇੱਕ ਝੰਡੇ ਹੇਠ ਇਕੱਠੇ ਕਰਾਂਗੇ- ਦਾਦੂਵਾਲ**

ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਇੱਕ ਝੰਡੇ ਹੇਠਾਂ ਇਕੱਠਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਹਰਿਆਣਾ ਦੀ ਸੰਗਤ ਬਾਦਲ ਪਰਿਵਾਰ ਤੋਂ ਵੱਖ ਹੋ ਕੇ ਸੂਬੇ ਦੇ ਗੁਰਦੁਆਰਿਆਂ ਦੇ ਪ੍ਰਬੰਧ ਸੁਚੱਜੇ ਵੇਖਣਾ ਚਾਹੁੰਦੀ ਹੈ ਅਤੇ ਹਰਿਆਣਾ ਗੁਰਦੁਆਰਾ ਮੈਨੇਜਮੈਂਗ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਵਲੋਂ ਰਾਜ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਕੰਮ ਸ਼ੁਰੂ ਕੀਤੇ ਜਾ ਰਹੇ ਹਨ।

# ਮਜੀਠੀਆ ਨੇ ਭਗਵੰਤ ਮਾਨ ਦੀ ਪੁਰਾਣੀ ਤਸਵੀਰ ਸਾਂਝੀ ਕਰ ਕੇ ਕਿਹਾ - ਮਿੱਤਰਾਂ ਨੂੰ ਸ਼ੌਂਕ ਹਥਿਆਰਾਂ ਦਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵਧ ਰਹੇ ਗੰਨ ਕਲਚਰ ਨੂੰ ਲੈ ਕੇ ਸਖ਼ਤੀ ਦਿਖਾਈ ਜਾ ਰਹੀ ਹੈ ਜਿਸ ਦੇ ਚੱਲਦਿਆਂ ਸਰਕਾਰ ਵਲੋਂ ਹਰ ਉਸ ਬੰਦ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾ ਰਿਹਾ ਹੈ ਜੋ ਕਿ ਸੋਸ਼ਲ ਮੀਡੀਆ 'ਤੇ ਹਥਿਆਰਾਂ ਸਮੇਤ ਤਸਵੀਰਾਂ ਪਾ ਰਿਹਾ ਹੈ ਜਾਂ ਫ਼ਿਰ ਗੰਨ ਕਲਚਰ ਨੂੰ ਪ੍ਰਮੋਟ ਕਰ ਰਿਹਾ ਹੈ। ਅਜਿਹਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਇੱਕ ਪੁਰਾਣੀ ਤਸਵੀਰ ਜਿਸ 'ਚ ਮੁੱਖ ਮੰਤਰੀ ਮਾਨ ਨੇ ਹਥਿਆਰ ਫ਼ੜਿਆ ਹੋਇਆ ਹੈ ਨੂੰ ਸੋਸ਼ਲ ਮੀਡੀਆ 'ਤੇ ਸਾਂਝੀ ਕਰ ਕੇ ਉਨ੍ਹਾਂ 'ਤੇ ਤਨਜ਼ ਕੱਸਿਆ ਹੈ।



ਮਜੀਠੀਆ ਨੇ ਟਵੀਟ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਪੁਰਾਣੀ ਤਸਵੀਰ ਸਾਂਝੀ ਕੀਤੀ ਜਿਸ 'ਚ ਮਾਨ ਨੇ ਹੱਥ 'ਚ ਦੁਨਾਲੀ ਫ਼ੜੀ ਹੋਈ ਹੈ ਅਤੇ ਅਜਿਹਾ ਲੱਗ ਰਿਹਾ ਹੈ ਕਿ ਉਹ ਫ਼ਾਇਰਿੰਗ ਕਰ ਰਹੇ ਹਨ। ਤਸਵੀਰ ਦੇ ਨਾਲ ਮਜੀਠੀਆ ਨੇ ਲਿਖਿਆ ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ, ਪਰ ਪਰਚੇ ਬੱਚਿਆਂ 'ਤੇ ਹੋ ਰਹੇ ਨੇ। ਜ਼ਿਕਰਯੋਗ ਹੈ ਕਿ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਟੈਗ ਕਰ ਕੇ ਇਹ ਟਵੀਟ ਕੀਤਾ। ਜ਼ਿਕਰਯੋਗ ਹੈ ਕਿ ਬੀਤੇ ਦਿਨ ਕੱਥੂਨੰਗਲ 'ਚ 10 ਸਾਲ ਦੇ ਬੱਚੇ 'ਤੇ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਹਾਲਾਂਕਿ ਤਸਵੀਰ ਪੁਰਾਣੀ ਸੀ ਅਤੇ ਬੱਚਾ ਓਦੋਂ ਚਾਰ ਸਾਲ ਦਾ ਸੀ। ਜ਼ਿਕਰਯੋਗ ਹੈ ਕਿ ਉਕਤ ਤਸਵੀਰ ਬੱਚੇ ਦੇ ਸ਼ੋਸਲ ਮੀਡੀਆ ਐਕਾਊਂਟ 'ਤੇ ਨਹੀਂ ਸੀ ਸਗੋਂ ਉਸ ਦੇ ਪਿਤਾ ਦਾ ਐਕਾਊਂਟ 'ਤੇ ਸੀ ਜਿਸ ਤੋਂ ਬਾਅਦ ਅੰਮ੍ਰਿਤਸਰ ਪੁਲੀਸ ਨੇ ਮੰਨਿਆ ਸੀ ਕਿ ਬੱਚੇ 'ਤੇ ਪੁਲੀਸ ਰਿਪੋਰਟ ਨਹੀਂ ਕੀਤੀ ਜਾਵੇਗੀ ਅਤੇ ਉਸ ਨੂੰ ਦੋਸ਼ੀ ਨਹੀਂ ਮੰਨਿਆ ਜਾਵੇਗਾ।

# ਵਿਦੇਸ਼ੀ ਹਥਿਆਰਾਂ ਨਾਲ ਹੋ ਰਹੇ ਨੇ ਪੰਜਾਬ 'ਚ ਕਤਲ - ਬਲਕੌਰ ਸਿੰਘ

ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ 'ਚ ਲਾਇਸੈਂਸੀ ਹਥਿਆਰਾਂ ਨਾਲ ਕਦੇ ਵੀ ਅਪਰਾਧ ਨਹੀਂ ਹੁੰਦੇ ਸਗੋਂ ਵਿਦੇਸ਼ਾਂ 'ਚੋਂ ਸ਼ਰੇਆਮ ਆ ਰਹੇ ਹਥਿਆਰਾਂ ਨਾਲ ਪੰਜਾਬੀਆਂ ਨੂੰ ਮੌਤ ਦੀ ਘਾਟ ਉਤਾਰਿਆ ਜਾ ਰਿਹਾ ਹੈ। UK ਤੋਂ ਪਰਤਣ ਉਪਰੰਤ ਬਲਕੌਰ ਸਿੰਘ ਅੱਜ ਆਪਣੀ ਰਿਹਾਇਸ਼ 'ਤੇ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, "ਪੰਜਾਬ 'ਚ ਹੁਣ ਕਾਨਪੁਰ ਅਤੇ UP ਵਾਲੇ ਹਥਿਆਰ ਨਹੀਂ ਆ ਰਹੇ ਹਨ ਸਗੋਂ ਗੈਂਗਸਟਰਾਂ ਕੋਲ ਰੂਸ ਦੀਆਂ ਆਧੁਨਿਕ ਗੰਨਾਂ ਪੁੱਜ ਰਹੀਆਂ ਹਨ, ਜਿਸ ਪ੍ਰਤੀ ਪੰਜਾਬ ਸਰਕਾਰ ਨੂੰ ਗੰਭੀਰ ਹੋਣ ਦੀ ਲੋੜ ਹੈ ਨਾ ਕਿ ਹਥਿਆਰਾਂ ਨਾਲ ਸ਼ੋਸਲ ਮੀਡੀਆ 'ਤੇ ਫ਼ੋਟੋਆਂ ਪਾਉਣ ਵਾਲਿਆਂ 'ਤੇ ਪਰਚੇ ਦਰਜ ਕਰਨ ਦੀ।" ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਨੇ ਅੱਜ ਤਕ ਵਿਦੇਸ਼ੀ ਹਥਿਆਰਾਂ ਸਮੇਤ ਕਿੰਨੇ ਕੁ ਗੈਂਗਸਟਰਾਂ ਅਤੇ ਹੋਰ ਲੋਕਾਂ ਨੂੰ ਫ਼ੜਿਆ ਹੈ ? ਸਗੋਂ ਅਧਿਕਾਰੀਆਂ ਵਲੋਂ ਵਾਰਦਾਤ ਤੋਂ ਬਾਅਦ ਵਿਦੇਸ਼ੀ ਹਥਿਆਰਾਂ ਦੀ ਵਰਤੋਂ ਹੋਣ ਬਾਰੇ ਦਾਅਵੇ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ DGP ਪੰਜਾਬ ਨੂੰ ਮਿਲ ਕੇ ਗਏ ਸਨ, ਪਰ ਸਿੱਧੂ ਦੇ ਕਤਲ ਦੇ ਸਾਜ਼ਿਸ਼ਘਾੜੇ ਹਾਲੇ ਵੀ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹਨ।



**UK ਦੀ ਸਰਕਾਰ ਨੇ ਵੀ ਸਿੱਧੂ ਮੂਸੇਵਾਲਾ ਦੇ ਕਤਲ ਲਈ ਮੰਗਿਆ ਇਨਸਾਫ਼**

ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਲਈ ਯੂ.ਕੇ.ਦੀ ਸਰਕਾਰ ਵੀ ਇਨਸਾਫ਼ ਦੀ ਮੰਗ ਕਰ ਰਹੀ ਹੈ, ਕਿਉਂਕਿ ਸਿਧ UK ਦਾ PR ਸੀ ਅਤੇ ਜੋ ਆਪਣੀ ਗਾਇਕੀ ਕਰ ਕੇ ਉੱਥੋਂ ਦੇ ਲੋਕਾਂ ਦੇ ਦਿਲਾਂ 'ਚ ਵੱਸਿਆ ਹੋਇਆ ਹੈ। ਬਲਕੌਰ ਸਿੰਘ ਨੇ ਕਿਹਾ ਕਿ ਸ਼ੁੱਭਦੀਪ ਦੇ UK ਦੇ PR ਹੋਣ ਸਬੰਧੀ ਉਨ੍ਹਾਂ ਨੂੰ UK 'ਚ ਜਾ ਕੇ ਪਤਾ ਲੱਗਿਆ।

# ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ ਮੌਕੇ ਮੋਦੀ ਨੇ ਕੀਤਾ ਨਮਨ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਇਸ ਹਫ਼ਤੇ ਹਿੰਦ ਦੀ ਚਾਦਰ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇ.ਗ ਬਹਾਦਰ ਜੀ ਮਹਾਰਾਜ ਜੀ ਦਾ ਸ਼ਹੀਦੀ ਦਿਹਾੜਾ ਸੀ। ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਕੋਟਿ-ਕੋਟਿ ਨਮਨ ਕਰਦੇ ਹਾਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਗੁਰੂ ਜੀ ਦੀ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਨਮਨ ਕੀਤਾ।ਪ੍ਰਧਾਨ ਮੰਤਰੀ ਨੇ ਟਵੀਟ ਕੀਤਾ, "ਮੈਂ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਕੋਟਿ-ਕੋਟਿ ਨਮਨ ਕਰਦਾ ਹਾਂ। ਉਨ੍ਹਾਂ ਦੀ ਆਪਣੇ ਸਿਧਾਂਤਾਂ ਦੇ ਨਾਲ-ਨਾਲ ਆਦਰਸਾਂ ਪ੍ਰਤੀ ਆਪਣੀ ਹਿੰਮਤ ਅਤੇ ਅਟੁੱਟ ਵਚਨਬੱਧਤਾ ਲਈ ਵਿਸਵ ਪੱਧਰ 'ਤੇ ਪ੍ਰਸ਼ੰਸਾ ਕੀਤੀ ਜਾਂਦੀ ਹੈ। ਉਨ੍ਹਾਂ ਜ਼ੁਲਮ ਅਤੇ ਬੇਇਨਸਾਫ਼ੀ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਹਮੇਸ਼ਾ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ।"ਜ਼ਿਕਰਯੋਗ ਹੈ ਕਿ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਅਧਰਮ ਅਤੇ ਜੁਲਮ ਖ਼ਿਲਾਫ਼ ਸੰਘਰਸ਼ ਦੇ ਮਜ਼ਬੂਤ ਪ੍ਰਤੀਕ ਹਨ। ਧਰਮ ਅਤੇ ਮਨੁੱਖਤਾ ਦੀ ਰਾਖੀ ਲਈ ਉਨ੍ਹਾਂ ਨੇ ਸ਼ਹਾਦਤ ਦਿੱਤੀ। ਉਨ੍ਹਾਂ ਦਾ ਸਮੁੱਚਾ ਜੀਵਨ ਮਨੁੱਖੀ ਸਮਾਜ ਲਈ ਮਹਾਨ ਪ੍ਰੇਰਨਾ ਸਰੋਤ ਹੈ।

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton Junk Removal Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਈਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ!

# ਸਾਂਝੇ ਪੰਜਾਬ ਦੇ ਸਾਂਝੇ ਨਾਇਕ ਚੌਧਰੀ ਛੋਟੂ ਰਾਮ



ਲਖਵਿੰਦਰ ਜੌਹਲ ਧੱਲੇਕੇ
ਈਮੇਲ- johallakwinder@gmail.com
ਫ਼ੋਨ ਨੰਬਰ-919815959476

ਅੱਠ-ਨੌ ਕੁ ਸਾਲ ਪਹਿਲਾਂ ਮੈਂ ਹਰਿਆਣੇ ਦੇ ਸਿਰਸਾ ਜ਼ਿਲ੍ਹੇ ਦੇ ਧੁਰ ਦੱਖਣ ਵਾਲੇ ਪਾਸੇ ਇੱਕ ਪਿੰਡ ਦੇ ਬਾਹਰਵਾਰ ਹਿੰਦੀ ਵਿੱਚ 'ਚੌਧਰੀ ਛੋਟੂ ਰਾਮ' ਦੇ ਨਾਂ ਤੇ ਬਣੇ ਇੱਕ ਹਾਈ ਸਕੂਲ ਦਾ ਨਾਮ ਪੜ੍ਹਿਆ। ਉਦੋਂ ਇਹ ਬਿਲਕੁਲ ਵੀ ਪਤਾ ਨਹੀਂ ਸੀ ਕਿ ਇਸ ਨਾਂ ਦਾ ਬੰਦਾ ਆਖਰ ਸੀ ਕੌਣ ? ਸੋਚਿਆ ਕਿ ਜੇ ਕੋਈ ਦੇਸ਼ ਭਗਤ ਜਾਂ ਕਿਸੇ ਨਾਮਵਰ ਪਾਰਟੀ ਦਾ ਸਿਆਸੀ ਆਗੂ ਹੁੰਦਾ ਤਾਂ ਸਕੂਲ ਵਿੱਚ ਕੋਈ ਨਾ ਕੋਈ ਲੇਖ 'ਚੌਧਰੀ ਛੋਟੂ ਰਾਮ' ਬਾਰੇ ਜ਼ਰੂਰ ਹੁੰਦਾ। ਇਹ ਵੀ ਲੱਗਾ ਕਿ ਸ਼ਾਇਦ ਹਰਿਆਣੇ ਦਾ ਹੀ ਕੋਈ ਆਗੂ ਹੋਵੇ, ਪਰ ਫੇਰ ਕੁਝ ਸਮੇਂ ਬਾਅਦ ਪਤਾ ਲੱਗਾ ਕਿ 'ਚੌਧਰੀ ਛੋਟੂ ਰਾਮ' ਹਰਿਆਣੇ ਦੇ ਹੀ ਨਹੀਂ ਬਲਕਿ ਵੰਡ ਤੋਂ ਪਹਿਲਾਂ ਵਾਲੇ 'ਸਾਂਝੇ ਪੰਜਾਬ' ਦੇ ਇੱਕ ਮਹਾਨ ਕਿਸਾਨ ਆਗੂ ਹੋਏ ਸਨ। ਦੁੱਖ ਦੀ ਗੱਲ ਇਹ ਵੀ ਹੈ ਕਿ ਸਾਂਝੇ ਪੰਜਾਬ ਦੇ ਇਸ ਨਾਇਕ ਬਾਰੇ ਪੰਜਾਬ ਦੇ ਸਕੂਲਾਂ ਵਿੱਚ ਸਾਨੂੰ ਕਦੇ ਕੁਝ ਪੜ੍ਹਾਇਆ ਹੀ ਨਹੀਂ ਗਿਆ ! ਜੇ ਪੜ੍ਹਾਇਆ ਜਾਂਦਾ ਹੁੰਦਾ ਤਾਂ ਸ਼ਾਇਦ ਸਾਨੂੰ ਸਾਡੇ ਨਾਇਕ ਬਾਰੇ ਵੀ ਬਹੁਤ ਸਮਾਂ ਪਹਿਲਾਂ ਪਤਾ ਹੁੰਦਾ। ਚੌਧਰੀ ਛੋਟੂ ਰਾਮ ਬਾਰੇ ਕੁਝ ਵੀ ਪੜ੍ਹਾਏ ਨਾ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਉਹ ਕਿਸਾਨਾਂ ਦੇ ਹੱਕ ਦੀ ਗੱਲ ਕਰਨ ਵਾਲੇ ਸਨ। ਮਜ਼ਹਬ ਦੇ ਨਾਂ ਤੇ ਪੰਜਾਬ ਦੀ ਵੰਡ ਦੇ ਵੱਡੇ ਵਿਰੋਧੀਆਂ ਵਿੱਚੋਂ ਇੱਕ ਸਨ।

ਚੌਧਰੀ ਛੋਟੂ ਰਾਮ ਦਾ ਜਨਮ 24 ਨਵੰਬਰ 1881 ਈਸਵੀ ਵਿੱਚ ਵਰਤਮਾਨ ਹਰਿਆਣਾ ਦੇ ਜ਼ਿਲ੍ਹਾ ਰੋਹਤਕ ਦੇ ਪਿੰਡ ਗੜ੍ਹੀ ਸਾਂਪਲਾ ਵਿੱਚ ਮਾਤਾ ਸਰਲਾ ਦੇਵੀ ਅਤੇ ਪਿਤਾ ਸੁਖੀ ਰਾਮ ਜਾਟ ਦੇ ਘਰ ਹੋਇਆ। ਮਾਪਿਆਂ ਨੇ ਪੂਰਾ ਨਾਂ ਰਾਮ ਰਛਪਾਲ ਰੱਖਿਆ ਸੀ, ਪਰ ਘਰ ਵਿੱਚ ਸਭ ਤੋਂ ਛੋਟਾ ਬੱਚਾ ਹੋਣ ਕਰਕੇ ਨਾਂ 'ਛੋਟੂ ਰਾਮ' ਪੈ ਗਿਆ। ਛੋਟੂ ਰਾਮ ਜੀ ਨੇ ਮੁੱਢਲੀ ਪੜ੍ਹਾਈ ਸਾਂਪਲਾ ਦੇ ਪ੍ਰਾਇਮਰੀ ਸਕੂਲ ਤੋਂ ਹੀ ਪੂਰੀ ਕੀਤੀ। ਅੱਗੇ ਮਿਡਲ ਦੀ ਪੜ੍ਹਾਈ ਲਈ ਪਿੰਡ ਤੋਂ ਬਾਰਾਂ ਮੀਲ ਦੂਰ ਝੱਜਰ ਦੇ ਮਿਡਲ ਸਕੂਲ ਵਿੱਚ ਦਾਖਲਾ ਲਿਆ ਅਤੇ ਸਾਲ 1899 ਵਿੱਚ ਮਿਡਲ ਤੱਕ ਦੀ ਪੜ੍ਹਾਈ ਪੂਰੀ ਕਰ ਲਈ। ਆਰਥਿਕ ਤੰਗੀ ਦੇ ਚੱਲਦਿਆਂ ਅੱਗੇ ਮੈਟ੍ਰਿਕ ਕਲਾਸਾਂ ਵਿੱਚ ਦਾਖਲਾ ਲੈਣ ਲਈ ਪੈਸਿਆਂ ਦੀ ਤੰਗੀ ਸੀ। ਆਪਣੇ ਪੁੱਤਰ ਦੀ ਅੱਗੇ ਪੜ੍ਹਨ ਦੀ ਇੱਛਾ ਨੂੰ ਵੇਖਕੇ ਪਿਤਾ ਸੁਖੀ ਰਾਮ ਨੇ ਕਰਜ਼ਾ ਲੈਣ ਲਈ ਸੋਚਿਆ। ਦੋਵੇਂ ਪਿਓ ਪੁੱਤ ਸਾਂਪਲਾ ਦੇ ਹੀ ਸ਼ਾਹੂਕਾਰ ਘਾਸੀ ਰਾਮ ਕੋਲ ਪਹੁੰਚੇ, ਸ਼ਾਹੂਕਾਰ ਨੇ ਕਰਜ਼ਾ ਤਾਂ ਕੀ ਦੇਣਾ ਸੀ ਬਲਕਿ ਦੋਵਾਂ ਪਿਓ ਪੁੱਤਾਂ ਨੂੰ ਬੋਲ ਕੁਬੋਲ ਵੀ ਬੋਲੇ। ਇਸ ਘਟਨਾ ਤੋਂ ਬਾਅਦ ਛੋਟੂ ਰਾਮ ਨੇ ਪੱਕਾ ਇਰਾਦਾ ਬਣਾ ਲਿਆ ਕਿ ਇੱਕ ਦਿਨ ਉਹ ਮਿਹਨਤੀ ਤੇ ਗਰੀਬ ਕਿਸਾਨਾਂ ਨੂੰ ਲੁੱਟਕੇ ਐਸ਼ ਕਰਨ ਵਾਲੇ ਸ਼ਾਹੂਕਾਰਾਂ ਨੂੰ ਸਬਕ ਸਿਖਾਉਣਗੇ ਅਤੇ ਇਨ੍ਹਾਂ ਦੇ ਚੁੰਗਲ ਵਿੱਚੋਂ ਕਿਸਾਨਾਂ ਨੂੰ ਅਜ਼ਾਦ ਕਰਾਉਣਗੇ। ਬਾਅਦ ਵਿੱਚ ਚਾਚਾ ਰਾਜਾ ਰਾਮ ਦੀ ਮਦਦ ਨਾਲ ਛੋਟੂ ਰਾਮ ਨੂੰ ਦਿੱਲੀ ਦੇ ਸੇਂਟ ਸਟੀਵਨਜ਼ ਕ੍ਰਿਸਚੀਅਨ ਮਿਸ਼ਨ ਹਾਈ ਸਕੂਲ ਵਿੱਚ ਦਾਖਲਾ ਮਿਲ ਗਿਆ। ਇੱਥੋਂ ਸਾਲ 1901 ਵਿੱਚ ਪਹਿਲੇ ਦਰਜੇ ਵਿੱਚ ਛੋਟੂ ਰਾਮ ਨੇ ਮੈਟ੍ਰਿਕ ਦੀ ਪੜ੍ਹਾਈ ਪੂਰੀ ਕੀਤੀ। ਦੋ ਸਾਲ ਬਾਅਦ 1903 ਵਿੱਚ ਸੇਂਟ ਸਟੀਵਨਜ਼ ਕਾਲਜ ਤੋਂ ਇੰਟਰ (ਐਫ. ਏ.) ਵੀ ਪਾਸ ਕਰ ਲਈ।

ਛੋਟੂ ਰਾਮ ਅੱਗੇ ਪੜ੍ਹਨਾ ਚਾਹੁੰਦੇ ਸਨ, ਪਰ ਪੈਸੇ ਦੀ ਤੰਗੀ ਕਾਰਨ ਕੁਝ ਸਮਾਂ ਪਿੰਡ ਵਾਪਸ ਆ ਗਏ। ਇੱਕ ਦਿਨ ਗ਼ਾਜ਼ੀਆਬਾਦ ਦੇ ਰੇਲਵੇ ਸਟੇਸ਼ਨ ਦੇ ਛੋਟੂ ਰਾਮ ਦੀ ਮੁਲਾਕਾਤ ਸੇਠ ਛੱਜੂ ਰਾਮ ਨਾਲ ਹੋਈ। ਸੇਠ ਛੱਜੂ ਰਾਮ ਉੱਪਰ ਛੋਟੂ ਰਾਮ ਦੀਆਂ ਗੱਲਾਂ ਦਾ ਇਸ ਕਦਰ ਅਸਰ ਹੋਇਆ ਕਿ ਉਨ੍ਹਾਂ ਨੇ ਛੋਟੂ ਰਾਮ ਨਾਲ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਾਲੀ ਮਦਦ ਕਰਨ ਦਾ ਵਾਅਦਾ ਕੀਤਾ। ਬਾਅਦ ਵਿੱਚ ਛੋਟੂ ਰਾਮ ਦੀ ਅਗਲੀ ਸਾਰੀ ਪੜ੍ਹਾਈ ਦਾ ਖ਼ਰਚਾ ਛੱਜੂ ਰਾਮ ਨੇ ਚੁੱਕਿਆ ਜਿਸ ਕਰਕੇ ਉਹ ਸੇਠ ਛੱਜੂ ਰਾਮ ਨੂੰ 'ਧਰਮ ਦੇ ਪਿਤਾ' ਮੰਨਣ ਲੱਗ ਪਏ। ਸਾਲ 1905 ਵਿੱਚ ਸੇਂਟ ਸਟੀਵਨਜ਼ ਕਾਲਜ ਤੋਂ ਬੀ.ਏ. ਪਾਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਿਆਸਤ ਕਾਲਾਕੰਕਰ ਦੇ ਰਾਜਾ ਰਾਮਪਾਲ ਦੇ ਨਿੱਜੀ ਸਕੱਤਰ ਵਜੋਂ ਨੌਕਰੀ ਮਿਲ ਗਈ। ਰਾਜੇ ਦੇ ਪੱਤਰ ਵਿਹਾਰ ਦਾ ਸਾਰਾ ਕੰਮ ਛੋਟੂ ਰਾਮ ਸੰਭਾਲ਼ਦੇ ਸਨ। ਇੱਥੇ ਉਨ੍ਹਾਂ ਨੇ ਰਿਆਸਤ ਦੇ 'ਹਿੰਦੁਸਤਾਨ' ਅਖ਼ਬਾਰ ਦਾ ਸੰਪਾਦਨ ਵੀ ਕੀਤਾ। ਬਾਅਦ ਵਿੱਚ ਕੁਝ ਸਮਾਂ ਭਰਤਪੁਰ ਰਿਆਸਤ ਵਿੱਚ ਵੀ ਨੌਕਰੀ ਕੀਤੀ। ਸਾਲ 1911 ਵਿੱਚ ਆਗਰਾ ਲਾਅ ਕਾਲਜ ਤੋਂ ਐੱਲ ਐੱਲ ਬੀ ਦੀ ਡਿਗਰੀ ਪਹਿਲੇ ਦਰਜੇ ਵਿੱਚ ਹਾਸਲ ਕੀਤੀ ਅਤੇ ਆਗਰੇ ਵਿੱਚ ਹੀ ਵਕਾਲਤ ਸ਼ੁਰੂ ਕੀਤੀ। ਇੱਥੇ ਉਹ ਗਰੀਬ ਅਤੇ ਕਰਜ਼ਈ ਕਿਸਾਨਾਂ ਦੇ ਮੁਕੱਦਮੇ ਬਿਨ੍ਹਾਂ ਕਿਸੇ ਫ਼ੀਸ ਤੋਂ ਲੜਦੇ ਰਹੇ ਤੇ ਸਾਰੀ ਜ਼ਿੰਦਗੀ ਇੰਜ ਹੀ ਕੀਤਾ। ਆਗਰੇ ਵਿੱਚ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਵਿੱਚ ਆਪਣੇ ਨਾਂ ਦੀ ਧਾਕ ਜਮਾਉਣ ਤੋਂ ਤਕਰੀਬਨ ਸਾਲ ਬਾਅਦ ਰੋਹਤਕ ਆ ਗਏ। ਇੱਥੇ ਵੀ ਉਹ ਇੱਕ ਪ੍ਰਸਿੱਧ ਵਕੀਲ ਵਜੋਂ ਜਾਣੇ ਗਏ। ਛੋਟੂ ਰਾਮ ਖ਼ੁਦ ਕਿਸਾਨ ਪਰਿਵਾਰ ਤੋਂ ਹੋਣ ਕਰਕੇ ਕਿਸਾਨਾਂ ਨਾਲ ਐਨੇ ਘੁਲ ਮਿਲ ਜਾਂਦੇ ਸਨ ਕਿ ਕਈ ਵਾਰ ਦੋਵਾਂ ਧਿਰਾਂ ਦਾ ਫੈਸਲਾ ਅਦਾਲਤੋਂ ਬਾਹਰ ਹੀ ਕਰਵਾ ਦਿੰਦੇ ਸਨ।

ਬਚਪਨ ਵਿੱਚ ਛੋਟੂ ਰਾਮ ਨੂੰ ਮਿਡਲ ਦੀ ਪੜ੍ਹਾਈ ਤੋਂ ਬਾਅਦ ਅਗਲੇਰੀ ਪੜ੍ਹਾਈ ਜਦੋਂ ਦਿੱਲੀ ਜਾਣਾ ਪਿਆ ਸੀ ਤਾਂ ਉਸ ਸਮੇਂ ਤੱਕ ਵੀ ਪੂਰੇ ਰੋਹਤਕ ਜ਼ਿਲ੍ਹੇ ਵਿੱਚ ਕੋਈ ਹਾਈ ਸਕੂਲ ਨਹੀਂ ਸੀ ਬਣਿਆਂ। ਆਮ ਮਾਪਿਆਂ ਵਾਂਗ ਉਨ੍ਹਾਂ ਦੇ ਮਾਪਿਆਂ ਨੂੰ ਵੀ ਦਿੱਲੀ ਵਰਗੇ ਸ਼ਹਿਰ ਵਿੱਚ ਆਪਣੇ ਬੱਚੇ ਦੇ ਵਿਗੜ ਜਾਣ ਦਾ ਡਰ ਸੀ। ਬਿਲਕੁਲ ਇਹੋ ਹੀ ਡਰ ਹੋਰਨਾਂ ਮਾਪਿਆਂ ਨੂੰ ਵੀ ਹੁੰਦਾ ਸੀ, ਜਿਸ ਵਜ੍ਹਾ ਕਰਕੇ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਅੱਗੇ ਪੜ੍ਹਨ ਨਹੀਂ ਸਨ ਦਿੰਦੇ। ਛੋਟੂ ਰਾਮ ਦੇ ਯਤਨਾਂ ਨਾਲ 1913 ਈਸਵੀ ਵਿੱਚ ਜ਼ਿਲ੍ਹੇ ਦਾ ਪਹਿਲਾ ਹਾਈ ਸਕੂਲ (ਜਾਟ ਹਾਈ ਸਕੂਲ) ਖੋਲ੍ਹਿਆ ਗਿਆ। ਸਾਲ 1916 ਵਿੱਚ ਆਮ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਉਨ੍ਹਾਂ ਨੇ ਇੱਕ ਹਫਤਾਵਾਰੀ ਅਖ਼ਬਾਰ 'ਜਾਟ ਗਜ਼ਟ' ਸ਼ੁਰੂ ਕੀਤਾ। ਪਿੰਡਾਂ ਦੀਆਂ ਸੱਥਾਂ ਵਿੱਚ ਇਸ ਵਿੱਚ ਲਿਖੇ ਲੇਖ ਅਤੇ ਹੋਰ ਮਸਲੇ ਕਿਸਾਨ ਪੜ੍ਹਦੇ ਅਤੇ ਵਿਚਾਰਾਂ ਕਰਦੇ, ਇਸ ਤਰ੍ਹਾਂ ਕਿਸਾਨ ਛੋਟੂ ਰਾਮ ਦੇ ਪ੍ਰਸ਼ੰਸ਼ਕ ਬਣਦੇ ਗਏ। ਆਰਥਿਕ ਤੰਗੀ ਕਾਰਨ ਕੁਝ ਸਮਾਂ ਅਖਬਾਰ ਬੰਦ ਵੀ ਕਰਨਾ ਪਿਆ। ਪਰ ਬਾਅਦ ਵਿੱਚ ਕਾਫੀ ਚੰਦਾ ਇਕੱਠਾ ਹੋਣ ਕਰਕੇ ਦੁਬਾਰਾ ਅਖਬਾਰ ਸ਼ੁਰੂ ਹੋ ਗਿਆ ਅਤੇ ਪੂਰੇ ਪੰਜਾਬ ਦੇ ਦੂਰ ਦਰਾਜ਼ ਪਿੰਡਾਂ ਵਿੱਚ ਪਹੁੰਚਣ ਲੱਗ ਪਿਆ। ਪੰਜਾਬ ਵੰਡ ਤੱਕ ਵੀ ਇਹ ਅਖਬਾਰ ਪੰਜਾਬ ਦੇ ਕੋਨੇ ਕੋਨੇ ਵਿੱਚ ਪੜ੍ਹਿਆ ਜਾਂਦਾ ਸੀ।

ਛੋਟੂ ਰਾਮ ਤਨੋਂ ਮਨੋਂ ਸਮਾਜਿਕ ਅਤੇ ਭਾਈਚਾਰਕ ਤੌਰ ਤੇ ਗਰੀਬ ਕਿਸਾਨਾਂ ਅਤੇ ਹੋਰ ਪੇਂਡੂ ਵਰਗਾਂ ਦੀ ਭਲਾਈ ਦੇ ਕੰਮਾਂ ਵਿੱਚ ਜੁੱਟ ਗਏ। ਪਹਿਲੇ ਵਿਸ਼ਵ ਯੁੱਧ ਦੌਰਾਨ ਛੋਟੂ ਰਾਮ ਨੇ ਰੋਹਤਕ ਦੇ ਫ਼ੌਜੀ ਭਰਤੀ ਦਫਤਰ ਵਿੱਚ ਕੰਮ ਸੰਭਾਲਿਆ ਅਤੇ ਜ਼ਿਲ੍ਹੇ ਵਿੱਚੋਂ ਤਕਰੀਬਨ ਬਾਈ ਹਜ਼ਾਰ ਤੋਂ ਵੀ ਵੱਧ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕਰਵਾਇਆ। ਇਸ ਲਈ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਪੱਛਮੀ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ ਵਿੱਚ ਚਾਰ ਮੁਰੱਬੇ ਜ਼ਮੀਨ ਅਲਾਟ ਕੀਤੀ। ਪਰ ਉਨ੍ਹਾਂ ਨੇ ਸਰਕਾਰ ਅੱਗੇ ਸ਼ਰਤ ਰੱਖੀ ਕਿ ਤਿੰਨ ਹਜ਼ਾਰ ਏਕੜ ਜ਼ਮੀਨ ਪਹਿਲਾਂ ਦਲਿਤ ਵਰਗ ਦੇ ਕੰਮੀ ਅਤੇ ਬੇਜ਼ਮੀਨੇ ਲੋਕਾਂ ਲਈ ਮੁਫ਼ਤ ਅਲਾਟ ਕੀਤੀ ਜਾਵੇ। ਇਹ ਸ਼ਰਤ ਸਰਕਾਰ ਨੇ ਮੰਨ ਲਈ, ਇਸ ਤਰ੍ਹਾਂ ਸਦੀਆਂ ਦੇ ਦੱਬੇ ਕੁਚਲੇ ਲੋਕਾਂ ਨੂੰ ਅੱਗੇ ਵੱਧਣ ਦਾ ਮੌਕਾ ਮਿਲਿਆ। ਛੋਟੂ ਰਾਮ ਪਹਿਲਾਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ। 1920 ਵਿੱਚ ਮਹਾਤਮਾ ਗਾਂਧੀ ਦੇ ਅਸਿਹਯੋਗ ਅੰਦੋਲਨ ਵੇਲੇ ਕੱਲਕੱਤਾ ਦੇ ਇੱਕ ਸਮਾਗਮ ਵਿੱਚ ਕਾਂਗਰਸ ਨੇ ਮਤਾ ਪਾਸ ਕੀਤਾ ਕਿ ਭਾਰਤੀ ਅੰਗਰੇਜ਼ਾਂ ਵੱਲੋਂ ਮਿਲੇ ਮਾਣ ਸਨਮਾਨ ਤਿਆਗ ਦੇਣ, ਨੌਕਰੀਆਂ ਤੋਂ ਅਸਤੀਫ਼ੇ ਦੇ ਦੇਣ, ਸਰਕਾਰੀ ਵਿੱਦਿਅਕ ਅਦਾਰਿਆਂ ਦਾ ਬਾਈਕਾਟ ਕਰਨ, ਸਰਕਾਰ ਨੂੰ ਕਿਸੇ ਵੀ ਕਿਸਮ ਦਾ ਕਰ ਅਦਾ ਨਾ ਕਰਨ। ਇਸੇ ਮਤੇ ਵਿੱਚ ਹੀ ਕਿਸਾਨਾਂ ਨੂੰ ਕਿਹਾ ਗਿਆ ਕਿ ਉਹ ਜ਼ਮੀਨਾਂ ਤੇ ਕੋਈ ਫਸਲ ਨਾ ਬੀਜਣ ਅਤੇ ਸਰਕਾਰ ਨੂੰ ਮਾਮਲਾ ਨਾਂਹ ਦੇਣ। ਮਤੇ ਦੇ ਇਸ ਭਾਗ ਦਾ ਛੋਟੂ ਰਾਮ ਨੇ ਡੱਟਕੇ ਵਿਰੋਧ ਕੀਤਾ। ਕਿਉਂਕਿ ਅੰਗਰੇਜ਼ ਸਰਕਾਰ ਕਿਸਾਨਾਂ ਨੂੰ ਮੁਜ਼ਾਰੇ

ਅਤੇ ਆਪਣੇ ਆਪ ਨੂੰ ਜ਼ਮੀਨਾਂ ਦੀ ਮਾਲਕ ਸਮਝਦੀ ਸੀ। ਮਾਮਲਾ ਜਾਂ ਕਰ ਅਦਾ ਨਾ ਕਰਨ ਬਦਲੇ ਉਹ ਕਿਸੇ ਵੀ ਸਮੇਂ ਜ਼ਮੀਨਾਂ ਕੁਰਕ ਕਰ ਸਕਦੀ ਸੀ। ਬੋਲੀ ਲੱਗਦੀਆਂ ਇਹ ਜ਼ਮੀਨਾਂ ਦੇ ਮਾਲਕ ਬਾਅਦ ਵਿੱਚ ਸ਼ਾਹੂਕਾਰਾਂ ਅਤੇ ਹੋਰ ਭ੍ਰਿਸ਼ਟ ਲੋਕਾਂ ਨੇ ਹੀ ਬਣਨਾ ਸੀ। ਕੱਲਕੱਤਾ ਦੇ ਸਮਾਗਮ ਵਿੱਚ ਵੀ ਉਨ੍ਹਾਂ ਨੇ ਇਸ ਭਾਗ ਵਿਰੋਧ ਕੀਤਾ ਸੀ। ਕਾਂਗਰਸ ਦੇ ਵਰਕਰ ਜਾਂ ਲੀਡਰ ਜਿਆਦਾਤਰ ਸ਼ਹਿਰੀ ਤਬਕੇ ਦੇ ਲੋਕ ਸਨ ਜੋ ਪੇਂਡੂਆਂ ਜਾਂ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਅਣਜਾਣ ਸਨ ਅਤੇ ਛੋਟੂ ਰਾਮ ਦੇ ਵਿਚਾਰਾਂ ਨੂੰ ਸਮਝ ਨਹੀਂ ਸਨ ਰਹੇ।



ਇਸ ਸਭ ਦੇ ਚੱਲਦੇ ਉਨ੍ਹਾਂ ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤਾ।

ਸਾਲ 1921 ਵਿੱਚ ਪੰਜਾਬ ਕੌਂਸਲ ਦੀਆਂ ਚੋਣਾਂ ਵਿੱਚ ਉਹ ਅਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋਏ ਤੇ ਇਹ ਪਹਿਲੀ ਚੋਣ ਹਾਰ ਗਏ। ਪਰ ਇਹ ਹਾਰ ਉਨ੍ਹਾਂ ਦੇ ਅਤੇ ਕਿਸਾਨ ਵਰਗ ਦੇ ਉੱਜਲੇ ਭਵਿੱਖ ਲਈ ਵਰਦਾਨ ਸਾਬਤ ਹੋਣੀ ਸੀ। ਕਿਉਂਕਿ ਅਗਲੀਆਂ ਚੋਣਾਂ ਤੱਕ ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਨੇੜਿਓ ਜਾਨਣ ਦਾ ਮੌਕਾ ਮਿਲਿਆ। ਸਾਲ 1923 ਦੀਆਂ ਚੋਣਾਂ ਵਿੱਚ ਉਹ ਵੱਡੇ ਫਰਕ ਨਾਲ ਜਿੱਤ ਗਏ। ਇਸੇ ਸਾਲ ਹੀ ਉਨ੍ਹਾਂ ਦਾ ਮੇਲ ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਨਾਲ ਹੋਇਆ। ਇਨ੍ਹਾਂ ਸਾਰਿਆਂ ਨੇ ਰਲਕੇ 'ਨੈਸ਼ਨਲ ਯੂਨੀਅਨਿਸਟ ਪਾਰਟੀ' ਬਣਾ ਲਈ, ਜੋ ਬਾਅਦ ਵਿੱਚ 'ਜ਼ਿਮੀਂਦਾਰਾ ਲੀਗ' ਦੇ ਨਾਂ ਨਾਲ ਵੀ ਮਸ਼ਹੂਰ ਹੋਈ। ਇਸ ਪਾਰਟੀ ਦਾ ਕਿਸੇ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਸੀ। 'ਸਭ ਦੇ ਆਰਥਿਕ ਹਿੱਤਾਂ ਦੀ ਰਾਖੀ' ਇਸ ਪਾਰਟੀ ਦਾ ਨਾਅਰਾ ਸੀ। ਤਿੰਨਾਂ ਧਰਮਾਂ ਦੇ ਲੋਕ ਇਸ ਪਾਰਟੀ ਨਾਲ ਜੁੜ ਗਏ। 'ਜਾਟ ਗਜ਼ਟ' ਇਸ ਪਾਰਟੀ ਦਾ ਬੁਲਾਰਾ ਬਣ ਗਿਆ ਜਿਸ ਨਾਲ ਪੰਜਾਬ ਦੇ ਆਮ ਕਿਸਾਨਾਂ ਨੂੰ ਇਸ ਪਾਰਟੀ ਨਾਲ ਜੁੜਨ ਦਾ ਮੌਕਾ ਮਿਲਿਆ। ਫ਼ਜ਼ਲ ਹੁਸੈਨ ਦੇ ਸਹਿਯੋਗ ਨਾਲ 22 ਸਤੰਬਰ 1924 ਨੂੰ ਚੌਧਰੀ ਛੋਟੂ ਰਾਮ ਨੇ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗ ਮੰਤਰੀ ਵਜੋਂ ਸਹੁੰ ਚੁੱਕੀ। ਸਾਲ 1925 ਵਿੱਚ ਸਿੱਖਿਆ ਮਹਿਕਮਾ ਵੀ ਇਨ੍ਹਾਂ ਨੂੰ ਮਿਲ ਗਿਆ। ਇਸ ਤਰ੍ਹਾਂ ਤਿੰਨ ਮਹਿਕਮਿਆਂ ਦੇ ਅਨੇਕਾਂ ਕੰਮ ਛੋਟੂ ਰਾਮ ਨੇ ਕੀਤੇ। ਸਾਲ 1937 ਪੰਜਾਬ ਦੀਆਂ ਸੂਬਾਈ ਚੋਣਾਂ ਦੇ ਐਲਾਨ ਹੋਣ ਤੋਂ ਤੁਰੰਤ ਬਾਅਦ ਚੌਧਰੀ ਛੋਟੂ ਰਾਮ ਚੋਣ ਮੁਹਿੰਮ ਵਿੱਚ ਜੁੱਟ ਗਏ। ਅਵਾਜਾਈ ਦੇ ਸੀਮਤ ਸਾਧਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਉਸ ਸਮੇਂ ਯੂਰਪ ਦੇ ਕਈ ਦੇਸ਼ਾਂ ਨਾਲ਼ੋਂ ਵੱਡੇ ਪੰਜਾਬ ਦਾ ਕੋਨਾ ਕੋਨਾ ਗਾਹ ਦਿੱਤਾ। ਉਹ ਜਿੱਥੇ ਵੀ ਜਾਂਦੇ ਧੜੱਲੇ ਨਾਲ ਭਾਸ਼ਣ ਦਿੰਦੇ। ਛੋਟੂ ਰਾਮ ਦੀ ਮਿਹਨਤ ਸਦਕਾ ਯੂਨੀਅਨਿਸਟ ਪਾਰਟੀ 175 ਵਿੱਚੋਂ 95 ਸੀਟਾਂ ਨਾਲ ਜਿੱਤ ਗਈ। ਕਾਂਗਰਸ ਨੂੰ 18 ਸੀਟਾਂ, ਅਕਾਲੀ ਦਲ ਨੂੰ 10 ਸੀਟਾਂ ਮਿਲੀਆਂ ਅਤੇ ਅਜ਼ਾਦ ਉਮੀਦਵਾਰ 51 ਸੀਟਾਂ ਤੋਂ ਜਿੱਤੇ। ਜਦੋਂਕਿ ਮੁਸਲਿਮ ਲੀਗ ਸਿਰਫ ਇੱਕ ਸੀਟ ਹੀ ਹਾਸਲ ਕਰ ਸਕੀ। ਪੰਜਾਬ ਦੇ ਪ੍ਰੀਮੀਅਰ (ਉਸ ਸਮੇਂ ਮੁੱਖ ਮੰਤਰੀ ਨੂੰ ਪ੍ਰੀਮੀਅਰ ਕਿਹਾ ਜਾਂਦਾ ਸੀ) ਸਿਕੰਦਰ ਹਯਾਤ ਖਾਨ ਬਣੇ ਅਤੇ ਚੌਧਰੀ ਛੋਟੂ ਰਾਮ ਨੂੰ ਮਾਲ ਮਹਿਕਮਾ ਮਿਲਿਆ। ਇਸੇ ਸਾਲ ਹੀ ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ 'ਸਰ' ਦੀ ਉਪਾਧੀ ਦਿੱਤੀ। ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਵੀ ਕਿਸਾਨਾਂ ਦੀ ਭਲਾਈ ਲਈ ਕੋਈ ਪੱਕਾ ਕਾਨੂੰਨ ਨਹੀਂ ਸੀ ਬਣਿਆਂ ਹੋਇਆ। ਸ਼ਾਹੂਕਾਰ ਵਰਗ ਕਿਸਾਨਾਂ ਨੂੰ ਮਨਮਰਜ਼ੀ ਦੇ ਵਿਆਜ ਤੇ ਕਰਜ਼ਾ ਦਿੰਦੇ ਸਨ। ਅਨਪੜ੍ਹ ਕਿਸਾਨ ਕੋਈ ਹਿਸਾਬ ਕਿਤਾਬ ਵੀ ਨਹੀਂ ਸਨ ਰੱਖਦੇ ਤੇ ਸ਼ਾਹੂਕਾਰ ਨਾ ਹੀ ਉਨ੍ਹਾਂ ਨੂੰ ਕਦੇ ਕੁਝ ਦੱਸਦੇ ਸਨ। ਜਦੋਂ ਮੌਕਾ ਮਿਲਦਾ ਕਿਸਾਨ ਦਾ ਘਰ, ਜ਼ਮੀਨ, ਘਰੇਲੂ ਸਮਾਨ ਅਤੇ ਹੋਰ ਮਾਲ ਡੰਗਰ ਕੁਰਕੀ ਕਰਵਾ ਕੇ ਉਸ ਤੇ ਕਬਜ਼ਾ ਕਰ ਲੈਂਦੇ। ਇੱਥੋਂ ਤੱਕ ਕਿ ਹੋਰ ਕਿਰਤੀਆਂ ਤੋਂ ਵੀ ਰੋਜੀ ਰੋਟੀ ਕਮਾਉਣ ਵਾਲੇ ਸਾਧਨ ਵੀ ਖੋਹ ਕੇ ਲੈ ਜਾਂਦੇ। ਇਸ ਵਿੱਚ ਭ੍ਰਿਸ਼ਟ ਅਫਸਰ ਸ਼ਾਹੂਕਾਰਾਂ ਦਾ ਪੂਰਾ ਸਾਥ ਦਿੰਦੇ। ਜਦੋਂ ਛੋਟੂ ਰਾਮ ਨੇ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਕਿਸਾਨਾਂ ਨੂੰ ਲੱਗਾ ਕਿ ਹੁਣ ਕੋਈ ਉਨ੍ਹਾਂ ਦੀ ਸਾਰ ਲੈਣ ਵਾਲਾ ਆ ਗਿਆ ਹੈ। ਛੋਟੂ ਰਾਮ ਦੀ ਅਗਵਾਈ ਵਿੱਚ ਉਹ ਯੂਨੀਅਨਿਸਟ ਪਾਰਟੀ/ ਜ਼ਿਮੀਂਦਾਰਾ ਲੀਗ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਛੋਟੂ ਰਾਮ ਨੇ 1930-1945 ਦੇ ਸਾਲਾਂ ਦੌਰਾਨ ਕਿਸਾਨ ਭਲਾਈ ਦੇ 22 ਐਕਟ ਅਤੇ ਹੋਰ ਬਿੱਲ ਅੰਗਰੇਜ਼ਾਂ ਕੋਲੋਂ ਪਾਸ ਕਰਵਾਏ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਆਪਣੇ ਅੰਤਲੇ ਸਮੇਂ ਤੱਕ ਦਿਨ ਰਾਤ ਇੱਕ ਕਰ ਦਿੱਤਾ।

ਸਾਲ 1930 ਵਿੱਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਸਮੱਸਿਆ ਹੱਲ ਕਰਨ ਲਈ 'ਦਾ ਪੰਜਾਬ ਰੈਗੂਲੇਸ਼ਨ ਆਫ ਅਕਾਊਂਟਸ ਐਕਟ 1930' ਕਾਨੂੰਨ ਬਣਵਾਇਆ। ਇਸ ਵਿੱਚ ਹਰ ਕਿਸਾਨ ਦੇ ਖਾਤੇ ਬਾਰੇ ਪੂਰੀ ਜਾਣਕਾਰੀ ਦੇ ਕੇ ਛਿਮਾਹੀ ਸਰਕਾਰੀ ਨਿਰੀਖਣ ਕਰਵਾਉਣਾ ਜ਼ਰੂਰੀ ਕਰ ਦਿੱਤਾ। ਸਾਲ 1934 ਵਿੱਚ ਇੱਕ ਕਾਨੂੰਨ 'ਦਾ ਪੰਜਾਬ ਰੀਲੀਫ਼ ਆਫ ਇਨਡੈਬਟੈਡਨੈੱਸ ਐਕਟ 1934' ਰਾਹੀਂ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਈ ਗਈ ਇਸ ਵਿੱਚ 'ਦਾਮ ਦੁੱਪੜ' ਨੀਤੀ ਨਾਲ ਮੂਲ ਰਾਸ਼ੀ ਨਾਲੋਂ ਦੁੱਗਣਾ ਵਿਆਜ ਭਰ ਦੇਣ ਤੇ ਖਾਤਾ ਬੰਦ ਹੋ ਜਾਣਾ ਸੀ। ਮਾਲ ਡੰਗਰ ਅਤੇ ਖੇਤੀ ਸੰਦਾਂ ਦੀ ਕੁਰਕੀ ਅਤੇ ਕਿਸਾਨਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਗਾ ਦਿੱਤੀ ਗਈ ਸੀ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲੇ ਕਾਨੂੰਨ ਦੇ ਪਾਸ ਹੋਣ ਉਪਰੰਤ ਪੰਜਾਬ ਵਿੱਚ ਕਈ ਥਾਂਈਂ ਸ਼ਾਹੂਕਾਰਾਂ ਵੱਲੋਂ ਵਹੀਆਂ-ਖਾਤੇ ਸਾੜਨ ਦੀਆਂ ਘਟਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਛੋਟੂ ਰਾਮ ਦੇ ਪਾਸ ਕਰਵਾਏ ਕਾਨੂੰਨਾਂ ਵਿੱਚੋ ਇੱਕ ਐਕਟ ਦਾ ਨਾਂ 'ਦਾ ਪੰਜਾਬ ਰੈਸਟੀਟਿਊਸ਼ਨ ਆਫ ਮਾਰਟਗੇਜਡ ਲੈਂਡ ਐਕਟ 1938' ਸੀ। ਇਸ ਕਾਨੂੰਨ ਰਾਹੀਂ 8 ਜੂਨ 1901 ਤੋਂ ਲੈ ਕੇ 1938 ਤੱਕ ਅਸਲ ਮਾਲਕਾਂ ਦੀ ਸ਼ਾਹੂਕਾਰ ਕੋਲ ਗਹਿਣੇ ਪਈ ਜ਼ਮੀਨ ਇਸ ਐਕਟ ਦੇ ਪਾਸ ਹੁੰਦੇ ਹੀ ਅਸਲ ਮਾਲਕ ਦੀ ਹੋ ਜਾਣੀ ਸੀ। ਇਸ ਜ਼ਮੀਨ ਨੂੰ ਜੇ ਗਹਿਣੇ ਪਏ 20 ਸਾਲ ਹੋ ਗਏ ਹੋਣ ਅਤੇ ਸ਼ਾਹੂਕਾਰ ਦੋ ਦਹਾਕੇ ਜਾਂ ਇਸ ਤੋਂ ਵੀ ਵੱਧ ਸਮਾਂ ਇਸ ਜ਼ਮੀਨ ਦੀ ਆਮਦਨ ਖਾ ਚੁੱਕਿਆ ਹੈ ਤਾਂ ਹੁਣ ਉਸ ਨੂੰ ਇਸ ਜ਼ਮੀਨ ਤੇ ਕਬਜ਼ਾ ਰੱਖਣ ਦਾ ਕੋਈ ਅਧਿਕਾਰ ਨਹੀਂ ਸੀ। ਅਸਲ ਮਾਲਕ ਨੇ ਆਪਣੀ ਜ਼ਮੀਨ ਦਾ ਵੇਰਵਾ ਇੱਕ ਸਾਦੇ ਕਾਗਜ਼ ਤੇ ਲਿਖਕੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦੇਣੀ ਹੁੰਦੀ ਸੀ, ਨਿਸ਼ਚਿਤ ਸਮੇਂ ਵਿੱਚ ਇਸਦੀ ਪੜਤਾਲ ਪਿੱਛੋਂ ਇਹ ਜ਼ਮੀਨ ਅਸਲ ਮਾਲਕ ਦੀ ਹੋ ਜਾਣੀ ਸੀ। ਕਿਸਾਨ ਨੂੰ ਪੱਲਿਓਂ ਕੋਈ ਖਰਚ ਨਹੀਂ ਕਰਨਾ ਪੈਂਦਾ ਸੀ। ਨਤੀਜਾ ਇਹ ਹੋਇਆ ਕਿ 8 ਲੱਖ 35 ਹਜ਼ਾਰ ਏਕੜ/ ਕਿੱਲੇ/ਵਿੱਘੇ ਤੇ ਕੱਚੇ ਵਿੱਘੇ ਜਿਸ ਦੀ ਆਮਦਨੀ ਵੀਹ ਸਾਲ ਜਾਂ ਉਸਤੋਂ ਵੀ ਵੱਧ ਸਮੇਂ ਤੋਂ ਸ਼ਾਹੂਕਾਰ ਕੇਵਲ 4 ਲੱਖ 13 ਹਜ਼ਾਰ ਰੁਪਏ ਕਰਜ਼ਾ ਦੇ ਕੇ ਖਾਂਦੇ ਰਹੇ ਸਨ, ਇਹੀ ਜ਼ਮੀਨ 3 ਲੱਖ 65 ਹਜ਼ਾਰ ਕਿਸਾਨਾਂ ਨੂੰ ਮੁਫ਼ਤ ਵਿੱਚ ਵਾਪਸ ਮਿਲ ਗਈ। ਪਾਕਿਸਤਾਨੀ ਪੰਜਾਬ ਦੇ 'ਦਾ ਲੈਂਡ ਅਲਾਈਨੇਸ਼ਨ ਆਫ ਲੈਂਡ ਐਕਟ, 1900' ਅਤੇ ਇਸ ਵਿੱਚ ਚੌਧਰੀ ਛੋਟੂ ਰਾਮ ਦੀਆਂ ਕਰਵਾਈਆਂ ਤਰਮੀਮਾਂ ਹੁਣ ਵੀ ਸ਼ਾਮਲ ਹਨ।

ਸਰ ਛੋਟੂ ਰਾਮ ਨੇ 'ਕਿਸਾਨ ਭਲਾਈ ਫੰਡ' ਦੀ ਸਥਾਪਨਾ ਵੀ ਕੀਤੀ ਸੀ। ਇਸ ਫੰਡ ਵਿੱਚੋਂ ਹੜ੍ਹਾਂ, ਸੋਕਿਆਂ ਅਤੇ ਹੋਰ ਕਿਸੇ ਨੁਕਸਾਨ ਨਾਲ ਖ਼ਰਾਬ ਹੋਈ ਫਸਲ ਦੇ ਮਾਲਕ ਕਿਸਾਨਾਂ ਨੂੰ ਕੁਝ ਰਾਹਤ ਮਿਲਣ ਲੱਗੀ। ਇਸ ਫੰਡ ਵਿੱਚੋਂ ਹੀ ਪੇਂਡੂ ਵਰਗ ਦੇ ਕਿਸਾਨ ਅਤੇ ਹੋਰ ਵਰਗਾਂ ਦੇ ਬੱਚਿਆਂ ਲਈ ਵਜ਼ੀਫਾ ਵੀ ਸ਼ੁਰੂ ਹੋਇਆ। ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਹਾਸਲ ਕਰਨ ਵਾਲੇ ਪਾਕਿਸਤਾਨੀ ਡਾ. ਅਬਦੁਸ ਸਲਾਮ ਇਸੇ ਵਜ਼ੀਫ਼ੇ ਨਾਲ ਹੀ ਵਿਦੇਸ਼ ਵਿੱਚ ਉੱਚ ਵਿੱਦਿਆ ਹਾਸਲ ਕਰ ਸਕੇ। ਅਗਸਤ 1995 ਵਿੱਚ ਸਰ ਛੋਟੂ ਰਾਮ ਦੀ 50ਵੀਂ ਬਰਸੀ ਮੌਕੇ ਡਾ.ਅਬਦੁਸ ਸਲਾਮ ਨੇ ਪਾਕਿਸਤਾਨ ਦੇ ਅੰਗਰੇਜ਼ੀ ਅਖਬਾਰ 'ਡਾਅਨ' ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਦਿੱਤੀ। ਇਸ ਤਰ੍ਹਾਂ ਹੋਰ ਵੀ ਅਣਗਿਣਤ ਅਤੇ ਅਣਗੌਲੇ ਵਿਦਿਆਰਥੀ ਉਸ ਸਮੇਂ ਹੋਏ ਹੋਣਗੇ ਜੋ ਇਸ ਫੰਡ ਸਕਦਾ ਅੱਗੇ ਪੜ੍ਹ ਸਕੇ। ਸਾਲ 1925 ਵਿੱਚ ਜਦੋਂ ਉਹ ਸਿੱਖਿਆ ਮੰਤਰੀ ਸਨ, ਤਾਂ ਲੜਕੀਆਂ ਦੀ ਸਿੱਖਿਆ ਲਈ ਉਨ੍ਹਾਂ ਨੇ ਕਈ 'ਗੁਰੂਕੁਲ' ਖੁੱਲ੍ਹਵਾਏ ਸਨ। ਉਸ ਸਮੇਂ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਨੂੰ ਕਾਨੂੰਨ ਮੁਤਾਬਕ ਕਾਸ਼ਤਕਾਰ ਦਾ ਦਰਜਾ ਨਹੀਂ ਮਿਲਦਾ ਸੀ। ਜੇ ਕਿਸੇ ਕਿਸਾਨ ਦੀ ਮੌਤ ਹੋ ਜਾਣੀ ਤਾਂ ਉਸਦੀ ਘਰਵਾਲੀ ਦਾ ਘਰ ਤੇ ਵੀ ਕੋਈ ਹੱਕ ਨਹੀਂ ਸੀ ਰਹਿ ਜਾਂਦਾ ਸੀ। ਉਨ੍ਹਾਂ ਨੇ ਔਰਤਾਂ ਨੂੰ ਕਾਸ਼ਤਕਾਰ ਦਾ ਕਾਨੂੰਨੀ ਦਰਜਾ ਦਿਵਾਕੇ ਹਜ਼ਾਰਾਂ ਪਰਿਵਾਰਾਂ ਨੂੰ ਸੜਕ ਤੇ ਆਉਣ ਤੋਂ ਬਚਾਇਆ।

ਪਹਿਲਾਂ ਕਿਸਾਨਾਂ ਦੀ ਫਸਲ ਨੂੰ ਮੰਡੀਆਂ ਵਿੱਚ ਆੜ੍ਹਤੀਏ ਤੇ ਵਪਾਰੀ ਜਾਣ-ਬੁੱਝ ਕੇ ਅਤੇ ਮਨਮਰਜ਼ੀ ਦੇ ਮੁੱਲ 'ਤੇ ਖਰੀਦ ਲੈਂਦੇ ਸਨ। ਕਿਸਾਨਾਂ ਦੀ ਹੁੰਦੀ ਇਹ ਲੁੱਟ ਰੋਕਣ ਲਈ ਉਨ੍ਹਾਂ ਨੇ ਸਾਲ 1939 ਵਿੱਚ 'ਦਾ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਿੰਗ ਐਕਟ' ਪਾਸ ਕਰਾਇਆ। ਇਸ ਰਾਹੀਂ ਜਿਣਸ ਦਾ ਪੂਰਾ ਬਣਦਾ ਮੁੱਲ ਦਿਵਾਉਣ ਲਈ ਮਾਰਕੀਟ ਕਮੇਟੀਆਂ ਸਥਾਪਿਤ ਕੀਤੀਆਂ ਗਈਆਂ। ਅਨਾਜ ਦੀ ਖੁੱਲ੍ਹੀ ਬੋਲੀ ਲਾਉਣਾ ਤੇ ਕਿਸਾਨਾਂ ਨੂੰ ਸਹੂਲਤਾਂ ਦੇਣਾ ਇਸ ਦੇ ਮੁੱਖ ਮਨਸ਼ੇ ਸਨ। ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਮਿਲਦੇ ਘੱਟ ਤੋਂ ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਸ਼ੁਰੂਆਤ ਕਰਨ ਵਾਲੇ ਵੀ ਸਰ ਛੋਟੂ ਰਾਮ ਹੀ ਸਨ। ਜਦੋਂ ਦੂਜੀ ਸੰਸਾਰ ਜੰਗ ਸਮੇਂ ਵਾਇਸਰਾਇ ਲਾਰਡ ਵੇਵਲ ਨੇ ਭਾਰਤ ਦੇ ਸਾਰੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਬੁਲਾਈ ਤਾਂ ਉਸ ਨੇ ਭਾਰਤ ਤੋਂ ਵਿਦੇਸ਼ ਭੇਜੀ ਜਾਣ ਵਾਲੀ ਕਣਕ ਦਾ ਮੁੱਲ ਛੇ ਰੁਪਏ ਮਣ ਰੱਖਣਾ ਚਾਹਿਆ। ਪਰ ਮੰਡੀ ਵਿੱਚ ਕਣਕ ਦਸ ਰੁਪਏ ਮਣ ਵਿਕ ਰਹੀ ਸੀ। ਇਸ ਤੋਂ ਪਹਿਲਾਂ ਸਰਕਾਰ ਬੰਗਾਲ ਦੇ ਕਿਸਾਨਾਂ ਕੋਲੋਂ ਚੌਲ ਬਹੁਤ ਸਸਤੇ ਭਾਅ ਖਰੀਦ ਚੁੱਕੀ ਸੀ ਅਤੇ 30 ਲੱਖ ਬੰਗਾਲੀ ਭੁੱਖਮਰੀ ਦਾ ਸ਼ਿਕਾਰ ਹੋ ਗਏ ਸਨ। ਛੋਟੂ ਰਾਮ ਇਸ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹ ਪੰਜਾਬ ਨੂੰ ਬੰਗਾਲ ਵਾਲੇ ਹਲਾਤਾਂ ਵਿੱਚ ਕਿਸੇ ਵੀ ਕੀਮਤ ਤੇ ਧੱਕਣਾ ਨਹੀਂ ਚਾਹੁੰਦਾ ਸੀ। ਉਨ੍ਹਾਂ ਨੇ ਵਾਇਸਰਾਇ ਨੂੰ ਕਿਹਾ ਕਿ ਪੰਜਾਬ ਤੋਂ ਕਣਕ ਦਾ ਦਾਣਾ ਵੀ 10 ਰੁਪਏ ਮਣ ਤੋਂ ਘੱਟ ਕੀਮਤ ਮਿਲੇ ਬਗੈਰ ਬਾਹਰ ਨਹੀਂ ਜਾਵੇਗਾ ਅਤੇ ਜੇ ਕਿਸੇ ਕਿਸਮ ਦਾ ਵੀ ਧੱਕਾ ਕੀਤਾ ਗਿਆ, ਤਾਂ ਪੰਜਾਬੀ ਆਪਣੀ ਖੜ੍ਹੀ ਫ਼ਸਲ ਨੂੰ ਅੱਗ ਲਾ ਦੇਣਗੇ। ਵਾਇਸਰਾਇ ਅੱਗ ਬਬੂਲਾ ਹੋ ਕੇ ਉੱਠਕੇ ਚਲਾ ਗਿਆ। ਵਾਇਸਰਾਇ ਨੇ ਪੰਜਾਬ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਛੋਟੂ ਰਾਮ ਤੋਂ ਮੰਤਰੀ ਦਾ ਪਦ ਵਾਪਸ ਲੈ ਲਿਆ ਜਾਵੇ। ਪਰ ਗਵਰਨਰ ਨੇ ਵਾਇਸਰਾਇ ਨੂੰ ਸਲਾਹ ਦਿੱਤੀ ਤੇ ਕਿਹਾ ਜੇ ਅਜਿਹਾ ਹੋਇਆ ਤਾਂ ਪੰਜਾਬ ਹੀ ਨਹੀਂ ਬਲਕਿ ਬਾਹਰ ਵੀ ਗੜਬੜ ਹੋ ਜਾਵੇਗੀ। ਫੇਰ ਅੰਗਰੇਜ਼ ਸਰਕਾਰ ਨੂੰ ਕਣਕ 10 ਰੁਪਏ ਮਣ ਹੀ ਖਰੀਦਣੀ ਪਈ।

ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਮੰਗ ਕਰਨ ਵਾਲੀ ਮੁਸਲਿਮ ਲੀਗ ਅਤੇ ਇਸਦੇ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਮੁਸਲਿਮ ਬਹੁਗਿਣਤੀ ਸੂਬੇ ਪੰਜਾਬ ਵਿੱਚ ਧਰਮ ਨਿਰਪੱਖ ਪਾਰਟੀ 'ਯੂਨੀਅਨਿਸਟ ਪਾਰਟੀ/ ਜਿਮੀਂਦਾਰਾ ਲੀਗ' ਦੇ ਸੱਤਾ ਵਿੱਚ ਆਉਣਾ ਹਜ਼ਮ ਨਹੀਂ ਹੋ ਰਿਹਾ ਸੀ। ਕਿਉਂਕਿ ਉਹ ਵੱਖਰੇ ਮੁਲਕ ਦੀ ਮੰਗ ਦੇ ਰਾਹ ਵਿੱਚ ਸਰ ਛੋਟੂ ਰਾਮ ਨੂੰ ਇੱਕ ਵੱਡਾ ਰੋੜਾ ਸਮਝਦਾ ਸੀ। ਫ਼ਜ਼ਲ ਹੁਸੈਨ ਅਤੇ ਸਿਕੰਦਰ ਹਿਆਤ ਖਾਨ ਨੂੰ ਵਰਗਲਾਉਣ ਵਿੱਚ ਉਹ ਪੂਰੀ ਤਰ੍ਹਾਂ ਅਸਫ਼ਲ ਹੋ ਗਿਆ ਸੀ। ਨਤੀਜੇ ਵਜੋਂ ਉਸਨੇ ਸਰ ਛੋਟੂ ਰਾਮ ਨੂੰ ਵਰਗਲਾਉਣਾ ਚਾਹਿਆਂ। 'ਮਮਦੋਟ ਵਿਲਾ' ਵਿੱਚ ਦੋਹਾਂ ਲੀਡਰਾਂ ਦਰਮਿਆਨ ਮੀਟਿੰਗ ਰੱਖੀ ਗਈ। ਜਿਨਾਹ ਨੇ ਸਰ ਛੋਟੂ ਰਾਮ ਨੂੰ ਪੰਜਾਬ ਦੀ ਵਜਾਰਤ ਵਿੱਚ ਬਹੁਗਿਣਤੀ ਮੁਸਲਮਾਨ ਮੈਂਬਰਾਂ ਦੇ ਹੋਣ ਦੇ ਹਵਾਲੇ ਤੋਂ ਉਨ੍ਹਾਂ ਨੂੰ ਮੁਸਲਿਮ ਲੀਗ ਨਾਲ ਮਿਲਕੇ ਚੱਲਣ ਦੀ ਸਲਾਹ ਦਿੱਤੀ। ਇਹ ਵੀ ਲਾਲਚ ਦਿੱਤਾ ਕਿ ਮੁਸਲਿਮ ਲੀਗ ਦੀ ਸਰਕਾਰ ਵਿੱਚ ਉਨ੍ਹਾਂ ਦੇ ਮੰਤਰੀ ਪਦ ਦਾ ਅਹੁਦਾ ਬਰਕਰਾਰ ਰਹੇਗਾ। ਪਰ ਛੋਟੂ ਰਾਮ ਨੇ ਸਾਫ਼ ਇਨਕਾਰ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਯੂਨੀਅਨਿਸਟ ਸਰਕਾਰ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੀ ਸਾਂਝੀ ਸਰਕਾਰ ਹੈ। ਜੇ ਕੁਝ ਮੁਸਲਮਾਨ ਮੈਂਬਰ ਸਾਡੇ ਵਿਰੋਧ ਵਿੱਚ ਚਲੇ ਵੀ ਜਾਣ ਤਾਂ ਓਨੇ ਹੀ ਹੋਰ ਵਿਰੋਧੀ ਮੈਂਬਰ ਸਾਡੇ ਨਾਲ ਆ ਜਾਣਗੇ। ਸਾਡੀ ਸਰਕਾਰ ਟੁੱਟਣ ਦੀ ਬਜਾਏ ਹੋਰ ਮਜ਼ਬੂਤ ਹੋਵੇਗੀ। ਜਿਨਾਹ ਨੇ ਦੋ ਵਾਰ ਸਰ ਛੋਟੂ ਰਾਮ ਨਾਲ ਮੁਲਾਕਾਤ ਕੀਤੀ। ਦੂਜੀ ਵਾਰ ਜਿਨਾਹ ਨੇ ਹਾਂ ਜਾਂ ਨਾਂਹ ਵਿੱਚ ਜਵਾਬ ਮੰਗਿਆ ਤਾਂ ਛੋਟੂ ਰਾਮ ਨੇ ਮੇਜ਼ ਤੇ ਮੁੱਕਾ ਮਾਰਕੇ ਠੋਕਵਾਂ ਜਵਾਬ ਦਿੱਤਾ, ਨਹੀਂ, ਨਹੀਂ, ਕਦੇ ਨਹੀਂ, ਮਿਸਟਰ ਜਿਨਾਹ ! ਅਤੇ ਉੱਥੋਂ ਉੱਠਕੇ ਆ ਗਏ। ਜਿਨਾਹ ਨੂੰ ਕਿਸੇ ਕੋਲੋਂ ਵੀ ਐਨੇ ਕੋਰੇ ਜਵਾਬ ਦੀ ਆਸ ਨਹੀਂ ਸੀ। ਮਿਸਟਰ ਜਿਨਾਹ ਉਸਤੋਂ ਬਾਅਦ ਹਰ ਜਗ੍ਹਾ ਤੇ ਸਰ ਛੋਟੂ ਰਾਮ ਬਾਰੇ ਜ਼ਹਿਰ ਉਗਲਣ ਲੱਗਾ। ਸਰ ਛੋਟੂ ਰਾਮ ਨੇ ਉਸਨੂੰ ਚੌਵੀ ਘੰਟੇ ਦੇ ਵਿੱਚ ਵਿੱਚ ਪੰਜਾਬ ਤੋਂ ਬਾਹਰ ਜਾਣ ਦਾ ਹੁਕਮ ਦੇ ਦਿੱਤਾ ਅਤੇ ਜਿਨਾਹ ਅਗਲੇ ਹੀ ਦਿਨ ਕਸ਼ਮੀਰ ਪਹੁੰਚ ਗਿਆ। ਫ਼ਜ਼ਲ ਏ ਹੁਸੈਨ ਅਤੇ ਸਿਕੰਦਰ ਹਯਾਤ ਖਾਨ ਦੋਵਾਂ ਦੀ ਮੌਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੀ ਸਾਰੀ ਜ਼ਿੰਮੇਵਾਰੀ ਹੁਣ ਸਰ ਛੋਟੂ ਰਾਮ ਦੇ ਸਿਰ ਸੀ। ਪੰਜਾਬ ਵਿੱਚ ਫਿਰਕੂ ਤਾਕਤਾਂ ਭਾਰੀ ਹੋ ਰਹੀਆਂ ਸਨ, ਅਜਿਹੇ ਨਾਜ਼ੁਕ ਦੌਰ ਵਿੱਚ ਸਰ ਛੋਟੂ ਰਾਮ ਨੇ ਖ਼ਿਜ਼ਰ ਹਯਾਤ ਖਾਨ ਟਿਵਾਣਾ ਨੂੰ ਪੰਜਾਬ ਦਾ ਪ੍ਰੀਮੀਅਰ ਬਣਾਇਆ। ਪਾਰਟੀ ਦੇ ਕਈ ਲੀਡਰਾਂ ਦੇ ਮੁੰਡੇ ਮੁਸਲਿਮ ਲੀਗ ਵੱਲ ਹੋ ਗਏ। ਸਿਕੰਦਰ ਹਯਾਤ ਖਾਨ ਦਾ ਲੜਕਾ ਸ਼ੌਕਤ ਹਯਾਤ ਖਾਨ ਵੀ ਮੁਸਲਿਮ ਲੀਗ ਦੀ ਹਮਾਇਤ ਕਰਨ ਲੱਗਾ। ਪਰ ਖ਼ਿਜ਼ਰ ਨੇ ਉਸਨੂੰ ਆਪਣੀ ਵਜ਼ਾਰਤ ਵਿੱਚ ਮੰਤਰੀ ਬਣਾ ਲਿਆ ਤਾਂ ਜੋ ਉਹ ਇਸ ਪਾਸੇ ਹੀ ਰਹੇ। ਪਰ ਉਹ ਵਜ਼ਾਰਤ ਦੇ ਸਾਰੇ ਭੇਦ ਜਿਨਾਹ ਨੂੰ ਦੇਣ ਲੱਗ ਗਿਆ ਸੀ। ਆਖਰ ਸਰ ਛੋਟੂ ਰਾਮ ਤੇ ਖ਼ਿਜ਼ਰ ਨੇ ਉਸਨੂੰ ਬਾਹਰ ਦਾ ਰਾਹ ਦਿਖਾ ਦਿੱਤਾ। ਜੋ ਹਿੰਦੂ ਤੇ ਸਿੱਖ ਨੇਤਾ ਪਹਿਲਾਂ ਛੋਟੂ ਰਾਮ ਦੇ ਵਿਰੋਧ ਵਿੱਚ ਸਨ ਉਹ ਹੁਣ ਸਰ ਛੋਟੂ ਰਾਮ ਦੀ ਸ਼ਰਣ ਵਿੱਚ ਆ ਗਏ। ਕਿਉਂਕਿ ਫਿਰਕੂ ਅਧਾਰ ਤੇ ਪੰਜਾਬ ਵੰਡ ਦੀ ਵਿਰੋਧੀ ਬੱਸ ਹੁਣ ਯੂਨੀਅਨਿਸਟ ਪਾਰਟੀ ਹੀ ਸੀ। ਇਨ੍ਹੀ ਦਿਨੀਂ ਸਰ ਛੋਟੂ ਰਾਮ ਦੀ ਸਿਹਤ ਖ਼ਰਾਬ ਰਹਿਣ ਲੱਗ ਪਈ, ਡਾਕਟਰਾਂ ਨੇ ਅਰਾਮ ਕਰਨ ਦੀ ਸਲਾਹ ਦਿੱਤੀ। ਪਰ ਉਹ ਫੇਰ ਵੀ ਪੰਜਾਬ ਦੇ ਕੋਨੇ ਕੋਨੇ ਵਿੱਚ ਜਾ ਕੇ ਤਕਰੀਰਾਂ ਕਰਦੇ ਅਤੇ ਲੋਕਾਂ ਨੂੰ ਸਮਝਾਉਂਦੇ ਕਿ ਇਕੱਠੇ ਰਹਿਣ ਵਿੱਚ ਹੀ ਸਭ ਦਾ ਭਲਾ ਹੈ। ਉੱਤਰੀ ਭਾਰਤ ਨੂੰ ਰੌਸ਼ਨ ਕਰਨ ਵਾਲਾ 'ਭਾਖੜਾ ਡੈਮ' ਅਸਲ ਵਿੱਚ ਸਰ ਛੋਟੂ ਰਾਮ ਦੀ ਹੀ ਦੇਣ ਹੈ। ਅਜ਼ਾਦੀ ਤੋਂ ਬਾਅਦ ਨਵੀਆਂ ਬਣੀਆਂ ਸਰਕਾਰਾਂ ਨੇ ਇਸਦਾ ਸਿਹਰਾ ਵੀ ਬੜੀ ਚਲਾਕੀ ਨਾਲ ਆਪਣੇ ਸਿਰ ਸਜਾ ਲਿਆ। ਭਾਖੜਾ ਡੈਮ ਯੋਜਨਾ ਨੂੰ ਲੈ ਕੇ ਸਾਲ 1944 ਵਿੱਚ ਪੰਜਾਬ ਸਰਕਾਰ ਅਤੇ ਰਿਆਸਤ ਬਿਲਾਸਪੁਰ ਵਿੱਚ ਲਿਖਤੀ ਸਮਝੌਤਾ ਸਰ ਛੋਟੂ ਰਾਮ ਦੇ ਯਤਨਾਂ ਨਾਲ ਹੀ ਸਿਰੇ ਚੜ੍ਹਿਆ ਸੀ। ਸਮਝੌਤੇ ਦੀ ਹਰੇਕ ਸ਼ਰਤ ਨੂੰ ਕਲਮਬੱਧ ਕਰਕੇ ਅੰਤਿਮ ਰੂਪ ਵਿੱਚ 8 ਜਨਵਰੀ, 1945 ਨੂੰ ਸਰ ਛੋਟੂ ਰਾਮ ਨੇ ਇਸ ਉੱਤੇ ਦਸਤਖ਼ਤ ਕੀਤੇ। ਪਰ ਇਸ ਯੋਜਨਾ ਦੇ ਕਰਤਾ ਧਰਤਾ ਸਰ ਛੋਟੂ ਰਾਮ ਦੀ ਅਗਲੇ ਹੀ ਦਿਨ 9 ਜਨਵਰੀ ਦੀ ਸਵੇਰ ਨੂੰ ਲਾਹੌਰ ਵਿੱਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੇ ਪਤਨ ਦਾ ਮੁੱਢ ਬੰਨ੍ਹਿਆਂ ਗਿਆ, ਫਿਰਕੂ ਤਾਕਤਾਂ ਦਿਨੋਂ ਦਿਨ ਭਾਰੂ ਪੈਂਦੀਆਂ ਗਈਆਂ। ਸਰ ਛੋਟੂ ਰਾਮ ਦਾ ਦਿੱਲੀ ਤੋਂ ਰਾਵਲਪਿੰਡੀ ਤੱਕ ਪੰਜਾਬ ਨੂੰ ਇੱਕ ਰੱਖਣ ਦਾ ਸੁਪਨਾ ਚੂਰ ਚੂਰ ਹੋ ਗਿਆ। ਮੁਸਲਿਮ ਲੀਗ ਨੇ ਖ਼ਿਜ਼ਰ ਦੀ ਸਰਕਾਰ ਦੇ ਪੈਰ ਨਾ ਲੱਗਣ ਦਿੱਤੇ ਅਤੇ ਪੰਜਾਬ ਦੀ ਵੰਡ ਦਾ ਰਾਹ ਪੱਧਰ ਹੋ ਗਿਆ। ਵਰਤਮਾਨ ਚੜ੍ਹਦੇ-ਲਹਿੰਦੇ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਅੱਜ ਵੀ ਕਈ ਪੁਰਾਣੇ ਬਜ਼ੁਰਗਾਂ ਨੂੰ ਛੋਟੂ ਰਾਮ ਦੀਆਂ ਬਹੁਤੀਆਂ ਗੱਲਾਂ, ਕਿੱਸੇ ਕਹਾਣੀਆਂ ਵਾਂਗ ਯਾਦ ਨੇ, ਜਿੰਨ੍ਹਾਂ ਨੂੰ ਲਿਖਦਿਆਂ ਸ਼ਾਇਦ ਕਲਮ ਵੀ ਥੱਕ ਜਾਵੇ। ਲੋਕ ਅੱਜ ਵੀ ਉਨ੍ਹਾਂ ਨੂੰ ਦੀਨਬੰਧੂ, ਰਹਿਬਰ-ਏ-ਆਜ਼ਮ ਅਤੇ ਕਿਸਾਨਾਂ ਦੇ ਮਸੀਹਾ ਵਜੋਂ ਯਾਦ ਕਰਦੇ ਹਨ।

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500

# ਪੇਂਡੂ ਕਨੇਡੀਅਨ ਆਲਾ – ਯੂ ਟਿਊਬਰ - ਮਿੰਟੂ ਸਮਾਘ

## ਗੁਰਪ੍ਰਕਾਸ਼ ਸਿੰਘ ਸਮਾਘ ਮਿੰਟੂ ਸਮਾਘ ਸਮਾਜਿਕ ਤੌਰ ਤੇ ਚੇਤੰਨ ਯੂ ਟਿਊਬਰ ਹੈ



ਵਿਸ਼ਵਦੀਪ ਬਰਾੜ
ਮਾਨਸਾ

ਮਾਨਸਾ ਇਲਾਕ 'ਚ ਟਿੱਬਿਆਂ ਦੀਆਂ ਧੂੜਾਂ 'ਚ ਨਵੀਆਂ ਬੁਲੰਦੀਆਂ ਛੂਹ ਕੇ ਫਿਰ ਸਾਰੀ ਦੁਨੀਆਂ ਨੂੰ ਰੋਂਦਿਆਂ ਛੱਡ ਕੇ ਤੁਰ ਜਾਣ ਵਾਲੇ ਸਿੱਧੂ ਮੂਸੇ ਵਾਲੇ ਦੇ ਪਿੰਡ ਤੋਂ 6 ਕੁ ਕਿਲੋਮੀਟਰ ਦੂਰ ਹੀ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਛਰਨ ਛੋਹ ਪ੍ਰਾਪਤ ਇਤਿਹਾਸਿਕ ਗੁਰੂਦੁਆਰਾ ਸੂਲੀਸਰ ਸਾਹਿਬ ਵਾਲਾ ਪਿੰਡ ਹੈ ਕੋਟ ਧਰਮੂੰ ਜਿਸ ਨੂੰ ਨਾਮਧਾਰੀਆਂ ਵਲੋਂ ਆਪਣੇ ਇਕ ਡੇਰੇ ਕਰਕੇ ਧਰਮ ਦਾ ਕੋਟ ਵੀ ਕਿਹਾ ਜਾਂਦਾ ਹੈ, ਦਾ ਸਿੱਧੂ ਦਾ ਸਮਕਾਲੀ ਹੀ ਮੱਧਵਰਗੀ ਪਰਿਵਾਰ ਦੇ ਸਮਾਘ ਗੋਤ ਨਾਲ ਸਬੰਧਤ ਮੁੰਡਾ 2017 ਵਿਚ ਪਿੰਡ ਤੋਂ ਕਨੇਡਾ ਦਾ ਸਫਰ ਤਹਿ ਕਰਦਾ ਹੈ।ਮੁੰਡੇ ਦਾ ਨਾਮ ਗੁਰਪ੍ਰਕਾਸ਼ ਸਿੰਘ ਸਮਾਘ ਹੈ ਤੇ ਉਹ ਯੂ ਟਿਊਬ ਤੇ ਆਪਣਾ ਚੈਨਲ ਸ਼ੁਰੂ ਕਰਦਾ ਹੈ ਪਿੰਡ ਤੋਂ ਕਨੇਡਾ, ਸ਼ੁਰੂ ਵਿਚ ਆਪਣੇ ਨਿਰੋਲ ਪੇਂਡੂ ਲਹਿਜੇ ਅਤੇ ਠੇਠ ਪੇਂਡੂ ਮਲਵਈ ਬੋਲੀ ਅਤੇ ਡੱਬੀਆਂ ਵਾਲੇ ਸਾਫਿਆਂ ਜਿੰਨਾ ਨੂੰ ਮਾਲਵੇ ਵਿਚ ਪਰਨੇ ਕਿਹਾ ਜਾਂਦਾ ਹੈ, ਕਰਕੇ ਲੋਕਾਂ ਤੋਂ ਦੇਸੀ ਆਦਿ ਹੋਰ ਸੈਂਕੜੇ ਕੁਮੈਂਟ ਸਹਿ ਕੇ ਵੀ ਲਗਾਤਾਰ ਨਵੀਂਆਂ ਜਾਣਕਾਰੀਆਂ ਨਾਲ ਅੱਗੇ ਵਧਣ ਦੀ ਧੁਨ ਦਾ ਪੱਕਾ ਗੁਰਪ੍ਰਕਾਸ਼ ਹੌਲੀ ਹੌਲੀ ਮਾਲਵੇ ਦੇ ਹੀ ਇਕ ਹੋਰ ਯੂ ਟਿਊਬਰ ਮਿੰਟੂ ਬਰਾੜ ਕਾਲਿਆਂਵਾਲੀ ਦੇ ਚੈਨਲ ਪੇਂਡੂ ਆਸਟਰੇਲੀਆਂ ਨੂੰ ਵੇਖਦਾ ਵੇਖਦਾ ਆਪਣਾ ਛੋਟਾ ਨਾਮ ਵੀ ਮਿੰਟੂ ਸਮਾਘਹੋਣ ਕਰਕੇ ਆਪਣੇ ਚੈਨਲ ਦਾ ਨਾਮ ਵੀ ਪੇਂਡੂ ਕਨੇਡੀਅਨ ਰੱਖ ਲੈਂਦਾ ਹੈ।

ਸ਼ੁਰੂਆਤੀ ਦੌਰ ਦੀਆਂ ਤੰਗੀਆਂ ਤੁਰਸ਼ੀਆਂ ਤੇ ਕਨੇਡਾ ਦੀ ਤੇਜ਼ ਤਰਾਰ ਜਿੰਦਗੀ ਦਾ ਸੇਕ ਮਿੰਟੂ ਨੂੰ ਵੀ ਲੱਗਦਾ ਹੈ ਤੇ ਆਰਥਿਕਤਾ ਨੂੰ ਬੇਲੈਂਸ ਕਰਨ ਲਈ ਉਹ ਸਖਤ ਮਿਹਨਤ ਕਰਨ ਦੇ ਨਾਲ ਨਾਲ ਪੜਾਈ ਵੀ ਕਰਦਾ ਹੈ, ਪਰੰਤੂ ਉਹ ਇਕ ਚੇਤੰਨ ਨਾਗਰਿਕ ਦੀ ਜਗਿਆਸਾ ਨੂੰ ਸ਼ਾਤ ਕਰਨ ਲਈ ਨਾਲ ਨਾਲ ਵੱਖ ਵੱਖ ਵਿਸ਼ਿਆਂ ਤੇ ਜਾਣਕਾਰੀ ਇਕੱਠੀ ਕਰਕੇ ਵੀਡੀਓ ਬਣਾ ਕੇ ਯੂ ਟਿਊਬ ਚੈਨਲ ਤੇ ਪਾਉਣੇ ਵੀ ਜਾਰੀ ਰੱਖਦਾ ਹੈ। ਉਸਦੇ ਪਹਿਲੇ ਵੀਡੀਓਜ਼ ਬਾਰੇ ਜਦ ਉਹਨੂੰ ਪੁੱਛਿਆ ਜਾਂਦਾ ਤਾਂ ਉਹ ਗੋਰਿਆਂ ਵਲੋਂ ਟਰੱਕ ਚਲਾਉਣ ਲਈ ਗੇਅਰ ਕਿਵੇਂ ਪਾਉਣੇ ਹਨ ਜਾਂ ਟਰੱਕ ਬੈਕ ਕਿਵੇਂ ਕਰਨਾ ਅਤੇ ਵਿਜ਼ਟਰ ਵੀਜਾ ਤੋਂ ਵਰਕ ਪਰਮਿਟ ਵਿਚ ਬਦਲਾ ਕਰਨ ਬਾਰੇ ਜਾਣਕਾਰੀ ਦੇਣ ਲਈ ਪਾਏ ਗਏ ਵੀਡੀਓਜ਼ ਤੋਂ ਪਰਭਾਵਿਤ ਹੋ ਕੇ ਪੰਜਾਬੀ ਵਿੱਚ ਅਜਿਹੇ ਦੋ ਵੀਡੀਓਜ਼ ਬਣਾਉਣ ਨਾਲ ਸ਼ੁਰੂਆਤ ਕੀਤੀ। ਡੱਬੀਆਂ ਵਾਲਾ ਸਾਫਾ ਜਾਂ ਪਰਨਾ ਬੰਨ ਕੇ ਕੀਤੀ ਗਈ ਇਸ ਕੋਸ਼ਿਸ਼ ਤੇ ਲੋਕਾਂ ਦੇ ਕੁਮੈਂਟਾਂ ਵਿਚ ਦੇਸੀ ਤੇ ਹੋਰ ਪਤਾ ਨਹੀ ਕੀ ਕੀ ਦੇਖ ਕੇ ਮਨ ਡੋਲ ਗਿਆ ਤੇ ਉਹਨੇ ਯੂਟਿਊਬ ਚੈਨਲ ਹੀ ਬੰਦ ਕਰ ਦਿੱਤਾ ਸੀ। ਪਹਿਲੇ ਵੀਡੀਓਜ਼ ਵਿੱਚ ਉਸ ਨੇ ਕਨੇਡਾ ਦੇ ਪਿੰਡਾਂ ਦੀ ਜਿੰਦਗੀ ਦਿਖਾਈ ਜਿਸ ਵਿੱਚ ਖੇਤ ਤੇ ਟਰੈਕਟਰ ਸਮੇਤ ਕਿਸਾਨਾਂ ਦੇ ਰੋਜ ਦੇ ਕੰਮ ਵੀ ਸਨ। ਜਦ ਉਸ ਵਲੋਂ



ਦੋਬਾਰਾ ਯੂ ਟਿਊਬ ਚੈਨਲ ਸ਼ੁਰੂ ਕੀਤਾ ਤਾਂ ਹੈਰਾਨ ਰਹਿ ਗਿਆ ਕਿ 10 ਹਜ਼ਾਰ ਸਬਸਕਰਾਇਬਰ ਹੋ ਚੁੱਕੇ ਸਨ ਅਤੇ ਕਈ ਵੀਡੀਓਜ਼ ਦੇ 25 ਹਜਾਰ ਵਿਊ ਹੋ ਚੁੱਕੇ ਸਨ। ਇਸ ਸਮੇਂ ਪਤਨੀ ਰਮਨਦੀਪ ਹੀ ਅਕਸਰ ਕੈਮਰਾਮੈਨ ਦੀ ਭੂਮੀਕਾ ਨਿਭਾਉਦੀ ਸੀ ਪਰ ਕੁਝ ਦੋਸਤਾਂ ਜਿਵੇ ਸ਼ਾਹਬਾਜ਼ ਖੋਸਾ ਅਤੇ ਮੰਨੇ ਵਲੋਂ ਵੀ ਨਵੇਂ ਨਵੇਂ ਵੀਡੀਓਜ਼ ਬਣਾਇਆ ਵਿੱਚ ਬੜੀ ਮੱਦਦ ਕੀਤੀ ਗਈ। ਰਮਨਦੀਪ ਨੇ ਕਿੱਤੇ ਵਜੋਂ ਪ੍ਰੋਫੈਸਨਲ ਨਰਸ ਹੋਣ ਕਰਕੇ ਅਤੇ ਜਿਗਿਆਸਾ ਭਰਪੂਰ ਹੋਣ ਕਰਕੇ ਮਿੰਟੂ ਨੂੰ ਵੱਖ ਵੱਖ ਕਿੱਤਿਆਂ ਬਾਰੇ ਵੀਡੀਓਜ਼ ਪਾਉਣ ਲਈ ਕਿਹਾ ਉਹਨਾਂ ਵੀਡੀਓਜ਼ ਵਿੱਚ ਨਵੀਂ ਤੋਂ ਨਵੀਂ ਜਾਣਕਾਰੀ ਦੇਣ ਲਈ ਮਿੰਟੂ ਨੇ ਅਲੱਗ ਅਲੱਗ ਸੂਤਰਾਂ ਤੋਂ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕੀਤੀ ਤੇ ਉਸ ਨਾਲ ਨਵੇਂ ਕਨੇਡਾ ਆ ਕੇ ਰਹਿਣ ਵਾਲੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਵਲੋਂ ਬਹੁਤ ਪਿਆਰ ਦਿੱਤਾ ਗਿਆ। ਵਿਦਿਆਰਥੀਆਂ ਲਈ ਲਾਇਸੰਸ ਕਿਵੇਂ ਲੈਣਾ, ਫੀਸਾਂ ਤੁਸੀਂ ਕਿਵੇਂ ਕੱਢ ਸਕਦੇ ਹੋ, ਜਾਂ ਵੱਖ ਵੱਖ ਕਿੱਤਿਆਂ ਵਿਚ ਕੀ ਕੀ ਸੰਭਾਵਨਾਵਾਂ ਹਨ ਅਜਿਹੇ ਸੈਂਕੜੇ ਹੀ ਗਿਆਨ ਭਰਪੂਰ ਵੀਡੀਓਜ਼ ਪੇਂਡੂ ਕਨੇਡੀਅਨ ਚੈਨਲ ਤੇ ਵੇਖੇ ਜਾਂਦੇ ਹਨ। ਹੁਣ ਜਿੱਥੇ ਮਿੰਟੂ ਸਾਰਿਆਂ ਵਿੱਚ ਪਾਪੂਲਰ ਹੈ ਉਥੇ ਨਾਲ ਹੀ ਉਹ ਸਮਾਜਿਕ ਜਿ ?ਮੇਵਾਰੀ ਵੀ ਸਮਝਦਾ ਹੈ ਕਿ ਉਹ ਕੋਈ ਵੀ ਅਜਿਹਾ ਵੀਡੀਓ ਨਹੀਂ ਪਾਵੇਗਾ ਜਿਸ ਦਾ ਕੋਈ ਨਾਂਹ ਪੱਖੀ ਪਰਭਾਵ ਕਿਸੇ ਤੇ ਵੀ ਪੈਂਦਾ ਹੋਵੇ ਤੇ ਜਿਸ ਕਰਕੇ ਕਨੇਡਾ ਬਾਰੇ ਕੋਈ ਵੀ ਜਾਣਕਾਰੀ ਲੈਣ ਲਈ ਲੋਕਾਂ ਵਲੋਂ ਅਕਸਰ ਉਸਦੇ ਵੀਡੀਓਜ਼ ਦੀ ਖੋਜ ਕੀਤੀ ਜਾਂਦੀ ਹੈ।

**ਗੁਰਪ੍ਰਕਾਸ਼ ਸਿੰਘ ਸਮਾਘ**

ਨਿੱਜੀ ਪਲਾਂ ਨਾਲ ਲਾਇਕ ਵਿਊਜ਼ ਵਧਾਉਣ ਵਾਲਿਆਂ ਨੂੰ ਮਿੰਟੂ ਚੰਗਾ ਨਹੀਂ ਸਮਝਦਾ ਹੈ ਤੇ ਹਰੇਕ ਵੀਡੀਓ ਨੂੰ ਮਿਆਰੀ ਤੇ ਸਾਦੀ ਭਾਸ਼ਾ ਦੀ ਵਰਤੋਂ ਕਰਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਦਾ ਸਾਥ ਪੂਰੀ ਦੁਨੀਆਂ ਵਿੱਚੋਂ ਉਸ ਨੂੰ ਮਿਲ ਰਿਹਾ ਹੈਂ। ਪਹਿਲਾਂ ਆਪਣੇ ਕੰਮ ਦੇ ਆਲੇ ਦੁਆਲੇ ਵਿੱਚੋਂ ਵਿਸ਼ੇ ਲੱਭ ਕੇ ਵੀਡੀਓਜ਼ ਤੋਂ ਹੁਣ ਮਿੰਟੂ ਰੋਜ਼ਾਨਾ ਵਾਪਰ ਦੀਆਂ ਘਟਨਾਵਾਂ ਖਾਸ ਕਰਕੇ ਵਿਦਿਆਰਥੀ ਵਰਗ ਨਾਲ ਹੋ ਰਹੀਆਂ ਧੋਖੇਧੜੀਆਂ, ਕਨੇਡਾ ਦੀਆਂ ਸਮਾਜਿਕ ਸਹੂਲਤਾਂ ਅਤੇ ਲੋਕਾਂ ਵਲੋਂ ਭੇਜੇ ਜਾਂਦੇ ਸੁਝਾਵਾਂ ਜਾਂ ਲੋੜ ਦੇ ਅਨੁਸਾਰ ਵੀਡੀਓਜ਼ ਪਾ ਕੇ ਸਮਾਜਿਕ ਰੂਪ ਵਿੱਚ ਜ਼ਿੰਮੇਵਾਰ ਯੂ ਟਿਊਬਰ ਦੀ ਭੂਮਿਕਾ ਬਾਖੂਬੀ ਨਿਭਾ ਰਿਹਾ ਹੈ।ਬਰੈਂਪਟਨ ਦੀਆਂ ਬੱਸਾਂ ਬਾਰੇ ਵੱਖ ਵੱਖ ਥਾਂ ਤੇ ਡਰੱਗਜ਼ ਬਾਰੇ, ਸਟੂਡੈਂਟਸ ਦੇ ਆਫਰ ਲੈਂਟਰਾਂ ਬਾਰੇ ਜਾਂ ਕਿਸੇ ਕਾਲਜ਼ ਵਲੋਂ ਕੀਤੇ ਗਏ ਧੋਖੇ ਬਾਰੇ ਲੋਕਾਂ ਨੂੰ ਜਾਗਰਿਤ ਕਰਨਾ ਮਿੰਟੂ ਆਪਣਾ ਫਰਜ਼ ਸਮਝਦਾ ਹੈ ਅਤੇ ਨਿਰਪੱਖ ਰਹਿ ਕੇ ਆਪਣੇ ਵੀਡੀਓਜ਼ ਰਾਹੀਂ ਖੁਲਾਸੇ ਕਰਦਾ ਹੈ ਜਿਸ ਕਰਕੇ ਲੋਕ ਉਸਨੂੰ ਲਗਾਤਾਰ ਸੁਝਾਅ ਦਿੰਦੇ ਹਨ। ਇਕ ਨਿਵੇਕਲੀ ਗੱਲ ਉਸਦੀ ਇਹ ਵੀ ਹੈ ਕਿ ਰੋਜ਼ਾਨਾ ਜਿੰਦਗੀ ਦੇ ਛੋਟੇ ਛੋਟੇ ਕੰਮਾਂ ਲਈ ਵਿਦਿਆਰਥੀਆਂ ਅਤੇ ਆਮ ਕਨੇਡਾ ਵਸਦੇ ਪੰਜਾਬੀਆਂ ਦੇ ਮਸਲੇ ਉਹ ਆਪਣੇ ਫੇਸਬੁੱਕ ਅਕਾਊਂਟ ਅਤੇ ਇੰਸਟਾਗ੍ਰਾਮ ਤੇ ਪਾ ਕੇ ਉਹਨਾਂ ਦੀ ਮੱਦਦ ਵੀ ਕਰਦਾ ਹੈ। ਆਖਿਰ ਵਿਚ ਮੁਕਦੀ ਗੱਲ ਇਹ ਹੈ ਕਿ ਯੂ ਟਿਊਬ ਰਾਹੀਂ ਕਨੇਡਾ ਦੇ ਪਿੰਡਾਂ ਤੋਂ ਸਫ਼ਰ ਸ਼ੁਰੂ ਕਰਕੇ ਮਿੰਟੂ ਸਮਾਘ ਹੁਣ ਪੰਜਾਬੀਆਂ ਦੇ ਹਰ ਮਸਲੇ ਤੇ ਆਪਣੇ ਵਿਚਾਰ ਰੱਖਣ ਕਰਕੇ ਚੰਗੇ ਯੂ ਟਿਊਬਰਾਂ ਦੀ ਗਿਣਤੀ ਵਿਚ ਸ਼ੁਮਾਰ ਹੈ। ਉਸ ਵਲੋਂ ਆਈ ਸੀ ਵਰਲਡ ਨਾਮ ਦਾ ਰੇਡੀਓ ਚੈਨਲ ਵੀ ਸ਼ੁਰੂ ਕੀਤਾ ਗਿਆ ਹੈ ਜਿਸ ਤੋਂ ਵੀ ਆਸ਼ਾ ਕੀਤੀ ਜਾਂਦੀ ਹੈ ਕਿ ਉਹ ਆਪਣੇ ਯੂ ਟਿਊਬ ਚੈਨਲ ਵਾਂਗ ਲੋਕਾਂ ਵਿੱਚ ਜਲਦੀ ਮਕਬੂਲੀਅਤ ਹਾਸਿਲ ਕਰ ਲਏਗਾ।




# ਸ਼ਹੀਦਾਂ ਨੂੰ ਪ੍ਰਣਾਮ ਕੈਂਪ - ਸਰਦੀਆਂ ਦੀਆਂ ਛੁੱਟੀਆਂ ਦੌਰਾਨ ਕੈਲਗਰੀ ਵਿੱਚ ਲੱਗ ਰਿਹਾ ਹੈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਮੌਡਰਨ ਟੈਕਨੌਲੋਜੀ ਨਾਲ ਜੋੜਣ ਦੇ ਮਾਹਿਰ ਗਿਆਨੀ ਰਾਮ ਸਿੰਘ ਚਹਿਲਾਂ ਦਾ ਕਹਿਣਾ ਹੈ ਕਿ ਸਿੱਖ ਮਾਪਿਆਂ ਦੇ ਉਤਸ਼ਾਹ ਨੂੰ ਦੇਖਦਿਆਂ ਕੈਲਗਰੀ ਵਿਖੇ 3515, 32 ਸਟਰੀਟ ਤੇ ਸਿੱਖ ਵੈਲਿਊਸ ਲਰਨਿੰਗ ਸੈਂਟਰ ਵਿਖੇ ਦਸੰਬਰ 2022 ਸਰਦੀਆਂ ਦੀਆਂ ਛੁੱਟੀਆਂ ਵਿੱਚ ਦੋ ਦਿਨਾਂ ਦਾ ਸ਼ਹੀਦਾਂ ਨੂੰ ਪ੍ਰਣਾਮ ਕੈਂਪ ਲੱਗ ਰਿਹਾ ਹੈ। ਕੈਂਪ ਵਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਇਸ ਵਾਰੀ ਉਮਰ 5 ਤੋਂ 7 ਸਾਲ ਲਈ ਅਲੱਗ ਅਤੇ ਉਮਰ 8 ਤੋਂ 16 ਸਾਲ ਲਈ ਅਲੱਗ ਕੈਂਪ ਲੱਗ ਰਿਹਾ ਹੈ। ਕੈਂਪ ਅਟੈਂਡ ਕਰਨ ਵਾਲੇ ਵਿਦਿਆਰਥੀਆਂ ਲਈ ਵੱਖ ਵੱਖ ਦੋ ਸਲੌਟ ਹਨ। ਇੱਕ ਦਸੰਬਰ 27 ਅਤੇ 28 ਨੂੰ ਅਤੇ ਦੂਜਾ ਸਲੌਟ ਦਸੰਬਰ 29 ਅਤੇ 30 ਨੂੰ ਹੈ। ਇਹਨਾਂ ਵਿੱਚੋਂ ਜਿਹੜਾ ਮਰਜ਼ੀ ਇੱਕ ਸਲੌਟ ਬੁੱਕ ਕੀਤਾ ਜਾ ਸਕਦਾ ਹੈ। ਹੋਰ ਵੇਰਵਾ ਦਿੰਦਿਆਂ ਉਹਨਾਂ ਦੱਸਿਆ ਕਿ ਇਹਨਾਂ ਦੋਵੇਂ ਸਲੌਟਸ ਵਿੱਚ ਉਮਰ ਮੁਤਾਬਿਕ ਦੋ ਗਰੁੱਪ ਹੋਣਗੇ। ਪਹਿਲਾ ਗਰੁੱਪ ਉਮਰ 5 ਤੋਂ 7 ਸਾਲ ਵਾਸਤੇ ਹੈ। ਇਹਨਾਂ ਲਈ ਸਮਾਂ ਸਵੇਰੇ 11:30 ਵਜੇ ਤੋਂ ਦੁਪਹਿਰ 01:30 ਵਜੇ ਤੱਕ ਹੋਵੇਗਾ। ਇਹਨਾਂ ਨੂੰ ਦੋਵੇਂ ਦਿਨ ਸਨੈਕਸ ਵੀ ਦਿੱਤਾ ਜਾਵੇਗਾ। ਇਹਨਾਂ ਲਈ ਦੋ ਦਿਨਾਂ ਦੀ ਕੈਂਪ ਦੀ ਫੀਸ 15 ਡਾਲਰ ਰੱਖੀ ਗਈ ਹੈ। ਦੂਜਾ ਗਰੁੱਪ ਵਿੱਚ ਉਮਰ 8 ਤੋਂ 16 ਸਾਲ ਵਾਸਤੇ ਹੈ। ਇਹਨਾਂ ਲਈ ਸਮਾਂ ਦੁਪਹਿਰ 02:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੋਵੇਗਾ। ਇਹਨਾਂ ਲਈ ਇੱਕ ਦਿਨ ਪੀਜ਼ੇ ਦਾ ਅਤੇ ਦੂਜੇ ਦਿਨ ਸਬ ਦਾ ਲੰਗਰ ਹੋਵੇਗਾ। ਇਹਨਾਂ ਲਈ ਦੋ ਦਿਨਾਂ ਦੀ ਕੈਂਪ ਦੀ ਫੀਸ 30 ਡਾਲਰ ਰੱਖੀ ਗਈ ਹੈ। ਇਹਨਾਂ ਕੈਂਪਾਂ ਵਿੱਚ ਸਲਾਈਡ ਸ਼ੋਅ, ਕੰਪੀਟੀਸ਼ਨ, ਕੁਇਜ਼, ਡਿਸਕਸ਼ਨ, ਇਨਡੋਰ ਗੇਮਾਂ ਸ਼ੌਰਟ ਮੂਵੀਆਂ ਵੀ ਹੋਣਗੀਆਂ। ਉਹਨਾਂ ਦੱਸਿਆ ਕਿ ਸਾਡੇ ਕੋਲ ਇੱਕ ਸਲੌਟ ਵਿੱਚ ਸਿਰਫ 30 ਸੀਟਾਂ ਹਨ, ਜਿਹਨਾਂ ਵਿੱਚੋਂ 90 ਪਰਸੈਂਟ ਸੀਟਾਂ ਬੁੱਕ ਹੋ ਚੁੱਕੀਆਂ ਹਨ।




ਉਹਨਾਂ ਦੱਸਿਆ ਕਿ ਸਾਡੇ ਲਰਨਿੰਗ ਸੈਂਟਰ ਵਿੱਚ ਪੰਜਾਬੀ ਕਲਾਸਾਂ, ਵੀਕਐਂਡ ਗੁਰਮਤਿ ਕਲਾਸਾਂ, ਕੀਰਤਨ ਕਲਾਸ, ਗੁਰਮਤਿ ਸੋਝੀ ਕੋਰਸ ਅਤੇ ਗੁਰਬਾਣੀ ਸੰਥਿਆ ਤੇ ਵਿਆਖਿਆ ਕਲਾਸਾਂ, ਚੱਲ ਰਹੀਆਂ ਹਨ ਅਤੇ ਸਮੇਂ ਸਮੇਂ ਤੇ ਵੱਖ ਵੱਖ ਵਿਸ਼ੇਸ਼ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ। ਮਾਪਿਆਂ ਨੂੰ ਬੇਨਤੀ ਹੈ ਕਿ ਜੇ ਉਹਨਾਂ ਨੇ ਆਪਣੇ ਬੱਚਿਆਂ ਦੇ ਨਾਮ ਰਜਿਸਟਰ ਨਹੀਂ ਕਰਵਾਏ ਤਾਂ ਜਲਦੀ ਤੋਂ ਜਲਦੀ ਸਾਡੀ ਵੈੱਬਸਾਈਟ ਡਬਲਿਊ ਡਬਲਿਊ ਡਬਲਿਊ ਡੌਟ ਸਿੱਖ ਕਮਿਊਨਿਟੀ ਡੌਟ ਨੈੱਟ ਰਾਹੀਂ ਜਾ ਕੇ ਰਜਿਸਟਰ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਸਾਡੀ ਈਮੇਲ ਸਿੱਖਵੈਲਿਊਸ ਐਟ ਜੀਮੇਲ ਤੇ ਜਾਂ ਸਾਡੇ ਫੋਨ ਨੰਬਰ (587) 973-5026, (587) 585-8794 ਜਾਂ (639) 590-4464 ਤੇ ਸੰਪਰਕ ਕਰ ਸਕਦੇ ਹਨ।

# ਜਲੰਧਰ ਟੀ.ਵੀ. ਟਾਵਰ ਹੋਇਆ ਬੇਕਾਰ

ਤਕਨੀਕ ਨੇ ਬੜਾ ਕੁਝ ਬਦਲ ਦਿੱਤਾ ਹੈ। ਬੀਤੇ ਇਕ ਦਹਾਕੇ ਦੌਰਾਨ ਸੰਗੀਤ ਉਦਯੋਗ ਕਿੱਥੋਂ ਕਿੱਥੇ ਪਹੁੰਚ ਗਿਆ ਹੈ। ਟੈਲੀਵਿਜ਼ਨ ਤਕਨੀਕ ਵੀ ਬੇਹੱਦ ਤੇਜ਼ੀ ਨਾਲ ਬਦਲੀ ਹੈ। ਬਿਹਤਰ ਤਸਵੀਰ ਅਤੇ ਬਿਹਤਰ ਆਵਾਜ਼ ਲਈ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਜਦੋਂ 1959 ਵਿਚ ਟੈਲੀਵਿਜ਼ਨ ਭਾਰਤ ਵਿਚ ਆਇਆ ਤਾਂ ਛੱਤ 'ਤੇ ਲੱਗੇ ਐਨਟੀਨਾ ਦਾ ਦ੍ਰਿਸ਼ ਉਸ ਸਮੇਂ ਦੇ ਲੋਕਾਂ ਨੂੰ ਅੱਜ ਵੀ ਯਾਦ ਹੈ। ਤਸਵੀਰ ਚਿੱਟੀ ਕਾਲੀ ਆਉਂਦੀ ਸੀ। ਉਹ ਵੀ ਜਦ ਧੁੰਦਲੀ ਜਾਂ ਵਿੰਗੀ ਟੇਢੀ ਹੋ ਜਾਂਦੀ ਸੀ ਤਾਂ ਘਰ ਦਾ ਇਕ ਮੈਂਬਰ ਛੱਤ 'ਤੇ ਜਾ ਕੇ ਉਸ ਐਨਟੀਨਾ ਨੂੰ ਖੱਬੇ ਸੱਜੇ ਘਮਾਉਂਦਾ ਹੋਇਆ ਉਚੀ ਆਵਾਜ਼ ਵਿਚ ਟੀ.ਵੀ. ਅੱਗੇ ਬੈਠੇ ਮੈਂਬਰਾਂ ਨੂੰ ਪੁੱਛਦਾ ਹੁੰਦਾ ਸੀ, ਆਈ, ਹੋਈ ਠੀਕ ?? ਹੇਠੋਂ ਜੋ ਜਵਾਬ ਮਿਲਦਾ ਅਗਲੀ ਕਾਰਵਾਈ ਉਸ ਅਨੁਸਾਰ ਹੁੰਦੀ ਸੀ।



ਜਲੰਧਰ ਵਾਲਾ ਟੀ.ਵੀ. ਟਾਵਰ ਜਲੰਧਰ ਵਾਸੀਆਂ ਨੂੰ ਦੂਰੋਂ ਨਜ਼ਰ ਆਉਂਦਾ ਹੈ। ਹਨੇਰੇ ਵਿਚ ਟਿਮ ਟਿਮਾਉਂਦਾ। ਦਿਨ ਵੇਲੇ ਸ਼ਾਂਤ ਖੜੋਤਾ ਇਹ ਟਾਵਰ 43 ਸਾਲ ਦੂਰਦਰਸ਼ਨ ਕੇਂਦਰ ਜਲੰਧਰ ਦੇ ਪ੍ਰੋਗਰਾਮ ਦੂਰ-ਦੂਰ ਤੱਕ ਭੇਜਦਾ ਰਿਹਾ। 43 ਸਾਲ ਪਹਿਲਾ 4 ਸਾਲਾਂ ਵਿਚ ਬਣਕੇ ਤਿਆਰ ਹੋਇਆ ਇਹ ਟਾਵਰ ਅੱਜ ਵੀ ਬੁਲੰਦ ਖੜਾ ਹੈ ਪਰੰਤੂ ਤਕਨੀਕ ਦੀ ਹਨੇਰੀ ਨੇ ਇਸਨੂੰ ਵਿਹਲਾ ਕਰ ਦਿੱਤਾ ਹੈ। ਡੀ.ਡੀ. ਪੰਜਾਬੀ ਦੇ ਚੀਫ਼ ਇੰਜੀਨੀਅਰ ਅਨੁਸਾਰ ਡਿਜ਼ੀਟਲ ਤਕਨੀਕ, ਡੀ.ਟੀ. ਐਚ ਅਤੇ ਐਪ ਰਾਹੀਂ ਟੈਲੀਵਿਜ਼ਨ ਪ੍ਰੋਗਰਾਮ ਵੇਖਣ ਦੀ ਸਹੂਲਤ ਵਿਕਸਤ ਹੋਣ ਕਾਰਨ ਇਸ ਟਾਵਰ ਨੂੰ 31 ਅਕਤੂਬਰ 2022 ਤੋਂ ਬੰਦ ਕਰ ਦਿੱਤਾ ਗਿਆ ਹੈ। ਇਸ ਟੀ.ਵੀ. ਟਾਵਰ ਦੀ ਕੁਲ ਉਚਾਈ 918 ਫੁੱਟ ਹੈ।

ਦੁਨੀਆਂ ਵਿਚ ਅਜਿਹੇ ਬਹੁਤ ਸਾਰੇ ਟੀ.ਵੀ. ਟਾਵਰ ਹਨ। ਜਿਨ੍ਹਾਂ ਦੀਆਂ ਉਪਰਲੀਆਂ ਇਕ ਦੋ ਤੱਤਾਂ ਖੁੱਲ੍ਹੀਆਂ ਰੱਖੀਆਂ ਹੋਈਆਂ ਹਨ। ਉਥੇ ਰੈਸਟੋਰੈਂਟ ਬਣਾਏ ਹਨ। ਸ਼ਹਿਰ ਅਤੇ ਦੁਨੀਆਂ ਦੇ ਲੋਕ ਉਥੇ ਉਚੇਚ ਨਾਲ ਆਉਂਦੇ ਹਨ ਅਤੇ ਸ਼ਹਿਰ ਤੇ ਇਰਦ-ਗਿਰਦ ਦਾ ਨਜ਼ਾਰਾ ਤੱਕਦੇ ਹਨ। ਇਕ ਪਾਸੇ ਅਜਿਹੇ ਟਾਵਰ ਆਮਦਨ ਦਾ ਸ੍ਰੋਤ ਬਣਦੇ ਹਨ, ਯਾਤਰੀਆਂ ਲਈ ਆਕਰਸ਼ਨ ਦਾ ਕੇਂਦਰ ਰਹਿੰਦੇ ਹਨ ਅਤੇ ਸਬੰਧਤ ਸ਼ਹਿਰ ਤੇ ਇਲਾਕੇ ਦੀ ਪਹਿਚਾਣ ਬਣਦੇ ਹਨ। ਅਫ਼ਸੋਸ ਕਿ ਦੂਰਦਰਸ਼ਨ ਕੇਂਦਰ ਇਸ ਟਾਵਰ ਦੀ ਅਜਿਹੀ ਵਰਤੋਂ ਨਹੀਂ ਕਰ ਸਕਿਆ।

ਭਾਵੇਂ ਅਜਿਹੇ ਟਾਵਰ ਦੀ ਵਰਤੋਂ ਤਕਨੀਕੀ ਮਕਸਦ ਲਈ ਹੀ ਕੀਤੀ ਜਾਂਦੀ ਹੈ ਅਤੇ ਵਧੇਰੇ ਹਿੱਸਾ ਇਸੇ ਮਨੋਰਥ ਲਈ ਰਾਖਵਾਂ ਹੁੰਦਾ ਹੈ ਪਰੰਤੂ ਇਸਦੀ ਉਚਾਈ ਅਤੇ ਵਿਲੱਖਣ ਨੁਹਾਰ ਸਦਕਾ ਉਪਰੋਕਤ ਆਕਰਸ਼ਨ ਲਈ ਵੀ ਇਨ੍ਹਾਂ ਨੂੰ ਵਰਤਣਯੋਗ ਬਣਾਇਆ ਜਾਂਦਾ ਹੈ। ਟੀ.ਵੀ. ਟਾਵਰ ਜਲੰਧਰ ਦੀ ਉਸਾਰੀ ਵੇਲੇ ਵੀ ਅਜਿਹੀ ਵਿਵਸਥਾ ਕੀਤੀ ਜਾ ਸਕਦੀ ਸੀ ਪਰ ਇਸ ਪਾਸੇ ਕਿਸੇ ਨੇ ਧਿਆਨ ਨਹੀਂ ਦਿੱਤਾ।

ਟੋਕੀਓ ਸਕਾਈ ਟ੍ਰੀ 2080 ਫੁੱਟ ਦੀ ਉਚਾਈ ਨਾਲ ਦੁਨੀਆਂ ਦਾ ਸਭ ਤੋਂ ਉਚਾ ਟੀ.ਵੀ. ਟਾਵਰ ਹੈ। ਇਹ 2011 ਵਿਚ ਬਣ ਕੇ ਤਿਆਰ ਹੋਇਆ। ਇਹ ਟੋਕੀਓ ਦਾ ਲੈਂਡਮਾਰਕ ਹੈ ਇਸਨੂੰ ਜਪਾਨ ਦੀ ਪਰੰਪਰਾਗਤ ਸੁੰਦਰਤਾ ਅਨੁਸਾਰ ਡਿਜ਼ਾਈਨ ਕੀਤਾ ਗਿਆ ਹੈ। ਰੱਖਿਆ ਤੇ ਸੁਰੱਖਿਆ ਦੋਹਾਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਟਾਵਰ ਦੇ ਢਾਂਚੇ ਨੂੰ ਵੇਲਣੇ ਦੇ ਅਕਾਰ ਦਾ ਰੱਖਿਆ ਗਿਆ ਹੈ ਤਾਂ ਜੋ ਸ਼ਹਿਰ ਤੇ ਦਰਿਆ ਦਾ ਬਿਹਤਰੀਨ ਦ੍ਰਿਸ਼ ਨਜ਼ਰ ਆਵੇ।

1150 ਫੁੱਟ ਦੀ ਉਚਾਈ 'ਤੇ 2000 ਲੋਕਾਂ ਦੀ ਸਮਰੱਥਾ ਵਾਲੀ ਖੁਲ੍ਹੀ ਛੱਤ ਹੈ ਅਤੇ 1480 ਫੁੱਟ 'ਤੇ 900 ਲੋਕਾਂ ਲਈ। ਸਭ ਤੋਂ ਉਪਰਲੀ ਛੱਤ 'ਤੇ ਪੰਜ ਮੀਟਰ ਸ਼ੀਸ਼ੇ ਨਾਲ ਕਵਰ ਕੀਤਾ ਸਕਾਈ ਵਾਕ ਏਰੀਆ ਹੈ। ਸ਼ੀਸ਼ੇ ਦੀ ਛੱਤ 'ਚੋਂ ਯਾਤਰੀ ਹੇਠਾਂ ਗਲੀਆਂ ਬਜ਼ਾਰਾਂ ਦਾ ਦ੍ਰਿਸ਼ ਵੇਖ ਸਕਦੇ ਹਨ।ਟਾਵਰ ਫਰੇਮ ਨੂੰ ਤੇਲ ਵਾਲੇ ਸਪੰਜਾਂ ਨਾਲ ਜੋੜਿਆ ਗਿਆ ਹੈ ਜਿਹੜੇ ਭੁਚਾਲ ਸਮੇਂ ਗੱਦਿਆਂ ਦਾ ਕੰਮ ਕਰਦੇ ਹਨ। ਡਿਜ਼ਾਈਨ ਤਿਆਰ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਤੇਲ ਸਪੰਜ ਭੁਚਾਲ ਦੇ ਝਟਕੇ ਨੂੰ ਅੱਧਾ ਕਰ ਦਿੰਦੇ ਹਨ। ਰਾਤ ਸਮੇਂ ਸਕਾਈ ਬਲਿਊ ਅਤੇ ਜ਼ਾਮਨੀ ਰੰਗ ਇਸਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਦਿੰਦੇ ਹਨ।ਚੀਨ ਦੇ ਕੈਂਪਟਨ ਟੀ.ਵੀ. ਟਾਵਰ ਦੀ ਉਚਾਈ 604 ਮੀਟਰ (1982 ਫੁੱਟ) ਹੈ। ਇਹ 2009 ਵਿਚ ਬਣ ਕੇ ਤਿਆਰ ਹੋਇਆ ਸੀ ਅਤੇ 2010 ਵਿਚ ਚੀਨ ਵਿਚ ਹੋਈਆਂ ਏਸ਼ੀਅਨ ਖੇਡਾਂ ਦੌਰਾਨ ਆਕਰਸ਼ਨ ਦਾ ਕੇਂਦਰ ਰਿਹਾ। ਚੀਨ ਦੇ ਲੋਕਾਂ ਨੇ ਇਸ ਟਾਵਰ ਨੂੰ ਵੱਖ-ਵੱਖ ਨਾਂ ਦੇ ਰੱਖੇ ਹਨ ਪਰੰਤੂ ਸਤੰਬਰ 2010 ਵਿਚ ਲੋਕਾਂ ਦੀ ਰਾਏ ਨਾਲ ਇਸਨੂੰ ਕੈਪਟਨ ਟਾਵਰ ਦਾ ਨਾਂ ਦਿੱਤਾ ਗਿਆ। ਇਹ ਦੁਨੀਆਂ ਦਾ ਸੱਭ ਤੋਂ ਉਚਾ ਟੀ.ਵੀ. ਟਾਵਰ ਹੈ। ਇਥੇ ਸਿਖ਼ਰ ਤੋਂ ਮਨਮੋਹਕ ਦ੍ਰਿਸ਼ ਵੇਖਣ ਦੀ ਸਹੂਲਤ ਮੁਹੱਈਆ ਕਰਨ ਦੇ ਨਾਲ ਰੈਸਟੋਰੈਂਟ, ਪੰਜ ਤਾਰਾ ਪ੍ਰਦਰਸ਼ਨੀਆਂ ਅਤੇ ਮਨੋਰੰਜਨ ਦੀ ਵਿਵਸਥਾ ਵੀ ਕੀਤੀ ਗਈ ਹੈ।ਸੀ.ਐਨ. ਟਾਵਰ ਟੋਰਾਂਟੋ ਦੁਨੀਆਂਭਰ ਵਿਚ ਪ੍ਰਸਿੱਧ ਹੈ। ਇਹ 1976 ਵਿਚ ਬਣਕੇ ਤਿਆਰ ਹੋਇਆ ਸੀ ਅਤੇ ਇਸਦੀ ਉਚਾਈ 553 ਮੀਟਰ (1815 ਫੁੱਟ) ਹੈ। ਇਹ ਟੋਰਾਂਟੋ ਦਾ ਮਾਣ ਹੈ। ਹਰੇਕ ਸਾਲ ਇਸਨੂੰ ਵੇਖਣ ਲਈ ਲੱਖਾਂ ਯਾਤਰੀ ਆਉਂਦੇ ਹਨ। ਇਸ ਵਿਚ ਇਕ ਰੈਸਟੋਰੈਂਟ ਬਣਾਇਆ ਗਿਆ ਹੈ ਜਿਹੜਾ ਇਕ ਘੰਟਾ 12 ਮਿੰਟ ਵਿਚ ਘੁੰਮਦਾ ਹੋਇਆ ਚੱਕਰ ਪੂਰਾ ਕਰਦਾ ਹੈ। ਯਾਤਰੀਆਂ ਲਈ ਉਥੇ ਬੈਠਣਾ ਯਾਦਗਾਰੀ ਹੋ ਨਿੱਬੜਦਾ ਹੈ।ਇਸੇ ਤਰ੍ਹਾਂ ਮਾਸਕੋ, ਸ਼ੰਘਾਈ, ਤਹਿਰਾਨ, ਕੁਆਲਾਲੰਪੁਰ, ਤਿਆਨਜਿਨ, ਬੀਜਿੰਗ ਅਤੇ ਜੈਂਗਜ਼ੂ ਵਿਖੇ ਮਨਮੋਹ ਲੈਣ ਵਾਲੇ ਟੀ.ਵੀ. ਟਾਵਰ ਹਨ, ਜਿਹੜੇ ਦੁਨੀਆਂਭਰ 'ਚੋਂ ਆਉਣ ਵਾਲੇ ਯਾਤਰੀਆਂ ਲਈ ਆਕਰਸ਼ਨ ਦਾ ਕੇਂਦਰ ਬਣਦੇ ਹਨ। ਕਾਸ਼, ਜਲੰਧਰ ਟੀ.ਵੀ. ਟਾਵਰ ਨੂੰ ਵੀ ਇਉਂ ਤਿਆਰ ਕੀਤਾ ਗਿਆ ਹੁੰਦਾ ਤਾਂ ਜੋ ਅੱਜ ਇਹ ਬੇਕਾਰ ਨਾ ਹੁੰਦਾ।

ਪ੍ਰੋ. ਕੁਲਬੀਰ ਸਿੰਘ
9417153513

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

## ਲੜਕੀ ਦੀ ਲੋੜ

ਕਨੇਡਾ ਵਿੱਚ ਰਹਿ ਰਹੇ ਸੈਣੀ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 6 ਫੁੱਟ,ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ(ਇੰਡੀਆ) ਪੋਸਟ ਗਰੈਜੂਏਟ ਡਿਪਲੋਮਾ ਇਨ ਬਿਜਨਿਸ ਮੈਨੇਜਮੈਂਟ ਐਂਡ ਲੌਜਿਸਟਿਕਸ (ਕਨੇਡਾ) ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦੀ ਪੀ ਆਰ ਐਪਲੀਕੇਸਨ ਲੱਗੀ ਹੋਈ ਹੈ ਅਤੇ ਬਾਕੀ ਸਾਰਾ ਪਰਿਵਾਰ ਵੀ ਕਨੇਡਾ ਹੀ ਸੈਟਲ ਹੈ। ਸੰਪਰਕ: 1 306 541-1337 ***210***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਸੈਣੀ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 30 ਸਾਲ ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਬਾਇਓਟੈਕਨੋਲਿਜੀ (ਇੰਡੀਆ) ਅਤੇ ਪੋਸਟ ਗਰੈਜੂਏਟ ਡਿਪਲੋਮਾ (ਕਨੇਡਾ) ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 541-1337 ***210***

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 29 ਸਾਲ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਸਾਇੰਸ ਇਨ ਨਰਸਿੰਗ,ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਸਾਰੀ ਫੈਮਿਲੀ ਕਨੇਡਾ ਹੀ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ,ਚੰਗੇ ਪੜ੍ਹੇ ਲਿਖੇ ਵਰਕ ਪਰਮਿਟ ਉੱਪਰ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 403 605 6012 ਜਾਂ 403 479 1325 ***214***

## ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸ਼ੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

## ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ( ਅਨਮੈਰਿਡ) ਉਮਰ 39 ਸਾਲ, ਕੱਦ 5 ਫੁੱਟ 10 ਇੰਚ, ਨਸ਼ਿਆਂ ਤੋਂ ਰਹਿਤ, ਸਰਦਾਰੀ ਦਿੱਖ, ਚੰਗੀ ਜੌਬ ਕਰ ਰਹੇ ਲੜਕੇ ਲਈ, ਕਨੇਡੀਅਨ ਸਿਟੀਜਨ, ਇੰਮੀਗਰਾਂਟ,ਵਰਕ ਪਰਮਿਟ ਜਾਂ ਵਿਜਟਿਰ ਵੀਜੇ ਰਹਿ ਰਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਉਮਰ 35 ਸਾਲ ਦੇ ਨੇੜੇ ਤੇੜੇ ਹੋਵੇ। ਸੰਪਰਕ: 1 647 858 7178 ***209***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ : ਪਲੱਸ 2 ਤੋਂ ਡਿਪਲੋਮਾ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ, ਬਰਨਾਲਾ, ਬਠਿੰਡਾ ਇਲਾਕੇ ਨੂੰ ਪਹਿਲ । ਸੰਪਰਕ: 1 204 361 5911 ***209***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

## ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪੰਜਾਬ ਤੋਂ Masters of Computer Appilcaitons ਅਤੇ SAIT ਤੋਂ IT ਡਿਪਲੋਮਾ ਕੀਤਾ ਹੈ, ਲਈ ਚੰਗੇ ਰਿਸ਼ਤੇ ਦੀ ਲੋੜ ਹੈ, ਵਰਕ ਪਰਮਿਟ ਤੇ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ/whatsapp +1 825-561-2720 Email: gxgill5609@gmail.com *** 208***

## ਲੜਕੀ ਦੀ ਲੋੜ

ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ । ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

## ਲੜਕੇ ਦੀ ਲੋੜ

ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਸਿਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਲੜਕੇ ਦੀ ਲੋੜ

ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

## ਲੜਕੀ ਦੀ ਲੋੜ

ਕਨੇਡਾ ਦੇ ਵਿਜਟਰ ਵੀਜੇ ਉੱਪਰ ਆਏ ਪੜੇ ਲਿਖੇ ਸਿੱਖ ਪਰਿਵਾਰ ਦੇ ਲੜਕੇ ,ਜਨਮ 1985,ਕੱਦ 5 ਫੁੱਟ 9 ਇੰਚ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਲੜਕਾ ਇੰਡੀਆ ਵਿੱਚ ਅਮਰੀਕਨ ਕੰਪਨੀ ਵਿੱਚ ਅਕਾਊਂਟੈਂਟ ਵੱਜੋਂ ਜੌਬ ਕਰ ਰਿਹਾ ਹੈ।ਲੜਕੇ ਦੀ ਭੈਣ ਕਨੇਡਾ ਵੈਲ ਸੈਟਲਡ ਹੈ । ਸੰਪਰਕ; 403 991 1717 , 403 671 1159 ***209***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਬਿਜਨਿਸ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 246 4261 ***209***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 23 ਸਾਲ, ਕੱਦ 6 ਫੁੱਟ , ਵਿਦਿਅਕ ਯੋਗਤਾ ਪਲੱਸ ਟੂ ਪਰ ਹਾਲੇ ਅਗਲੇਰੀ ਪੜ੍ਹਾਈ ਜਾਰੀ ਹੈ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਜਲਦੀ ਹੀ ਪੰਜਾਬ ਵਿਆਹ ਕਰਵਾਉਣ ਆ ਰਿਹਾ ਹੈ। ਪਰਿਵਾਰ ਇੱਕੋ ਸਮੇਂ ਦੋਵੇਂ ਵਿਆਹ ਕਰਨਾ ਚਾਹੁੰਦਾ ਹੈ। ਸੰਪਰਕ: 1 778 246 4261 ***209***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਦੇਸਾ ਪਰਿਵਾਰ ਦੀ ਲੜਕੀ, ਉਮਰ 29 ਸਾਲ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ (ਇੰਡੀਆ) ਲਈ ਹਾਣ ਪਰਵਾਣ ਦੇ ਕਨੇਡੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 (780) 236-0082 ***209***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 25 ਸਾਲ, ਕੱਦ 5 ਫੁੱਟ, ਵਿਦਿਅਕ ਯੋਗਤਾ BSc, B ed, ਲਈ ਕੈਨੇਡਾ ਤੋਂ ਹੀ ਵੈਸ਼ਨੋ ਪਰਿਵਾਰ ਦੇ ਚੰਗੀ ਜੌਬ ਕਰਦੇ। ਚੰਗੇ ਪੜ੍ਹੇ ਲਿਖੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਟੀਚਰ ਦੀ ਜੌਬ ਕਰ ਰਹੀ ਹੈ। ਵਿਨੀਪੈਗ ਵਾਸੀ ਲੜਕੇ ਨੂੰ ਪਹਿਲ। ਸੰਪਰਕ:1 431 999 1448 ***209***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੂਸ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: 12 ਗਰੇਡ ਲਈ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 780 242 3430 ***209***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***

**Hiring !**

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

Email: dclogistics4@gmail.com

Phone : 204-396-1696 , 204-891-0031

**Hiring**

Hair and face art salon islooking for hair-dresser (NOC CODE 6341) Applicants should have minimum of 1-2 years of experience.

Number of Vacancies :2

Wage rate: 20/hour fulltime job

Interested candidates please send your resume at email: hairandfaceart994@gmail.com

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ**

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com

**ਡਰਾਇਵਰਾਂ ਦੀ ਲੋੜ**

Gagan Express LTD o/a VB Ace of Spades is now

Hiring Class 1 long haul driver

Minimum 1 year experience required

Benefits and competitive pay rate plus safety bonus

Contact :

Kanwar Brar

Hiring@vbaspades.com

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸ਼ਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

**Need Office Manager/Assistant**

Hiring for a office manager/assistant who has prior proven experience in the field of law. Preference will be given to individuals who can speak and write Punjabi/ Hindi and English at a expert level. This position can be permanent full time. Interested candidates are encouraged to share resume and cover letter at :

**info@targetlaw.ca**

## ਟੋਰਾਂਟੋ ਦੇ ਮਾਰਖਮ ਵਿਖੇ ਪੁਲਿਸ ਨਾਲ ਮੁੱਠਭੇੜ ਵਿੱਚ ਇੱਕ ਵਿਅਕਤੀ ਦੀ ਮੌਤ ਅਤੇ ਇੱਕ ਜ਼ਖਮੀਂ ਹੋਇਆ

ਟੋਰਾਂਟੋ(ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਮਾਰਖਮ ਵਿਖੇ ਵਿਖੇ ਪੁਲਿਸ ਨਾਲ ਹੋਈ ਮੁੱਠਭੇੜ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦੋਂਕਿ ਇੱਕ ਜ਼ਖਮੀ ਹੋ ਗਿਆ ਹੈ। ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਡਿਕ ਅਤੇ ਮੈਕਰਿੱਲ ਦੇ ਨਜਦੀਕ ਆਇਰ ਡਰਾਈਵ ਉੱਪਰ ਸਥਿਤ ਇੱਕ ਘਰ ਦੇ ਬਾਹਰ ਇਹ ਗੋਲੀਬਾਰੀ ਹੋਈ। ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਇੱਕ ਅੰਡਰ ਕਵਰ ਪੁਲਿਸ ਅਧਿਕਾਰੀ ਹਥਿਆਰਾਂ ਨਾਲ ਹੁੰਦੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਦੀ ਜਾਂਚ ਕਰ ਰਿਹਾ ਸੀ ਕਿ ਜਦੋਂ ਉਸ ਦਾ ਕਈ ਸ਼ੱਕੀਆਂ ਨਾਲ ਸਾਹਮਣਾ ਹੋ ਗਿਆ। ਇਸ ਮੁਠਭੇੜ ਵਿੱਚ ਇੱਕ ਵਿਅਕਤੀ ਮੌਕੇ ਤੇ ਹੀ ਮਾਰਿਆ ਗਿਆ ਜਦੋਂ ਕਿ ਦੂਜੇ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ।

**Need Nanny**

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.

**Salary: $13 - $15**

**Gurbinder Sohal**

City: Regina, SK

**Contact Number 306-520-4313**

# We shall vote for electing Prime Minister not candidates

We have been voting for the election of our Prime Minister and therefore we never tried to know details of the person who is a standing candidate in our Constituency. We do not bother to know the age, character, qualifications, training, experience, and expertise of the candidate because we know that he shall remain a sitting supporter of the Prime Minister. In our country, the Prime Minister is the only all in all, and people sitting on treasury benches are just to support his items, no power to comment upon the item, and even he has to vote for the item under whips or otherwise. Therefore, the people never raised their voices against the candidate who is put before them as a candidate. This type of election are establishing a real democracy when none of the candidates present in the house is a Representative of the people. Even in the last seven decades, none of the experts in political science has come forward and told the people that we should elect candidates, not the PM. The candidates collected in House must elect the Prime Minister so that real democracy could be established. Son, we shall elect our Prime Minister in the next elections and we hope that the would-be Prime Minster must choose better candidates so that a small amount of Representation must be present in his mind.

**Dalip Singh Wasan, Advocate**



ਜਗਦੇਵ ਸਿੱਧੂ
403 351 1136

# ਪੱਛਮੀ ਮੈਦਾਨ ਦੇ ਮੂਲ ਨਿਵਾਸੀ

**ਇਨ੍ਹਾਂ ਵਿਚ ਸਭ ਤੋਂ ਭੈੜੀਆਂ ਸਨ - ਚੇਚਕ, ਖਸਰਾ, ਕਾਲੀ ਖੰਘ, ਤੇਈਏ ਦਾ ਬੁਖਾਰ ਵਗੈਰਾ। ਇੱਕ ਹੋਰ ਅਲਾਮਤ- ਸ਼ਰਾਬ ਵੀ ਉਨ੍ਹਾਂ ਦੀ ਹੀ ਦੇਣ ਹੈ, ਜਿਸ ਨੇ ਇਨ੍ਹਾਂ ਦੇ ਘਰ ਬਾਰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਇਨ੍ਹਾਂ ਕੁਦਰਤੀ ਮੈਦਾਨਾਂ ਵਿਚ ਖਾਲਸ ਮੂਲਨਿਵਾਸੀਆਂ ਤੋਂ ਇਲਾਵਾ ਯੂਰਪੀਨ, ਅਮਰੀਕਨ ਅਤੇ ਬੇਰੜੇ (ਮੇਟੀ) ਵੀ ਸ਼ਿਕਾਰੀ ਬਣ ਕੇ ਵਿਚਰਨ ਲੱਗੇ। ਇਉਂ ਮੱਝਾਂ ਦਾ ਸ਼ਿਕਾਰ ਕਰਨ ਲਈ ਮੁਕਾਬਲੇਬਾਜ਼ੀ ਵਧ ਗਈ। ਅੰਨ੍ਹੇਵਾਹ ਇਨ੍ਹਾਂ ਮੱਝਾਂ ਦਾ ਘਾਣ ਹੋਣ ਲੱਗਿਆ। ਕਈ ਵਾਰੀ ਤਾਂ ਇਨ੍ਹਾਂ ਦੀਆਂ ਜੀਭਾਂ ਖਾਤਰ ਹਜ਼ਾਰਾਂ ਮੱਝਾਂ ਦੀ ਜਾਨ ਲੈ ਲਈ ਗਈ। ਇਹ ਮੱਝਾਂ ਦਾ ਕਤਲੇਆਮ ਸੀ, ਨਸਲਕੁਸ਼ੀ ਸੀ। ਸਿੱਟਾ ਇਹ ਹੋਇਆ ਕਿ ਮੱਝਾਂ ਦੇ ਝੁੰਡ ਅਲੋਪ ਹੋ ਗਏ। ਇਸ ਨਾਲ ਮੂਲਨਿਵਾਸੀਆਂ ਦੇ ਰਵਾਇਤੀ ਸਭਿਆਚਾਰ ਤੇ ਆਰਥਕ ਨੂੰਮ੍ਹਣੇ ਭੰਬਲਭੂਸੇ ਵਿਚ ਆ ਗਏ। 1870 ਤੱਕ ਹਾਲਤ ਇਹ ਹੋ ਗਈ ਕਿ ਇਹ ਲੋਕ ਖ਼ੁਰਾਕ ਖੁਣੋਂ ਭੁੱਖੇ ਮਰਨ ਲੱਗੇ। ਖ਼ੁਰਾਕ ਦੀ ਭਾਲ਼ ਵਿਚ ਇਨ੍ਹਾਂ ਨੂੰ ਦੱਖਣ ਵੱਲ ਅਮਰੀਕਾ ਵਿਚ ਜਾਣ ਲਈ ਮਜਬੂਰ ਹੋਣਾ ਪਿਆ ਜਿੱਥੇ ਇਨ੍ਹਾਂ ਦੀ ਖ਼ੈਰ ਨਹੀਂ ਸੀ।**

ਕੈਨੇਡਾ ਦੇ ਪੱਛਮੀ ਮੈਦਾਨ ਨੂੰ ਪਰੇਰੀਜ਼ ਵੀ ਕਹਿੰਦੇ ਹਨ। ਇਸ ਵਿਚ ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਦੇ ਸੂਬੇ ਆਉਂਦੇ ਹਨ। ਇੱਥੇ ਅਲਬਰਟਾ ਅਤੇ ਸਸਕੈਚਵਨ ਦੇ ਖਿੱਤੇ ਵਿਚਲੇ ਆਦਿ-ਕਬੀਲਿਆਂ ਦੀ ਗੱਲ ਕਰਨੀ ਹੈ। ਮੁੱਢ-ਕਦੀਮ ਤੋਂ ਲੈਕੇ ਇਸ ਖੇਤਰ ਵਿਚ ਮੁੱਖ ਤੌਰ ਤੇ ਦੋ ਵੱਡੇ ਕਬੀਲੇ ਰਹਿੰਦੇ ਆਏ ਹਨ ਜਿਨ੍ਹਾਂ ਵਿਚ ਅੱਗੇ ਕਈ ਫ਼ਸਟ ਨੇਸ਼ਨ ਤੇ ਕੁਨਬੇ ਸ਼ਾਮਲ ਹਨ। ਅਲਬਰਟਾ ਦਾ ਇੱਕ ਕਸਬਾ ਹੈ ਕਿੱਲਮ ( Killam )। ਭੂ-ਵਿਗਿਆਨੀਆਂ ਦੀ ਖੋਜ ਮੁਾਬਕ ਕਿਸੇ ਸਮੇ ਇਸ ਥਾਂ ਤੇ ਪੁਲਾੜੀ ਖਲੇਪੜ ( Meteorite ) ਡਿੱਗਿਆ ਸੀ। ਇਹ 200 ਕਿਲੋਗ੍ਰਾਮ (380 ਪੌਂਡ) ਭਾਰਾ ਤਿਕੋਨੀ ਸ਼ਕਲ ਦਾ ਲੋਹ-ਪੱਥਰ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਕੈਨੇਡਾ ਵਿਚ ਕਦੇ ਵੀ ਡਿੱਗਣ ਵਾਲਾ ਸਭ ਤੋਂ ਵੱਡਾ ਪੁਲਾੜੀ ਖਲੇਪੜ ਸੀ। ਡਿੱਗਣ ਵੇਲੇ ਇਹ ਇੱਕ ਪਹਾੜੀ ਵਿਚ ਆ ਧਸਿਆ ਸੀ। ਇਨ੍ਹਾਂ ਮੈਦਾਨੀ ਇਲਾਕਿਆਂ ਦੇ ਜੱਦੀ-ਪੁਸ਼ਤੀ ਕਬੀਲੇ - ਕਰੀਅ ਅਤੇ ਬਲੈਕਫੁੱਟ ਦੇ ਲੋਕਾਂ ਵਾਸਤੇ ਇਹ ਸ਼ਕਤੀਸ਼ਾਲੀ ਰੂਹਾਂ ਦਾ ਅਵਤਾਰ ਸੀ। ਇਸ ਨੂੰ ਉਹ ਆਪਣੇ ਲਈ ਸ਼ਕਤੀ, ਤਾਕਤ, ਸੁਰੱਖਿਆ ਅਤੇ ਕਿਸਮਤ ਦਾ ਸੋਮਾ ਸਮਝਦੇ ਸਨ ਤੇ ਪੂਜਣਯੋਗ ਮੰਨਦੇ ਸਨ। ਬਹਾਰ ਦੇ ਮੌਸਮ ਵਿਚ ਦੂਰ-ਦੁਰਾਡੇ ਤੋਂ ਇਹ ਲੋਕ ਇਸ ਤੀਰਥ ਅਸਥਾਨ ਦੀ ਜ਼ਿਆਰਤ ਲਈ ਇੱਥੇ ਆਉਂਦੇ ਸਨ। ਉਹ ਇਸ ਦੀ ਉਪਾਸਨਾ ਵਜੋਂ ਮਿੱਠਾ ਘਾਹ ( Sweet grass ) ਬਾਲ਼ ਕੇ ਧੂਫ ਦਿੰਦੇ ਸਨ, ਉਤਸਵ ਮਨਾਉਂਦੇ,ਗੀਤ ਗਾਉਂਦੇ ਤੇ ਇਸ ਤੋਂ ਬਾਫਰ ਸ਼ਿਕਾਰ ਕਰਨ ਦਾ ਵਰ ਮੰਗਦੇ ਸਨ, ਕਿਉਂ ਕਿ ਉਨ੍ਹਾਂ ਦੇ ਜੀਵਨ ਦਾ ਦਾਰੋਮਦਾਰ ਜਾਨਵਰਾਂ ਖਾਸ ਕਰ ਕੇ ਜੰਗਲੀ ਮੱਝਾਂ ( Bison ) ਦੇ ਸ਼ਿਕਾਰ ਤੇ ਹੀ ਹੁੰਦਾ ਸੀ। ਅਜਿਹਾ ਵਰਤਾਰਾ ਕੋਈ ਅਨੋਖੀ ਗੱਲ ਨਹੀਂ। ਯੂਨਾਨ ਵਿਚ ਵੀ ਡੈਲਫੀ ਦੇ ਸਥਾਨ ਤੇ ਓਮਫਾਲੋਸ ( Omphalos ) ਨਾਂ ਦੀ ਪਵਿੱਤਰ ਮੰਨੀ ਜਾਣ ਵਾਲੀ ਚਟਾਨ ਹੈ ਜਿਸਦੀ ਯੂਨਾਨੀ ਲੋਕ ਪੁਰਾਤਨ ਸਮਿਆਂ ਤੋਂ ਪੂਜਾ ਕਰਦੇ ਆਏ ਹਨ। ਭਾਰਤ ਦੇ ਹਿਮਾਲੀਆ ਪਰਬਤ ਦੀਆਂ ਪਹਾੜੀਆਂ ਵਿਚ ਵੀ ਕਈ ਅਜਿਹੀਆਂ ਥਾਵਾਂ ਨੂੰ ਪੂਜਿਆ ਜਾਂਦਾ ਹੈ। ਲਗਦਾ ਹੈ ਵਿਗਿਆਨ ਦਾ ਚਾਨਣ ਪਸਰਨ ਤੋਂ ਪਹਿਲਾਂ ਸਾਰੀਆਂ ਸਭਿਅਤਾਵਾਂ ਅੰਦਰ ਅਜਿਹੇ ਵਰਤਾਰੇ ਆਮ ਹੁੰਦੇ ਸਨ।

1866 ਈਸਵੀ ਦੀ ਬਹਾਰ ਰੁੱਤੇ ਇੱਥੇ ਆਏ ਪਾਦਰੀ ਜਾਰਜ ਮੈਕਡੁਗਾਲ ਦੇ ਮਨ ਵਿਚ ਪਤਾ ਨਹੀਂ ਕੀ ਆਈ, ਉਸ ਨੇ ਇਸ ਲੋਹ-ਪੱਥਰ ਨੂੰ ਪੁਟਵਾ ਕੇ, ਗੱਡੇ ਵਿਚ ਲੱਦ ਕੇ, ਐਡਮੰਟਨ ਦੇ ਪੂਰਬ ਵਿਚ ਵਿਕਟੋਰੀਆ ਮਿਸ਼ਨ ਵਿਖੇ ਭੇਜ ਦਿੱਤਾ। ਫੇਰ ਉਥੋਂ ਕਿਸ਼ਤੀ ਰਾਹੀਂ ਉੱਤਰੀ ਸਸਕੈਚਵਨ ਦਰਿਆ ਦੇ ਰਸਤੇ ਫੋਰਟ ਗੈਰੀ (ਹੁਣ ਵਿੰਨੀਪੈੱਗ) ਭੇਜ ਦਿੱਤਾ, ਜਿੱਥੋਂ ਅੱਗੇ ਟੋਰਾਂਟੋ ਅਪੜਦਾ ਕਰ ਦਿੱਤਾ। ਏਥੇ ਇਸ ਨੂੰ ਮੈਥੋਡਿਸਟ ਕਾਲਜ ਦੇ ਲਾਅਨ ਵਿਚ ਟਿਕਾ ਦਿੱਤਾ। ਪੁੱਛਣ ਵਾਲਾ ਹੋਵੇ ਬਈ ਭਲਿਆ ਮਾਣਸਾ ਇਸ ਪੱਥਰ ਨੇ ਤੇਰੇ ਕੀ ਮਾਂਹ ਮਾਰੇ ਸਨ। ਜਦੋਂ ਕਰੀਅ ਅਤੇ ਬਲੈਕਫੁੱਟ ਲੋਕ ਹਰ ਸਾਲ ਦੀ ਤਰ੍ਹਾਂ ਇਸ ਦੇ ਉਤਸਵ ਮਨਾਉਣ ਲਈ ਕਿਲਮ ਵਿਖੇ ਆਏ ਤਾਂ ਆਪਣੀ ਸੁਰੱਖਿਆ ਦੇ ਸ੍ਰੋਤ ਨੂੰ ਏਥੇ ਨਾ ਵੇਖ ਕੇ ਸਦਮੇ ਭਰੇ ਅਚੰਭੇ ਵਿਚ ਆ ਗਏ। ਉਨ੍ਹਾਂ ਦਾ ਮੱਝਾਂ ਦੀਆਂ ਰੂਹਾਂ ਪ੍ਰਤੀ ਲਗਾਵ, ਉਨ੍ਹਾਂ ਦਾ ਤਬਾਹੀ ਤੋਂ ਬਚਾਅ ਦਾ ਚਿੰਨ੍ਹ ਅਲੋਪ ਸੀ। ਪੁਰਖਿਆਂ ਨੇ ਸਕਤੇ ਵਿਚ ਆ ਕੇ ਭਵਿੱਖਬਾਣੀ ਕੀਤੀ ਕਿ ਹੁਣ ਲੜਾਈਆਂ, ਬੀਮਾਰੀਆਂ ਅਤੇ ਭੁੱਖਮਰੀ ਦੀਆਂ ਅਲਾਮਤਾਂ ਤੋਂ ਤਬਾਹੀ ਆਉਣੀ ਅਟੱਲ ਹੈ। ਮਗਰੋਂ ਇਨ੍ਹਾਂ ਵਿਚਾਰਿਆਂ ਨਾਲ ਜੋ ਭਾਣਾ ਵਰਤਿਆ, ਕਹਿ ਸਕਦੇ ਹਾਂ ਕਿ ਉਹ ਭਵਿੱਖਬਾਣੀ ਸਹੀ ਸਾਬਤ ਹੋਈ। ਲੋਕ ਮਨਾਂ ਦੇ ਧੁਰ ਅੰਦਰ ਰਮਿਆ ਵਿਸ਼ਵਾਸ ਕਿਸੇ ਗ਼ੈਬੀ ਤਾਕਤ ( cosmic power) ਤੋਂ ਘੱਟ ਨਹੀਂ ਹੁੰਦਾ।

ਪੱਛਮੀ ਮੈਦਾਨਾਂ ਦੇ ਇਹ ਟੱਪਰੀਵਾਸ ਕਬੀਲੇ ਖ਼ੁਰਾਕ (ਸ਼ਿਕਾਰ) ਦੀ ਭਾਲ਼ ਵਿਚ ਦੂਰ-ਦੂਰ ਤੱਕ ਘੁੰਮਦੇ ਰਹਿੰਦੇ ਸਨ। ਇਸ ਖਿੱਤੇ ਵਿਚਲੇ ਲੋਕ ਜ਼ਿਆਦਾਤਰ ਬਲੈਕਫੁੱਟ, ਪੀਗਨ, ਬਲੱਡ ਅਤੇ ਕਰੀਅ ਕਬੀਲਿਆਂ ਨਾਲ ਸੰਬੰਧ ਰਖਦੇ ਸਨ ਤੇ ਹੁਣ ਵੀ ਹਨ। ਇਨ੍ਹਾਂ ਲੋਕਾਂ ਦਾ ਸਦੀਆਂ ਪੁਰਾਣਾ ਸਭਿਆਚਾਰ ਜੰਗਲੀ ਮੱਝਾਂ ਨਾਲ ਜੁੜਿਆ ਹੋਇਆ ਸੀ। ਮੱਝਾਂ ਤੋਂ ਇਨ੍ਹਾਂ ਨੂੰ ਕੱਪੜੇ, ਖ਼ੁਰਾਕ, ਆਸਰਾ, ( Shelter ), ਸੰਦ, ਸੰਦੌੜ, ਬਰਤਨ, ਖਿਡੌਣੇ ਤੱਕ ਪ੍ਰਾਪਤ ਹੁੰਦੇ ਸਨ। ਇੱਥੋਂ ਤੱਕ ਕਿ ਇਨ੍ਹਾਂ ਦੇ ਘਰ (ਟੀਪੀਆਂ, ਵਿਗਵੈਮ) ਵੀ ਮੱਝਾਂ ਦੀਆਂ ਖੱਲਾਂ ਨਾਲ ਢਕੇ ਹੁੰਦੇ ਸਨ। ਘੋੜੇ ਤਾਂ ਅਠਾਰ੍ਹਵੀਂ ਸਦੀ ਵਿਚ ਬਾਹਰੋਂ ਆਏ। ਪਹਿਲਾਂ ਪਹਿਲਾਂ ਕਰੀਅ ਅਤੇ ਬਲੈਕਫੁੱਟ ਇੱਕ ਦੂਜੇ ਦੇ ਦੁਸ਼ਮਣ ਹੁੰਦੇ ਸਨ, ਕਿਉਂਕਿ ਸ਼ਿਕਾਰਗਾਹਾਂ ਦੋਵਾਂ ਲਈ ਜੀਵਨ ਦਾ ਆਧਾਰ ਸਨ ਜਿਨ੍ਹਾਂ ਦੀ ਕੋਈ ਹੱਦਬੰਦੀ ਨਹੀਂ ਸੀ। ਕਬੀਲੇ ਦਾ ਇੱਕ ਮੁਖੀ (ਚੀਫ਼) ਸ਼ਾਂਤੀ ਦੇ ਸਮੇ ਲਈ ਅਤੇ ਦੂਜਾ ਲੜਾਈ ਦੇ ਮੌਕਿਆਂ ਲਈ ਹੁੰਦਾ ਸੀ। ਨੌਜਵਾਨ ਲੜਾਕੂ ਦੂਜੇ ਕਬੀਲੇ ਦੇ ਘੋੜੇ ਚੁਰਾ ਲੈਂਦੇ ਸਨ, ਉਨ੍ਹਾਂ ਵਾਲੇ ਪਾਸੇ ਸ਼ਿਕਾਰ ਕਰ ਲੈਂਦੇ ਸਨ, ਦੁਸ਼ਮਣ ਨੂੰ ਮਾਰ ਦਿੰਦੇ ਸਨ। ਔਰਤਾਂ ਤੇ ਬੱਚਿਆਂ ਨੂੰ ਉਧਾਲ਼ ਕੇ ਕੈਦੀ ਅਤੇ ਗ਼ੁਲਾਮ ਬਣਾ ਲੈਂਦੇ ਸਨ। ਉੱਨੀਵੀਂ ਸਦੀ ਈਸਵੀ ਵਿਚ ਇਨ੍ਹਾਂ ਦੇ ਆਗੂਆਂ - ਬਿਗ ਬੀਅਰ, ਪਾਊਂਡਮੇਕਰ ਅਤੇ ਕਰੋਅਫੁੱਟ ਨੇ ਆਪਸ ਵਿਚ ਸਮਝੌਤੇ ਕਰ ਕੇ ਦੁਸ਼ਮਣੀ ਦਾ ਅੰਤ ਕੀਤਾ ਸੀ।

ਬਲੈਕਫੁੱਟ ਲੋਕ ਬੋਅ ਰਿਵਰ ਅਤੇ ਓਲਡਮੈਨ ਰਿਵਰ ਦੇ ਵਿਚਕਾਰਲੇ ਇਲਾਕੇ ਦੇ ਆਹਲਾ ਮਾਲਕ ਸਨ। ਦੱਖਣ ਵੱਲ, ਜਿੱਥੇ ਹੁਣ ਮੌਂਟਾਨਾ ਹੈ, ਪੀਗਨ ਲੋਕ ਰਹਿੰਦੇ ਸਨ। ਪੂਰਬ ਵਾਲੇ ਪਾਸੇ ਬਲੱਡ ਅਤੇ ਉੱਤਰ-ਪੱਛਮ ਵਿਚ ਸਾਰਸੀ ਲੋਕ ਰਹਿੰਦੇ ਸਨ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਬਲੈਕਫੁੱਟ ਕਨਫੈਡਰੇਸੀ ਵਜੋਂ ਜਾਣਿਆਂ ਜਾਂਦਾ ਸੀ ਜੋ ਮੈਦਾਨਾਂ ਦਾ ਸਭ ਤੋਂ ਤਾਕਤਵਰ ਗੱਠਜੋੜ ਸੀ। ਬਲੈਕਫੁੱਟ ਮਾਲਕੀ ਦੇ ਉੱਤਰ ਅਤੇ ਪੂਰਬ ਵਾਲੇ ਪਾਸੇ ▼ਮੈਦਾਨੀ ਕਰੀਅ ਲੋਕਾਂ ਦਾ ਇਲਾਕਾ ਸੀ ਜੋ ਉੱਤਰੀ ਸਸਕੈਚਵਨ ਦਰਿਆ ਤੱਕ ਫੈਲਿਆ ਹੋਇਆ ਸੀ। ਬੈਟਲ ਰਿਵਰ ਬਲੈਕਫੁੱਟ ਅਤੇ ਕਰੀਅ ਦਰਮਿਆਨ ਮੋਟੇ ਤੌਰ ਤੇ ਇਨ੍ਹਾਂ ਦੀ ਹੱਦ ਬਣਦਾ ਸੀ। ਮੈਦਾਨੀ ਕਰੀਅ ਇਲਾਕੇ ਤੋਂ ਉੱਤਰ ਵਾਲੇ ਜੰਗਲਾਂ ਵਿਚ ਰਹਿਣ ਵਾਲੇ ਕਬੀਲੇ ਸਨ - ਵੁੱਡਜ਼ ਕਰੀਅ, ਚਿਪਵਾ ਅਤੇ ਓਜਿਬਵਾ। ਮੈਦਾਨੀ ਕਰੀਅ ਦੇ ਪੂਰਬੀ ਭਾਗ ਵਿਚ ਅਸਿਨੀਬੋਇਨ ਕਬੀਲੇ ਦੇ ਲੋਕ ਸਨ। 1880ਵਿਆਂ ਵਿਚ ਕਿਸੇ ਸਮੇ ਇਨ੍ਹਾਂ ਅਸਿਨੀਬੋਇਨ ਲੋਕਾਂ ਦਾ ਇੱਕ ਟੋਲਾ, ਜਿਸ ਨੂੰ ਸਟੋਨੀ ਕਹਿੰਦੇ ਸਨ, ਕਿਊਅਪਲ ਰਿਵਰ ਦੀ ਵਾਦੀ ਛੱਡ ਕੇ ਪੱਛਮ ਵੱਲ ਚੱਲ ਪਿਆ ਅਤੇ ਬੋਅ ਰਿਵਰ ਦੇ ਨਾਲ ਉਸ ਥਾਂ ਤੇ ਆ ਟਿਕਿਆ ਜਿੱਥੇ ਹੁਣ ਮਸ਼ਹੂਰ ਰਮਣੀਕ ਸ਼ਹਿਰ ਬੈਂਫ ਹੈ। ਇਹ ਬਲੈਕਫੁੱਟ ਇਲਾਕੇ ਦੀਆਂ ਬਰੂਹਾਂ ਤੇ ਹੈ।

ਪਹਿਲਾਂ ਇਹ ਸਾਰਾ ਇਲਾਕਾ ਹਡਜ਼ਨਜ਼ ਬੇਅ ਕੰਪਨੀ ਦੇ ਅਧਿਕਾਰ ਹੇਠ ਰਿਹਾ ਪਰ 1869 ਵਿਚ ਕੰਪਨੀ ਨੇ ਇਸ ਨੂੰ ਨਵੀਂ ਬਣੀ ਕੈਨੇਡਾ ਦੀ ਬਸਤੀ (ਡੋਮੀਨੀਅਨ) ਕੋਲ ਵੇਚ ਦਿੱਤਾ। 1867 ਵਿਚ ਬੀ. ਐਨ. ਏ. ( British North America ) ਐਕਟ ਦੁਆਰਾ ਜੋ ਦੇਸ਼ ਹੋਂਦ ਵਿਚ ਆਇਆ (ਕੈਨੇਡਾ), ਉਸ ਵਿਚ ਛੋਟੇ ਛੋਟੇ ਖੇਤ (ਫਾਰਮ) ਅਤੇ ਦੂਰ-ਦੂਰ ਤੱਕ ਖਿੰਡੀਆਂ ਹੋਈਆਂ ਵਿਰਲੀ ਵੱਸੋਂ ਦੀਆਂ ਆਬਾਦੀਆਂ ਹੀ ਸਨ। 1857 ਵਿਚ ਬਰਤਾਨਵੀ ਸਰਕਾਰ ਨੇ ਕੈਪਟਨ ਜੌਹਨ ਪਾਲੀਸਰ ਦੀ ਅਗਵਾਈ ਵਿਚ ਖੋਜੀਆਂ ਅਤੇ ਵਿਗਿਆਨੀਆਂ ਦੀ ਇੱਕ ਟੋਲੀ ਇਸ ਮੈਦਾਨੀ ਇਲਾਕੇ ਵਿਚ ਭੇਜੀ ਜਿਸ ਦਾ ਕੰਮ ਖਣਿਜ ਪਦਾਰਥ ਅਤੇ ਹੋਰ ਸ੍ਰੋਤਾਂ ਸਣੇ ਆਬਾਦਕਾਰਾਂ ਲਈ ਸੰਭਾਵਨਾਵਾਂ ਦਾ ਪਤਾ ਲਾਉਣਾ ਸੀ। ਉਸ ਮਗਰੋਂ ਏਥੇ ਈਸਾਈ ਪ੍ਰਚਾਰਕ ਆਏ ਜਿਨ੍ਹਾਂ ਨੇ ਚਰਚ, ਮਿਸ਼ਨ ਅਤੇ ਸਕੂਲ ਬਣਾਏ। ਇਹ ਯੂਰਪੀ ਆਬਾਦਕਾਰ ਅਤੇ ਪਾਦਰੀ ਇਕੱਲੇ ਨਹੀਂ ਆਏ, ਸਗੋਂ ਆਪਣੇ ਨਾਲ ਓਥੋਂ ਦੀਆਂ ਨਾ-ਮੁਰਾਦ ਬੀਮਾਰੀਆਂ ਵੀ ਲੈ ਕੇ ਆਏ ਜੋ ਇਸ ਧਰਤੀ ਉਪਰ ਕਦੀ ਹੈ ਹੀ ਨਹੀਂ ਸਨ। ਇਨ੍ਹਾਂ ਵਿਚ ਸਭ ਤੋਂ ਭੈੜੀਆਂ ਸਨ - ਚੇਚਕ, ਖਸਰਾ, ਕਾਲੀ ਖੰਘ, ਤੇਈਏ ਦਾ ਬੁਖਾਰ ਵਗੈਰਾ। ਇੱਕ ਹੋਰ ਅਲਾਮਤ- ਸ਼ਰਾਬ ਵੀ ਉਨ੍ਹਾਂ ਦੀ ਹੀ ਦੇਣ ਹੈ, ਜਿਸ ਨੇ ਇਨ੍ਹਾਂ ਦੇ ਘਰ ਬਾਰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਇਨ੍ਹਾਂ ਕੁਦਰਤੀ ਮੈਦਾਨਾਂ ਵਿਚ ਖਾਲਸ ਮੂਲਨਿਵਾਸੀਆਂ ਤੋਂ ਇਲਾਵਾ ਯੂਰਪੀਨ, ਅਮਰੀਕਨ ਅਤੇ ਬੇਰੜੇ (ਮੇਟੀ) ਵੀ ਸ਼ਿਕਾਰੀ ਬਣ ਕੇ ਵਿਚਰਨ ਲੱਗੇ। ਇਉਂ ਮੱਝਾਂ ਦਾ ਸ਼ਿਕਾਰ ਕਰਨ ਲਈ ਮੁਕਾਬਲੇਬਾਜ਼ੀ ਵਧ ਗਈ। ਅੰਨ੍ਹੇਵਾਹ ਇਨ੍ਹਾਂ ਮੱਝਾਂ ਦਾ ਘਾਣ ਹੋਣ ਲੱਗਿਆ। ਕਈ ਵਾਰੀ ਤਾਂ ਇਨ੍ਹਾਂ ਦੀਆਂ ਜੀਭਾਂ ਖਾਤਰ ਹਜ਼ਾਰਾਂ ਮੱਝਾਂ ਦੀ ਜਾਨ ਲੈ ਲਈ ਗਈ। ਇਹ ਮੱਝਾਂ ਦਾ ਕਤਲੇਆਮ ਸੀ, ਨਸਲਕੁਸ਼ੀ ਸੀ। ਸਿੱਟਾ ਇਹ ਹੋਇਆ ਕਿ ਮੱਝਾਂ ਦੇ ਝੁੰਡ ਅਲੋਪ ਹੋ ਗਏ। ਇਸ ਨਾਲ ਮੂਲਨਿਵਾਸੀਆਂ ਦੇ ਰਵਾਇਤੀ ਸਭਿਆਚਾਰ ਤੇ ਆਰਥਕ ਠੁੰਮ੍ਹਣੇ ਭੰਬਲਭੂਸੇ ਵਿਚ ਆ ਗਏ। 1870 ਤੱਕ ਹਾਲਤ ਇਹ ਹੋ ਗਈ ਕਿ ਇਹ ਲੋਕ ਖ਼ੁਰਾਕ ਖੁਣੋਂ ਭੁੱਖੇ ਮਰਨ ਲੱਗੇ। ਖ਼ੁਰਾਕ ਦੀ ਭਾਲ਼ ਵਿਚ ਇਨ੍ਹਾਂ ਨੂੰ ਦੱਖਣ ਵੱਲ ਅਮਰੀਕਾ ਵਿਚ ਜਾਣ ਲਈ ਮਜਬੂਰ ਹੋਣਾ ਪਿਆ ਜਿੱਥੇ ਇਨ੍ਹਾਂ ਦੀ ਖ਼ੈਰ ਨਹੀਂ ਸੀ।



ਦੱਖਣ ਵੱਲੋਂ ਮੈਡੀਸਨ ਰੇਖਾ -49 ਸਮਾਨਾਂਤਰ- ਟੱਪ ਕੇ ਮੌਂਟਾਨਾ ਤੋਂ ਅਮਰੀਕਨ ਵਪਾਰੀ ਨੇਟਿਵਾਂ ਅੰਦਰ ਵਿਸਕੀ ਦਾ ਵਪਾਰ ਕਰਨ ਆ ਗਏ। ਉਨ੍ਹਾਂ ਨੇ ਏਥੇ ਗੁਪਤ ਥਾਵਾਂ ਤੇ ਵਿਸਕੀ ਵੇਚਣ ਦੇ ਪੱਕੇ ਟਿਕਾਣੇ ਬਣਾ ਲਏ। ਨੇਟਿਵ ਲੋਕ ਉਨ੍ਹਾਂ ਨੂੰ ਵਿਸਕੀ ਬਦਲੇ ਮੱਝਾਂ ਦੀਆਂ ਖੱਲਾਂ, ਗੂੰਦ, ਚਮੜੇ ਦੇ ਦਸਤਾਨੇ, ਇੱਥੋਂ ਤੱਕ ਕਿ ਔਰਤਾਂ ਵੀ ਦੇ ਦਿੰਦੇ ਸਨ ਜਾਂ ਜੋ ਵੀ ਹੁੰਦਾ ਦੇ ਦਿੰਦੇ ਸਨ। 1871 ਵਿਚ ਏਥੇ ਸ਼ਰਾਬ ਦੇ ਧੰਦੇ ਨਾਲ ਸੰਬੰਧਤ ਸਿਰਫ਼ ਬਲੈਕਫੁੱਟ ਕਬੀਲੇ ਅੰਦਰ 88 ਕਤਲ ਹੋਏ। ਲੜਾਈ, ਬੀਮਾਰੀ, ਭੁੱਖਮਰੀ ਅਤੇ ਸ਼ਰੇਆਮ ਹੁੰਦੇ ਗ਼ੈਰਕਾਨੂੰਨੀ ਵਿਸਕੀ-ਵਪਾਰ ਦੀਆਂ ਹਾਲਤਾਂ ਅੰਦਰ ਸ਼ਰਾਬ ਦੇ ਇਸ ਧੰਦੇ ਨੂੰ ਬੰਦ ਕਰਵਾਉਣ ਲਈ 1874 ਵਿਚ ਉੱਤਰ-ਪੱਛਮੀ ਸਵਾਰ ਪੁਲੀਸ ( North West Mounted Police ਜੋ ਹੁਣ ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ R C M P ਬਣ ਚੁੱਕੀ ਹੈ ) ਇਨ੍ਹਾਂ ਮੈਦਾਨਾਂ ਵਿਚ ਦਗੜ-ਦਗੜ ਕਰਦੀ ਆਈ। ਪੁਲੀਸ ਨੇ ਇੱਥੇ ਅਮਨ ਚੈਨ ਦਾ ਮਾਹੌਲ ਕਾਇਮ ਕੀਤਾ ਜਿਹੜਾ ਯੂਰਪ ਤੋਂ ਆਉਣ ਵਾਲੇ ਆਬਾਦਕਾਰਾਂ ਦੇ ਵਸਣ ਲਈ ਅਨੁਕੂਲ ਸੀ। ਨਤੀਜੇ ਵਜੋਂ ਏਥੇ ਫਾਰਮ, ਕਾਰਖਾਨੇ, ਮਿੱਲਾਂ, ਖਾਣਾਂ ਅਤੇ ਨਗਰ ਹੋਂਦ ਵਿਚ ਆ ਗਏ। ਜਦੋਂ ਇਸ ਤਰ੍ਹਾਂ ਦੇ ਵਿਕਾਸ ਦੀ ਵਿਵਸਥਾ ਹੋ ਗਈ ਤਾਂ ਰੇਲ ਦੀ ਲੋੜ ਪਈ। ਰੇਲ ਪਟੜੀ ਵਿਛਾਉਣ ਦੇ ਮਨਸੂਬਿਆਂ ਨੇ ਨੇਟਿਵ ਲੋਕਾਂ ਦੇ ਰਹਿਣ-ਸਹਿਣ ਅਤੇ ਸਭਿਆਚਾਰ ਦੇ ਢੰਗ-ਤਰੀਕਿਆਂ ਨੂੰ ਮੂਲੋਂ ਵਿਗਾੜ ਕੇ ਰੱਖ ਦਿੱਤਾ। ਹੁਣ ਉਨ੍ਹਾਂ ਦੇ ਥਾਂ-ਥਾਂ ਘੁੰਮ ਕੇ ਸ਼ਿਕਾਰ ਕਰਨ ਲਈ ਗੁੰਜਾਇਸ਼ ਨਹੀਂ ਰਹੀ।

1781 ਵਿਚ ਇਨ੍ਹਾਂ ਮੈਦਾਨਾਂ ਵਿਚ ਚੇਚਕ ਦੀ ਨਾ-ਮੁਰਾਦ ਬੀਮਾਰੀ ਨੇ ਬਲੈਕਫੁੱਟ ਕਬੀਲਿਆਂ ਦੇ 6,000 ਲੋਕਾਂ ਦੀ ਜਾਨ ਲਈ। ਇੱਕ ਹੋਰ ਭਿਆਨਕ ਬੀਮਾਰੀ 1873 ਵਿਚ ਅਮਰੀਕਾ ਤੋਂ ਆਉਣ ਵਾਲੇ ਜੱਤ ਦੇ ਵਪਾਰੀ ਲੈ ਆਏ ਜਿਸ ਨੇ ਸੈਂਕੜੇ ਲੋਕਾਂ ਦੀਆਂ ਜਾਨਾਂ ਲਈਆਂ। 1880 ਤੱਕ ਤਾਂ ਬਲੈਕਫੁੱਟ ਲੋਕ ਵਿਚਾਰੇ ਗੋਡਿਆਂ ਭਾਰ ਡਿੱਗੇ ਜਦੋਂ ਉਨ੍ਹਾਂ ਦੇ ਜੀਵਨ ਦਾ ਆਧਾਰ ਮੱਝਾਂ ਦੇ ਝੁੰਡ ਖ਼ਤਮ ਹੋ ਗਏ। 1883 ਵਿਚ ਰੇਲ ਦੀ ਪਟੜੀ ਉਨ੍ਹਾਂ ਦੇ ਰਿਜ਼ਰਵਾਂ ਵਿਚ ਦੀ ਕੀ ਨਿੱਕਲੀ, ਰਹਿੰਦੀ-ਖੂੰਹਦੀ ਕਸਰ ਪੂਰੀ ਹੋ ਗਈ। ਰੇਲ ਇੰਜਣਾਂ ਦੇ ਧੂੰਏਂ ਨੇ ਇਨ੍ਹਾਂ ਦਾ ਘਾਹ ਸੁਕਾ ਦਿੱਤਾ, ਇੰਜਣ ਦੇ ਖੜਕੇ ਨੇ ਇਨ੍ਹਾਂ ਦੇ ਪਸ਼ੂਆਂ ਨੂੰ ਡਰਾ ਦਿੱਤਾ। ਕਿੰਨੇ ਹੀ ਪਸ਼ੂ, ਖਾਸ ਕਰ ਕੇ ਗਾਵਾਂ ਅਤੇ ਘੋੜੇ ਰੇਲ ਦੀ ਲੀਹ ਤੇ ਪਹੀਆਂ ਹੇਠ ਵੱਢੇ ਗਏ ਕਿਉਂਕਿ ਪਸ਼ੂਆਂ ਵਾਸਤੇ ਇਹ ਸ਼ਸ਼ੋਪੰਜ ਦੀ ਹਾਲਤ ਸੀ। ਉਹ ਘਬਰਾ ਕੇ ਲੀਹੇ-ਲੀਹ ਪੈ ਕੇ ਭਜਦੇ ਤੇ ਦਰੜੇ ਜਾਂਦੇ। 1910 ਅਤੇ 1912 ਵਿਚ ਸਰਕਾਰ ਨੇ ਧੋਖੇ ਨਾਲ ਨਾਬਾਲਗਾਂ ਅਤੇ ਬੱਚਿਆਂ ਦੇ ਦਸਤਖਤ ਕਰਵਾ ਕੇ ਪਟੀਸ਼ਨ ਰਾਹੀਂ ਸਿਕਸਿਕਾ ਕਬੀਲੇ ਦੇ ਲੋਕਾਂ ਨੂੰ ਰਿਜ਼ਰਵ ਦੇ ਵਿਸ਼ਾਲ ਖਿੱਤੇ ਵੇਚਣ ਲਈ ਮਜਬੂਰ ਕਰ ਦਿੱਤਾ। ਇਸ ਪਟੀਸ਼ਨ ਤੇ ਉਨ੍ਹਾਂ ਦੇ ਵੀ ਦਸਤਖਤ ਵਿਖਾਏ ਗਏ ਜੋ ਕਦੋਂ ਦੇ ਮਰ ਚੁੱਕੇ ਸਨ। ਇਹ ਸੰਧੀ ਦੀਆਂ ਸ਼ਰਤਾਂ ਦੀ ਸਰਾਸਰ ਉਲੰਘਣਾ ਸੀ, ਠੱਗੀ ਸੀ, ਮੱਕਾਰੀ ਸੀ, ਵਿਸਾਹਘਾਤ ਸੀ, ਗ਼ੈਰਇਖ਼ਲਾਕੀ ਕਾਰਾ ਸੀ। ਅਜੋਕੇ ਸਮੇ ਅੰਦਰ ਬਲੱਡ ਨੇਸ਼ਨ ਦੇ ਰਿਜ਼ਰਵ ਦੀ ਜ਼ਮੀਨ ਕੈਨੇਡਾ ਅੰਦਰ ਹੋਰ ਕਿਸੇ ਵੀ ਨੇਸ਼ਨ ਦੇ ਰਿਜ਼ਰਵ ਨਾਲੋਂ ਸਭ ਤੋਂ ਜ਼ਿਆਦਾ ਹੈ। ਇਸਦਾ ਰਕਬਾ 352,000 ਏਕੜ ਹੈ। 1878 ਵਿਚ ਬਲੱਡ ਨੇਸ਼ਨ ਦੀ ਆਬਾਦੀ 2488 ਸੀ ਪਰ ਬੀਮਾਰੀਆਂ ਦੀ ਮਾਰ ਹੇਠ ਆ ਕੇ 1920 ਤੱਕ ਸਿਰਫ 1,111 ਰਹਿ ਗਈ ਸੀ।ਅਸਿਨੀਬੋਇਨ ਤੋਂ ਨਿੱਖੜ ਕੇ ਆਏ ਸਟੋਨੀ ਕਬੀਲੇ ਦਾ ਪ੍ਰਮੁੱਖ ਰਿਜ਼ਰਵ ਮੋਰਲੇ ਵਿਖੇ ਹੈ ਜੋ ਕੈਲਗਰੀ ਤੋਂ 30 ਮੀਲ ਪੱਛਮ ਵੱਲ ਹੈ। ਇਨ੍ਹਾਂ ਦੀ 3300 ਦੀ ਆਬਾਦੀ ਤਿੰਨ ਕੁਨਬਿਆਂ (ਬੈਂਡ) ਵਿਚ ਵੰਡੀ ਹੋਈ ਹੈ ਜੋ ਅਲਬਰਟਾ ਵਿਚ ਤਿੰਨ ਰਿਜ਼ਰਵਾਂ ਤੇ ਰਹਿੰਦੀ ਹੈ। ਇਹ ਤਿੰਨ ਬੈਂਡ ਹਨ - ਬੀਅਰ ਸਪਾਅ, ਚਿਨੀਕੀ ਅਤੇ ਵੈਜ਼ਲੀ। ਮੋਰਲੇ ਰਿਜ਼ਰਵ ਕੈਲਗਰੀ ਨੇੜੇ, ਬਿਗ ਹੌਰਨ ਰਿਜ਼ਰਵ ਰੈੱਡ ਡੀਅਰ ਦੇ ਪੱਛਮ ਵਿਚ ਅਤੇ ਈਡਨ ਵੈਲੀ ਰਿਜ਼ਰਵ ਕੈਲਗਰੀ ਦੇ ਦੱਖਣ ਵਿਚ ਇੱਕ ਘੰਟੇ ਦੀ ਵਾਟ ਤੇ ਹੈ।

ਸੰਧੀਆਂ -- 1763 ਦੇ ਸ਼ਾਹੀ ਐਲਾਨਨਾਮੇ ਤੋਂ ਬਾਦ ਨੇਟਿਵ ਲੋਕਾਂ ਦੀਆਂ ਜ਼ਮੀਨਾਂ ਹਥਿਆਉਣ ਨੂੰ ਜਾਇਜ਼ ਠਹਿਰਾਉਣ ਖਾਤਰ ਸੰਧੀਆਂ ਦਾ ਤਰੀਕਾ ਅਪਣਾਇਆ ਗਿਆ। ਨਾ ਤਾਂ ਕੰਪਨੀ ਦੇ ਅਧਿਕਾਰੀਆਂ ਨੂੰ ਤੇ ਨਾ ਹੀ ਸਰਕਾਰੀ ਕਰਮਚਾਰੀਆਂ ਨੂੰ ਨੇਟਿਵ ਭਾਸ਼ਾਵਾਂ ਦਾ ਗਿਆਨ ਸੀ। ਨਾ ਹੀ ਨੇਟਿਵ ਲੋਕਾਂ ਨੂੰ ਅੰਗ੍ਰੇਜ਼ੀ ਜਾਂ ਫਰੈਂਚ ਆਉਂਦੀ ਸੀ। ਸੰਧੀ ਕਰਨ ਵਾਲਿਆਂ ਨੇ ਆਪਣੇ ਹੀ ਦੁਭਾਸ਼ੀਏ ਤਿਆਰ ਕੀਤੇ ਹੁੰਦੇ ਸਨ ਜੋ ਸੰਧੀ ਵਿਚਲੀਆਂ ਸ਼ਰਤਾਂ ਦੀ ਵਿਆਖਿਆ ਆਪਣੇ ਤਰੀਕੇ ਨਾਲ ਦੱਸ ਕੇ ਉਨ੍ਹਾਂ ਨੂੰ ਦਸਤਖਤ ਕਰਨ ਲਈ ਪ੍ਰੇਰਦੇ ਸਨ। ਸੰਧੀ ਅੰਦਰ ਅਜਿਹੀਆਂ ਘੁੰਡੀਆਂ ਪਾਉਂਦੇ ਸਨ ਜਿਨ੍ਹਾਂ ਨੂੰ ਜਦੋਂ ਮਰਜ਼ੀ ਆਪਣੇ ਹਿਤ ਵਿਚ ਭੁਗਤਾਇਆ ਜਾ ਸਕੇ ਜਾਂ ਮੂਲੋਂ ਹੀ ਉਲੰਘਣਾ ਕੀਤੀ ਜਾ ਸਕੇ। ਇਨ੍ਹਾਂ ਸੰਧੀਆਂ ਦੀਆਂ ਸ਼ਰਤਾਂ ਦੀਆਂ ਖੁੱਲ੍ਹ ਕੇ ਧੱਜੀਆਂ ਉਡਾਈਆਂ ਗਈਆਂ ਅਤੇ ਹੁਣ ਤੱਕ ਜਾਰੀ ਹਨ।

1876 ਅਤੇ 1877 ਵਿਚ ਕੈਨੇਡਾ ਦੀ ਡੁਮੀਨੀਅਨ ਸਰਕਾਰ ਨੇ ਕਰੀਅ ਅਤੇ ਬਲੈਕਫੁੱਟ ਨਾਲ ਦੋ ਸੰਧੀਆਂ, ਸੰਧੀ- 6 ਅਤੇ ਸੰਧੀ -7 ਕੀਤੀਆਂ। ਇਨ੍ਹਾਂ ਨੂੰ ਦੱਸਿਆ ਗਿਆ ਕਿ ਸੰਧੀਆਂ ਉਨ੍ਹਾਂ ਨੂੰ ਭੁੱਖਮਰੀ ਤੋਂ ਬਚਾਉਣ, ਲਗਾਤਾਰ ਰਾਸ਼ਨ ਦੇਣ, ਖੇਤੀ ਕਰਨ ਦੇ ਸੰਦ ਤੇ ਬੀਜ ਦੇ ਕੇ ਢੰਗ ਤਰੀਕੇ ਸਮਝਾਉਣ ਤੇ ਹੋਰ ਲਾਹੇਵੰਦ ਧੰਦੇ ਕਰਨ ਦੀ ਸਿਖਲਾਈ ਦੇਣ ਵਾਸਤੇ ਹਨ। ਅਸਲ ਲੁਕਵਾਂ ਮਕਸਦ ਜ਼ਮੀਨਾਂ ਸਰਕਾਰ ਦੇ ਹਵਾਲੇ ਕਰਨ ਅਤੇ ਉਨ੍ਹਾਂ ਨੂੰ ਸੀਮਿਤ ਵਾਗਲਿਆਂ ਵਾਲੇ ਰਿਜ਼ਰਵਾਂ ਅੰਦਰ ਰਹਿਣ ਲਈ ਮਜਬੂਰ ਕਰਨਾ ਸੀ। ਸਮਝਦਾਰ ਤੇ ਅਣਖੀ ਮੁਖੀਆਂ ਨੇ ਬਥੇਰਾ ਵਿਰੋਧ ਕੀਤਾ ਪਰ ਬਾਕੀ ਮੁਖੀਆਂ ਦੁਆਰਾ ਦਸਤਖਤ ਕਰਨ ਮਗਰੋਂ ਲੋਕਾਂ ਦੀ ਭੁੱਖ ਨਾਲ ਹੋ ਰਹੀ ਦੁਰਦਸ਼ਾ ਨੂੰ ਵੇਖਦਿਆਂ ਕੁੜਿੱਕੀ ਵਿਚ ਆ ਕੇ ਮਜਬੂਰਨ ਦਸਤਖਤ ਕਰਨੇ ਪਏ। ਇਨ੍ਹਾਂ ਨੇ ਵੰਗਾਰ ਕੇ ਕਿਹਾ ਸੀ ਕਿ ਤੁਸੀਂ ਕੌਣ ਹੋ ਸਾਨੂੰ ਜ਼ਮੀਨ ਦੇ ਟੋਟੇ, ਰਿਜ਼ਰਵ ਦੇਣ ਵਾਲੇ, ਸਾਰੀ ਧਰਤੀ ਹੀ ਸਾਡੀ ਹੈ। ਇਹ ਵਿਚਾਰੇ ਦੁਬਿਧਾ ਦਾ ਸ਼ਿਕਾਰ ਹੋਏ, ਘਬਰਾਏ ਤੇ ਗੁੱਸੇ ਵਿਚ ਆਏ। ਓਧਰੋਂ ਜੰਗਲੀ ਮੱਝਾਂ ਅਲੋਪ ਹੋ ਚੁੱਕੀਆਂ ਸਨ। ਅਜੇਹੀਆਂ ਹਾਲਤਾਂ ਵਿਚ ਇਨ੍ਹਾਂ ਨੂੰ ਰਿਜ਼ਰਵਾਂ ਅੰਦਰ ਸੀਮਿਤ ਹੋ ਕੇ ਰਹਿਣ, ਖੇਤੀ ਕਰਨੀ ਸਿੱਖਣ ਅਤੇ ਤਰਖਾਣਾ-ਲੁਹਾਰਾ ਕੰਮ ਸਿੱਖਣ ਵਾਸਤੇ ਕੋਈ ਸਮਾ ਨਹੀਂ ਮਿਲਿਆ। ਉਹ ਹੋਰ ਵੀ ਗ਼ਰੀਬੀ ਤੇ ਬੇ-ਬਸੀ ਦੀ ਹਾਲਤ ਅੰਦਰ ਧਸ ਗਏ। ਉਨ੍ਹਾਂ ਦਾ ਖੁੱਲ੍ਹੇ ਘੁੰਮਣ ਤੇ ਸ਼ਿਕਾਰ ਕਰਨ ਵਾਲਾ ਸਭਿਆਚਾਰਕ ਜੀਵਨ ਤਹਿਸ-ਨਹਿਸ ਹੋ ਗਿਆ। 1876 ਵਿਚ ਕਰੀਅ ਨਾਲ ਸੰਧੀ -6 ਹੋਈ ਜੋ ਨਾਰਥ-ਵੈਸਟ-ਟੈਰੀਟਰੀ ਦੇ ਲੈਫਟੀਨੈਂਟ ਗਵਰਨਰ ਅਲੈਗਜ਼ੈਂਡਰ ਮੋਰਿਸ ਨੇ ਕੀਤੀ। ਕਰੀਅ ਚੀਫ਼ ਬਿਗ ਬੀਅਰ ਨੇ ਦੂਜੇ ਮੁਖੀਆਂ ਦੇ ਦਸਤਖਤ ਕਰਨ ਮਗਰੋਂ ਨਾ ਚਾਹੁੰਦਿਆਂ ਵੀ 8 ਦਸੰਬਰ, 1882 ਨੂੰ ਕੋਈ ਹੀਲਾ-ਵਸੀਲਾ ਬਚਿਆ ਨਾ ਹੋਣ ਤੇ ਦਸਤਖਤ ਕੀਤੇ ਸਨ। 22 ਸਤੰਬਰ, 1877 ਨੂੰ ਕੈਨੇਡਾ ਸਰਕਾਰ (ਕਰਾਊਨ ਦੇ ਨਾਂ ਤੇ) ਅਤੇ ਪੱਛਮੀ ਨੇਸ਼ਨ ਦੇ ਕਬੀਲਿਆਂ - ਬਲੈਕਫੁੱਟ ਨਾਲ ਸੰਧੀ -7 ਸਿਰੇ ਚੜ੍ਹੀ ਜਿਸ ਉਪਰ ਬਲੈਕਫੁੱਟ ਦੇ ਅਣਖੀ, ਬਹਾਦਰ ਤੇ ਮਹਾਨ ਚੀਫ਼ ਕਰੋਅਫੁੱਟ ਨੂੰ ਅਣਸਰਦੇ ਨੂੰ ਦਸਤਖਤ ਕਰਨੇ ਪਏ।

ਜ਼ਮੀਨੀ ਦਾਅਵਿਆਂ ਬਾਰੇ ਕੈਨੇਡਾ ਦੀਆ ਅਦਾਲਤਾਂ ਵਿਚ ਫਸਟ ਨੇਸ਼ਨ ਦੇ ਲੋਕਾਂ ਵੱਲੋਂ ਦਾਇਰ ਕੀਤੇ ਹਜ਼ਾਰਾਂ ਮੁਕੱਦਮੇ ਲਟਕਦੇ ਆ ਰਹੇ ਹਨ। 2 ਜੂਨ, 2022 ਨੂੰ ਬਲੈਕਫੁੱਟ ਕਰਾਸਿੰਗ ਦੇ ਸਥਾਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕਰਾਊਨ ਤੇ ਇੰਡੀਜਨਸ ਰੀਲੇਸ਼ਨਜ਼ ਮੰਤਰੀ ਮਾਰਕ ਮਿੱਲਰ ਅਤੇ ਸਿਕਸਿਕਾ ਨੇਸ਼ਨ ਅਲਬਰਟਾ ਦੇ ਚੀਫ਼ ਯੂਰੇ ਕਰੋਅਫੁੱਟ ਨੇ ਜ਼ਮੀਨੀ ਦਾਅਵਿਆਂ ਦੇ ਨਿਪਟਾਰੇ ਵਜੋਂ ਇੱਕ ਅਰਬ, ਤੀਹ ਕਰੋੜ (1.3 ਬਿਲੀਅਨ) ਡਾਲਰ ਦੇਣ ਦਾ ਸਮਝੌਤਾ ਸਹੀਬੰਦ ਕੀਤਾ। ਇਹ ਕੈਨੇਡਾ ਦੇ ਅਜੇਹੇ ਸਭ ਤੋਂ ਵੱਡੇ ਜ਼ਮੀਨੀ ਦਾਅਵਿਆਂ ਦੇ ਨਿਪਟਾਰਿਆਂ ਵਿੱਚੋਂ ਇੱਕ ਸੀ ਜਿਹੜਾ ਕੈਨੇਡਾ ਸਰਕਾਰ ਅਤੇ ਸਿਕਸਿਕਾ ਨੇਸ਼ਨਾਂ ਦਰਮਿਆਨ 115,000 ਏਕੜ ਬਦਲੇ ਸੀ। ਇਸ ਮੌਕੇ ਬੋਲਦਿਆਂ ਟਰੂਡੋ ਨੇ ਕਿਹਾ, ਅੱਜ ਬੀਤੇ ਸਮੇ ਹੋਈਆਂ ਭਿਆਨਕ ਗ਼ਲਤੀਆਂ ਅਤੇ ਉਨ੍ਹਾਂ ਨੂੰ ਦਰੁਸਤ ਕਰਨ ਦੀ ਪਛਾਣ ਕਰਨ ਦਾ ਸਮਾ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਅਸੀਂ ਇਸ ਦਿਸ਼ਾ ਵੱਲ ਵਧ ਰਹੇ ਹਾਂ। ਅਸੀਂ ਮੰਨਦੇ ਹਾਂ ਕਿ ਇਕੱਠੇ ਹੋ ਕੇ ਰਲ-ਮਿਲ ਕੇ ਅੱਗੇ ਵਧਣ ਦੀ ਲੋੜ ਹੈ। ਚੀਫ਼ ਕਰੋਅਫੁੱਟ ਨੇ ਕਿਹਾ, ਇਸੇ ਥਾਂ ਤੇ 147 ਸਾਲ ਪਹਿਲਾਂ ਸੰਧੀ-7 ਹੋਈ ਸੀ। ਅੱਜ ਦਾ ਨਿਪਟਾਰਾ ਧਨ ਲਈ ਨਹੀਂ ਹੈ, ਇਹ ਨਵੇਂ ਮੌਕੇ ਖੁੱਲ੍ਹਣ ਬਾਰੇ ਹੈ। ਇਸ ਸਮਝੌਤੇ ਨਾਲ ਨਾ ਸਿਰਫ ਸਿਕਸਿਕਾ ਨੇਸ਼ਨਾਂ ਨੂੰ, ਸਗੋਂ ਹੋਰ ਵੀ ਬੜੇ ਲੋਕਾਂ ਨੂੰ ਫ਼ਾਇਦਾ ਮਿਲੇਗਾ।

()

## ਸਿਆਸੀ ਝਰੋਖਿਆਂ ਵਿੱਚੋਂ ਦੀ

# ਬਣਾਵਾਲੀ ਆਲਾ ਐਮ ਐਲ ਏ : ਗੁਰਪ੍ਰੀਤ ਸਿੰਘ



ਨਿੰਦਰ ਘੁਗਿਆਣਵੀ
-9417421700

ਗੁਰਪ੍ਰੀਤ ਸਿੰਘ ਬਣਾ ਵਾਲੀ ਜਿੱਦਣ ਸਰਦੂਲਗੜੋਂ ਐਮ.ਐਲ.ਏ ਦੀ ਚੋਣ ਜਿੱਤਿਆ, ਤਾਂ ਮੈਨੂੰ ਉਚੇਚੀ ਖੁਸ਼ੀ ਹੋਈ ਕਿ ਚਲੋ 'ਸਾਡਾ ਬੇਲੀ' ਵੀ ਕਿਸੇ 'ਖਾਤੇ' 'ਚ ਪੈ ਗਿਆ ਹੈ, ਭੂੰਦੜਾਂ ਨਾਲ ਭੱਜ-ਭੱਜ ਕੇ ਬਥੇਰੀ 'ਭੂੰ ਭੂੰ' ਕਰ ਲਈ ਵਿਚਾਰੇ ਨੇ ਪਰ ਪੱਲੇ ਕੱਖ ਨਾ ਪਿਆ ਜਾਂ ਪਾਇਆ ਈ ਨਹੀ ਗਿਆ ਉਹਦੇ !

ਧਿਆਨ ਕਰੋ ਦੋਸਤੋ,ਇਹ ਕਦੋਂ ਕੋਈ 'ਸਿਆਸੀ ਆਕਾ' ਚਾਹੁੰਦਾ ਹੁੰਦੈ ਕਿ ਉਹਦਾ 'ਸਿਖਾਂਦਰੂ' (ਚੇਲਾ) ਉਹਦੇ ਤੋਂ ਏਨੀ ਛੇਤੀ ਅਗਾਂਹ ਨੂੰ ਲੰਘ ਤੁਰੇ, ਮਤਲਬ ਹੀ ਨਹੀਂ,ਬਸ,,, ਇਹ ਨੇਤਾ ਲੋਕ ਫੋਕੇ ਮੋਢੇ ਹੀ ਪਲੋਸਦੇ ਰਹਿੰਦੇ ਨੇ ਆਪਣੇ ਸਿਖਾਂਦਰੂਆਂ ਦੇ, ਤੇ ਚੰਗਾ ਸਮਾਂ ਆਉਣ ਦੀ ਉਡੀਕ ਕਰਨ ਨੂੰ ਕਹਿੰਦੇ ਰਹਿੰਦੇ ਨੇ ! ਇਹ ' ਸਿਖਾਂਦਰੂ' ਅਗਾਂਹ ਉਦੋਂ ਈ ਲੰਘਦੇ ਨੇ, ਜਦੋਂ 'ਆਕਾ ਜੀ' ਤੋਂ ਵਾਹਵਾ ਪਰੇ ਨੂੰ ਜਾਂਦੇ ਨੇ ਤੇ ਜਾਂ ਫਿਰ ਉਨਾਂ ਤੋਂ ਬਾਹਰੇ ਹੋ ਬਗਾਵਤ ਕਰਦੇ ਨੇ। ਸਾਡੇ ਜਿਲੇ ਵਿੱਚ ਵੀ ਕੁਛ ਫਰੀਦਕੋਟੀਏ ਸੱਜਣ ਐਹੋ ਜਿਹੇ ਲੀਡਰ ਹੈਗੇ ਨੇ, ਜਿੰਨਾ ਨੇ ਆਪਣੇ 'ਚੇਲੇ' ਕਦੀ ਤਲਵੰਡੀ ਵਾਲੀਆਂ ਨਹਿਰਾਂ ਨਹੀਂ ਟੱਪਣ ਦਿੱਤੇ, ਉਨਾਂ ਨੂੰ ਚੰਡੀਗੜ੍ਹ ਸੈਕਟਰੀਏਟ ਜਾਂ ਪਾਰਟੀ ਪ੍ਰਧਾਨ ਦੇ ਬੂਹੇ ਪਹੁੰਚਣਾ ਬੜਾ ਔਖਾ ਰਿਹੈ ਤੇ ਹੁਣ ਵੀ ਹੈ, ਚਾਹੇ ਕੋਈ ਵੀ ਪਾਰਟੀ ਦਾ ਹੋਵੇ। ਮੈਂ ਖੁਦ ਦੇਖਦਾ ਆ ਰਿਹਾ ਹਾਂ ਲੋਕਲੀ ਲੀਡਰਾਂ ਨੂੰ ਬਸ,,, ਐਵੇਂ ਪਿੰਡਾਂ 'ਚ ਨਾਲ-ਨਾਲ ਮਰਿਆਂ-ਮੁਰਿਆਂ ਦੇ ਭੋਗਾਂ ਉਤੇ ਜਾਂ ਟੂਰਨਾਮੈਂਟਾਂ 'ਤੇ ਤੋਰੀ ਫਿਰਨਗੇ।ਜਾਂ ਫਿਰ ਕਿਤੇ ਸਥਾਨਕ ਜਿਹੇ ਨਿੱਕੇ-ਮੋਟੇ ਅਹੁਦੇ ਦਿਲਵਾ ਛੱਡਦੇ ਨੇ, ਬਲਾਕ ਪੱਧਰੀ ਜਿਹੇ, ਪਰਿਸ਼ਦ ਪੱਧਰੀ, ਮਾਰਕੀਟ ਕਮੇਟੀ ਵਗੈਰਾ-ਵਗੈਰਾ ਜਾਂ ਕਿਸੇ ਬਾਹਲਾ ਖਹਿੜੇ ਪੈਣ ਵਾਲੇ ਨੂੰ ਅੜੇ -ਥੁੜੇ ਕੋਆਪ੍ਰੇਟਿਵ ਬੈਂਕ 'ਚ ਵਾੜਤਾ ਤੇ ਕੋਈ ਲੈਂਡ ਮਾਰਗੇਜ ਬੈਂਕ ਨੂੰ ਤੋਰਤਾ। ਇਹ ਸੱਚ ਹੈ ਕਿ ਇਹ 'ਆਕਾ' ਡਰਦੇ ਸਨ/ਤੇ ਡਰਦੇ ਹਨ ਕਿ ਜੇ ਇਹ ਨਵੇਂ ਚੇਲਿਆਂ ਦੀ ਸਿੱਧਮ-ਸਿੱਧੀ ਚੰਡੀਗੜ੍ਹ 'ਕੋਠੀ' ਨੂੰ ਜਾਂ 'ਸੈਕਟਰੀਏਟ' ਨੂੰ ਪਹੁੰਚ ਹੋਗੀ, ਇਨਾਂ ਦੇ 'ਪਾਸ' ਸਾਥੋਂ ਪਾਸੇ ਪਾਸੇ ਹੀ ਬਣਨ ਲੱਗਪੇ, ਤਾਂ ਫਿਰ ਛੇਤੀ ਹੀ ਇਹ ਬਾਈਪਾਸ ਲੰਘਣ ਲੱਗ ਜਾਣਗੇ। ਫਿਰ ਕਿਹਨੇ ਪੁੱਛਣਾ ਹੈ ਸਾਨੂੰ, ਤੇ ਉੱਥੇ ਪਹੁੰਚਕੇ ਇਹੋ ਹੀ ਸਾਡੀ ਜੜ 'ਚ ਦਾਤੀ ਫੇਰਨਗੇ। ਸੋ, ਦੋਸਤੋ,ਇਹੋ ਸਾਡੇ ਸ਼ਹਿਰ ਫਰੀਦਕੋਟ ਵਾਲੀ ਪਰੰਪਰਾ ਹੋਰਨਾਂ ਬਥੇਰੇ ਸ਼ਹਿਰਾਂ ਵਿੱਚ ਵੀ ਹੈਗੀ ਹੈ। (ਬੜੇ ਸਾਲਾਂ ਦੀ ਗੱਲ ਸੁਣਾਵਾਂ, ਮਜੀਠੀਏ ਦੇ ਗੋਡੇ ਮੁੱਢ ਜਾ ਬੈਠਾ ਇੱਕ ਨਵਾਂ-ਨਵਾਂ ਯੁਵਾ ਨੇਤਾ, ਹੱਦੋਂ ਵੱਧ ਫੁਕਰਦੀਨ ਤੇ ਓਵਰ ਕਲੈਵਰ। ਉਹ ਆਪਣੇ ਜਿਲੇ ਦੇ ਨੇਤਾ ਦੇ ਨਾਲ ਹੀ ਮਜੀਠੀਏ ਨੂੰ ਕਾਨਫਰੰਸਾਂ 'ਚ ਮਿਲਿਆ ਕਰਦਾ ਸੀ। ਮਜੀਠੀਏ ਨੇ ਆਪਣੇ ਕੋਲ ਆਇਆ ਦੇਖਕੇ ਸਮਝਿਆ ਕਿ ਸ਼ਾਇਦ ਨੇਤਾ ਜੀ ਨੇ ਈ ਘੱਲਿਆ ਹੋਣੈ, ਤੇ ਸਬੱਬੀਂ ਹੀ, ਜਿਲੇ ਦੇ ਮੁੱਖ ਨੇਤਾ ਜੀ ਦਾ ਮਜੀਠਿਆ ਜੀ ਨੂੰ ਉਦੋਂ ਹੀ ਫੋਨ ਆ ਗਿਆ ਕਿ ਮੈਂ ਆ ਰਿਹਾਂ ਮਿਲਣ ਜਨਾਬ ਨੂੰ ਦਸਾਂ ਮਿੰਟਾਂ 'ਚ,,,। ਮਜੀਠੀਏ ਮੂੰਹੋਂ ਨਿਕਲ ਗਿਆ, " ਆਜੋ ਆਜੋ, ਫਲਾਣਾ ਵੀ ਆਇਆ ਹੋਇਆ ਐ, ਕੋਲ ਈ ਬੈਠਾ ਐ ਮੇਰੇ।" ਇਹ ਸੁਣ ਕੇ ਮੁੱਖ ਨੇਤਾ ਦਾ ਹਾਰਟ ਫੇਲ ਹੋਣ ਵਾਲਾ ਹੋ ਗਿਆ ਕਿ ਇਹ ਪਤੰਦਰ ਦਾ ਮੈਥੋਂ ਬਿਨਾਂ ਦੱਸੇ-ਪੁੱਛੇ ਹੀ ਅਗਾਂਹ ਕਿਵੇਂ ਜਾ ਬੈਠਾ ਹੈ ? ਮਜੀਠੀਏ ਨੂੰ ਕੋਲ ਬੈਠਾ ਉਹ 'ਨਵਾਂ ਨੇਤਾ' ਪੁੱਛਦਾ ਹੈ "ਸਰਦਾਰ ਜੀ, ਕੀਹਦਾ ਫੋਨ ਸੀ ?" ਮਜੀਠੀਏ ਨੇ ਕਿਹਾ ਕਿ ਤੇਰੇ ਬੌਸ ਦਾ ਹੀ ਸੀ,ਉਹ ਵੀ ਆ ਰਿਹੈ ਹੁਣੇ ਏਥੇ। ਤੇ ਇਹ ਸੁਣ 'ਨਵਾਂ ਨੇਤਾ' ਉਥੋਂ ਭੱਜੂੰ-ਭੱਜੂੰ ਕਰੇ, ਤੇ ਏਧਰ ਉਹਦਾ ਵੀ ਹਾਰਟ ਫੇਲ ਹੋਣ ਨੂੰ ਫਿਰੇ ਕਿ ਅੱਜ 'ਚੋਰੀ' ਮਿਲਣ ਦੀ 'ਚੋਰੀ' ਫੜੀ ਹੀ ਗਈ ਹੈ।) ਖੈਰ !



***

ਹੁਣ ਆਪਾਂ ਆਪਣੇ ਬੇਲੀ ਗੁਰਪ੍ਰੀਤ ਦੀ ਗੱਲ ਕਰੀਏ ! ਕਿਧਰੇ ਹੋਰ ਪਾਸੇ ਨੂੰ ਤੁਰ ਗਏ ਸਾਂ ਯਾਰ,,,ਲਗਦੈ ਓਧਰ ਤੁਰਨਾ ਵੀ ਲਾਜ਼ਮੀ ਸੀ।

ਮੈਨੂੰ ਪਤਾ ਹੈ ਕਿ ਗੁਰਪ੍ਰੀਤ ਬਣਾ ਵਾਲੀ ਨੇ ਇਹੋ ਜਿਹੇ ਬਥੇਰੇ ਦਿਨ ਦੇਖੇ ਹੋਏ ਨੇ, ਕਿਵੇਂ ਖੱਜਲ ਕਰਦੇ ਨੇ ਸਿਆਸੀ ਆਕਾ ਨਵਿਆਂ ਨੂੰ। ਛੋਟੀ ਉਮਰੇ ਘਾਟ ਘਾਟ ਦਾ ਪਾਣੀ ਪੀ ਲਿਐ ਉਹਨੇ ਤੇ ਹਾਲੇ ਵੀ ਪੀ ਰਿਹੈ, ਇਹ ਸੱਚ ਹੈ ਕਿ ਸਿਆਸੀ ਖੇਤਰ ਵਿਚ ਬੰਦਾ ਹਮੇਸ਼ਾ ਈ ਘਾਟ ਘਾਟ ਦਾ ਪਾਣੀ ਪੀਂਦਾ ਰਹਿੰਦਾ ਹੈ ਤੇ ਪੀ ਪੀ ਪਿਸ਼ਾਬ ਕਰਦਾ ਰਹਿੰਦਾ ਹੈ।

****

ਮੇਰੀ ਗੁਰਪ੍ਰੀਤ ਨਾਲ ਪਹਿਲੀ ਮੁਲਾਕਾਤ 20-21 ਸਾਲ ਪਹਿਲੋਂ ਗਾਇਕ ਮਿੱਤਰ ਹਰਦੇਵ ਮਾਹੀਨੰਗਲ ਨੇ ਕਰਵਾਈ ਸੀ ਕਿਉਂਕ ਰਿਸ਼ਤੇਦਾਰੀ ਪੱਖੋਂ ਹਰਦੇਵ ਦੇ ਬਰਦਰ-ਇਨ-ਲਾਅ ਮੱਖਣ ਦਾ ਬਰਦਰ ਇਨ ਲਾਅ ਹੈ। ਮੈਂ ਜਦ ਵੀ ਹਰਦੇਵ ਕੋਲ ਬਠਿੰਡੇ ਜਾਂਦਾ ਸੀ, ਗੁਰਪ੍ਰੀਤ ਆਇਆ ਬੈਠਾ ਹੁੰਦਾ ਸੀ। ਖੂਬ ਹਾਸੇ ਠੱਠੇ ਹੁੰਦੇ। ਮਹਿਫ਼ਿਲ ਫੱਬਦੀ। ਗੁਰਪ੍ਰੀਤ ਗੀਤਕਾਰ ਹੋਣ ਕਰਕੇ ਕਲਾਕਾਰਾਂ ਦੀ ਸੰਗਤ ਦਾ ਸੁਖ ਮਾਣਦਾ ਨਾ ਥੱਕਦਾ ਤੇ ਨਾ ਥੱਕਣ ਦਿੰਦਾ, ਨਾ ਟਿਕਣ ਦਿੰਦਾ, ਛੇੜਖਾਨੀਆਂ ਵੀ ਕਰੀ ਜਾਂਦਾ। ਲੋਹੜੇ ਦੀ ਗੱਲ ਅਹੁੜਦੀ ਹੈ ਪਤੰਦਰ ਨੂੰ! ਗੱਲ ਵੀ ਰੌਚਕ ਤੋਂ ਰੌਚਕ, ਤੇ ਗੱਲ ਬਣਾਉਣੀ ਵੀ ਆਉਂਦੀ ਹੈ ਤੇ ਸੁਣਾਉਣੀ ਵੀ। ਬੜਾ ਘੈਂਟ ਬੰਦੈ ਟਿੰਕੂ ਬਾਈ, (ਇਹ ਨਾਂ ਉਹਦਾ ਨਿੱਕ-ਨੇਮ ਆਂ ਘਰਦਾ)

***

ਐਮ.ਐਲ.ਏ ਬਣਨ ਬਾਅਦ ਇੱਕ ਦਿਨ ਚੰਡੀਗੜ੍ਹ ਪੰਜਾਬ ਕਲਾ ਭਵਨ ਮੇਰੇ ਦਫਤਰ ਆਇਆ ਮਿਲਣ। ਨਾਲ ਗੰਨਮੈਨ ਨਹੀਂ ਲਿਆਇਆ। ਪ੍ਰਾਈਵੇਟ ਗੱਡੀ 'ਚ ਕਿਸੇ ਮਿੱਤਰ ਨਾਲ ਬਹਿ ਕੇ ਆ ਗਿਆ। ਪਤਾ ਈ ਨਹੀਂ ਕਿੰਨੇ ਘੰਟੇ ਪਲ 'ਚ ਹੀ ਬੀਤ ਗਏ। ਬੜਾ ਈ ਹਸਾਇਆ। ਦਫਤਰ ਵਾਲੇ ਆਖਣ ਕਿ ਸਰ, ਇਹੋ ਜਿਹੇ ਬੰਦੇ ਬੁਲਾਇਆ ਕਰੋ। ਏਨੀ ਰੌਣਕ ਲਾ ਦਿੱਤੀ ਐ,ਬੜਾ ਵਧੀਆ ਬੰਦਾ ਐ ਤੇ ਸੁਭਾਓ ਦਾ ਵੀ ਕਿੰਨਾ ਨਿੱਘਾ ਹੈ। ਮੇਰੇ ਸਾਹਮਣੇ ਬੈਠਿਆ ਗੁਰਪ੍ਰੀਤ ਆਪਣੇ ਐਮ.ਐਲ.ਏ ਬਣਨ ਤੋਂ ਬਾਅਦ ਦੇ ਕੌੜੇ ਤਜੱਰਿਬਆਂ ਨੂੰ ਮਿੱਠੇ ਤੇ ਹਾਸਰਸੀ ਅੰਦਾਜ ਵਿੱਚ ਸੁਣਾ ਰਿਹਾ ਸੀ। ਲੜੀ ਟੁੱਟ ਹੀ ਨਹੀਂ ਸੀ ਰਹੀ।

***

ਸ਼ਾਇਦ ਵਿਧਾਨ ਸਭਾ ਦਾ ਦੂਜਾ ਸੈਸ਼ਨ ਸੀ। ਉਹ ਬੋਲਿਆ, ਚਾਰ ਪੰਜ ਮਿੰਟਾਂ 'ਚ ਧੁੱਕੀ ਕੱਢ ਦਿੱਤੀ ਉਹਨੇ। ਆਵਾਜ ਵੀ ਸੁੱਖ ਨਾਲ ਬਚਪਨ ਤੋਂ ਕਰਾਰੀ ਹੈ ਉਹਦੀ। ਉਹ ਵੀਡੀਓ ਕਲਿਪ ਖਾਸਾ ਵਾਇਰਲ ਹੋਇਆ ਤੇ ਸਲਾਹਿਆ ਵੀ ਗਿਆ। ਬੋਲਦੈ ਤਾਂ ਉਹ ਚੰਗਾ ਹੈ ਹੀ ਪਰ ਗੀਤ ਵੀ ਚੰਗਾ ਲਿਖ ਲੈਂਦਾ ਹੈ ਅੱਜ ਦੀ ਮੁੰਡੀਰ ਵਾਸਤੇ। ਗਿਆਰਾਂ ਕੁ ਸਾਲ ਹੋਏ, ਗੀਤ ਲਿਖਿਆ, ਦਲਜੀਤ ਢਿਲੋਂ ਦੀ ਆਵਾਜ 'ਚ ਰਿਕਾਰਡ ਹੋਇਆ:

**ਸ਼ਗਨਾਂ ਦਾ ਦਿਨ ਜਿਹੜਾ ਚੁੱਪ ਕਰ ਬਹਿ ਗਿਆ**
**ਯਾਰ ਦੇ ਵਿਆਹ ਦੇ ਵਿੱਚ ਨੱਚਣੋਂ ਵੀ ਰਹਿ ਗਿਆ**
**ਦੋ ਦੋ ਪੈਗ ਲਾ ਲਏ, ਤੀਜੇ ਦੀ ਤਿਆਰੀ ਆ**
**ਕੱਲ ਦਾ ਪਤਾ ਨੀ, ਅੱਜ ਪੂਰੀ ਸਰਦਾਰੀ ਆ।**

ਪੰਜ ਕੁ ਸਾਲ ਹੋਏ, ਗੋਇਲ ਕੰਪਨੀ ਨੇ ਉਹਦਾ ਗੀਤ ਦਲਜੀਤ ਢਿਲੋਂ ਦੀ ਆਵਾਜ 'ਚ ਰਿਕਾਰਡ ਕਰਿਆ, ਬੋਲ ਸਨ:

**ਸਭ ਸਖੀਆਂ ਪੁੱਛਦੀਆਂ ਨੇ**
**ਕਿਓਂ ਨੀ ਮੇਲਾ ਵੇਖਣ ਜਾਂਦੀ**
**ਕੀ ਬੋਲਾਂ ਹਾਣਦੀਓ,ਨੀਂਦ ਤਾਂ ਅੰਦਰੋਂ ਵੱਢ ਵੱਢ ਖਾਂਦੀ**
**ਰਹੀ ਝਾਕ ਨਾ ਸੱਜਣਾ ਦੀ,ਕੀ ਕਰਨੈਂ ਮੇਲੇ ਜਾ ਕੇ।**

ਦੋ ਸਾਲ ਪਹਿਲਾਂ ਰਿਕਾਰਡ ਹੋਇਆ, ਬੋਲ ਸਨ:

**ਮੈਂ ਤਾਂ ਵੇਖ ਉਹਨੂੰ ਹੋਗੀ ਸੀ ਹੈਰਾਨ ਨੀ**
**ਮੇਰੇ ਸਾਹਮਣੇ ਖੜੀ ਸੀ,ਮੇਰੀ ਜਾਨ ਨੀ**

**ਅਰਸ਼ਦੀਪ ਚੋਟੀਆਂ ਨੇ ਰਿਕਾਰਡ ਕਰਵਾਇਆ:**

**ਬੂਹੇ ਮੂਹਰੇ ਲੱਗੇ ਲਲਕਾਰਾ ਵੱਜਿਆ**
**ਪੀਕੇ ਸ਼ਰਾਬ ਕੋਈ ਨੰਗ ਗੱਜਿਆ**
**ਰੋਕ ਨਾ ਮੈਨੂੰ, ਮੇਰੀ ਬਾਂਹ ਛੱਡ ਦੇ**
**ਛੇਤੀ ਕਰ ਪੇਟੀ 'ਚੋਂ ਬੰਦੂਕ ਕੱਢ ਦੇ,,,**

ਇੱਕ ਹੋਰ ਗੀਤ ਦੇ ਬੋਲ:

**ਤੈਨੂੰ ਮੇਰੇ ਤੋਂ ਪਿਆਰਾ ਲੱਗੇ ਆਈ ਫੋਨ ਵੇ,,,**

ਤੇ ਇਕ ਹੋਰ ਗੀਤ ਦਾ ਰੰਗ ਵੇਖੋ:

**ਜੀਰੀ ਲਾਉਂਦਾ ਲਾਉਂਦਾ ਜੱਟ ਪੀਜੀ ਹੋ ਗਿਆ ਤੇ ਬਾਹਲਾ ਈ ਕਿਊਟ ਹੋ ਗਿਆ,,,**

(ਬਾਕੀ ਅਗਲੇ ਅੰਕ 'ਚ)

# ਪੰਜਾਬੀ ਸਿਨੇਮਾ ਨੂੰ ਸੋਹਣਾ ਮੁਹਾਂਦਰਾ ਅਤੇ ਨਵੇਂ ਆਯਾਮ ਦੇ ਰਹੇ ਲਾਹੌਰੀਏ ਕਲਾਕਾਰ

## ਰਿਲੀਜ਼ ਹੋ ਚੁੱਕੀਆਂ ਕਈ ਫ਼ਿਲਮਜ਼ 'ਚ ਮੰਨਵਾ ਚੁੱਕੇ ਪ੍ਰਭਾਵੀ ਅਦਾਕਾਰੀ ਦਾ ਲੋਹਾ



ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਮਨ੍ਹਾਂ 'ਚ ਰਾਜਨੀਤਿਕ ਮਤਭੇਦਾ ਦੇ ਚਲਦਿਆਂ ਸਮੇਂ ਸਮੇਂ ਪੈਣ ਵਾਲੇ ਸਾਂਝ ਖਲਾਅ ਅਤੇ ਇਸ ਨਾਲ ਪੈਦਾ ਹੋਣ ਵਾਲੀਆਂ ਭਾਈਚਾਰਕ ਦੂਰੀਆਂ ਨੂੰ ਪੁਰ ਕਰਨ'ਚ ਕਲਾ ਖਿੱਤਾ ਹਮੇਸ਼ਾ ਅਹਿਮ ਅਤੇ ਮੋਹਰੀ ਭੂਮਿਕਾ ਨਿਭਾਉਦਾ ਆ ਰਿਹਾ ਹੈ, ਫ਼ਿਰ ਉਹ ਚਾਹੇ ਭਾਰਤੀ , ਪੰਜਾਬੀ ਖਿੱਤੇ ਨਾਲ ਸਬੰਧਤ ਹੋਵੇ ਜਾਂ ਫ਼ਿਰ ਲਾਹੌਰ ਕਲਾ ਨਗਰੀ, ਕੁਝ ਇਸੇ ਤਰ੍ਹਾਂ ਦੇ ਸਲਾਹੁਣਯੋਗ ਸਿਲਸਿਲੇ ਨੂੰ ਇਕ ਵਾਰ ਫ਼ਿਰ ਪ੍ਰਭਾਵੀ ਰੂਪ 'ਚ ਦੁਹਰਾਉਣ ਦਾ ਮਾਣ ਅਜਕਲ ਹਾਸਿਲ ਕਰ ਰਹੇ ਹਨ , ਲਾਹੌਰੀਏ ਕਾਮੇਡੀ ਕਲਾਕਾਰ , ਜੋ ਪੰਜਾਬੀ ਸਿਨੇਮਾਂ ਨੂੰ ਸੋਹਣਾ ਮੁਹਾਂਦਰਾ ਅਤੇ ਨਵੇਂ ਆਯਾਮ ਦੇਣ 'ਚ ਇੰਨ੍ਹੀ ਦਿਨ੍ਹੀ ਅਹਿਮ ਯੋਗਦਾਨ ਪਾ ਰਹੇ ਹਨ। ਹਾਲੀਆਂ ਸਮੇਂ ਰਿਲੀਜ਼ ਹੋਈਆਂ ਅਤੇ ਅਥਾਹ ਕਾਮਯਾਬੀ, ਚਰਚਾ ਹਾਸਿਲ ਕਰਨ ਵਾਲੀਆਂ 'ਚਲ ਮੇਰਾ ਪੁੱਤ', 'ਚਲ ਮੇਰਾ ਪੁੱਤ 2' , 'ਚੱਲ ਮੇਰਾ ਪੁੱਤ 3', 'ਆਜਾ ਮੈਕਸੀਕੋ ਚੱਲੀਏ', 'ਮਾਂ ਦਾ ਲਾਡਲਾ' ਜਿਹੀਆਂ ਕਈ ਫ਼ਿਲਮਜ਼ ਨੂੰ ਚਾਰ ਚੰਨ ਲਾਉਣ ਦਾ ਮਾਣ ਹਾਸਿਲ ਕਰ ਚੁੱਕੇ ਅਤੇ ਆਉਣ ਵਾਲੇ ਦਿਨ੍ਹਾਂ ਵਿਚ ਰਿਲੀਜ਼ ਹੋਣ ਵਾਲੀਆਂ ਪੰਜਾਬੀ ਫ਼ਿਲਮਜ਼ ਨੂੰ ਨਾਯਾਬ ਰੂਪ ਦੇਣ ਜਾ ਰਹੇ ਅਜਿਹੇ ਹੀ ਲਾਹੌਰੀਏ ਕਲਾਕਾਰਾਂ ਅਤੇ ਉਨਾਂ ਦੇ ਅਭਿਨੈ ਸਫ਼ਰ ਵੱਲ ਆਓ ਮਾਰਦੇ ਹਾਂ ਵਿਸ਼ੇਸ਼ ਝਾਤ :

**ਇਫ਼ਤਖ਼ਾਰ ਠਾਕੁਰ:** ਲਾਹੌਰ ਦੀ ਨਾਟਕ, ਟੀ.ਵੀ ਅਤੇ ਫ਼ਿਲਮ ਸਨਅਤ ਤੋਂ ਬਾਅਦ ਭਾਰਤੀ ਪੰਜਾਬੀ ਫ਼ਿਲਮਜ਼ ਖਿੱਤੇ 'ਚ ਵੀ ਵਿਚ ਅੱਜ ਵੱਡੇ ਨਾਂਅ ਅੱਜ ਵਜੋਂ ਜਾਂਣੇ ਜਾਣ ਲੱਗੇ ਹਨ,ਬਕਮਾਲ ਕਾਮੇਡੀ ਅਦਾਕਾਰ ਇਫ਼ਤਖ਼ਾਰ ਠਾਕੁਰ । ਪਾਕਿਸਤਾਨ ਦੇ ਮਿਆਂਚੰਨੂ ਖਾਨੇਵਾਲ 'ਚ ਜਨਮੀਂ ਇਸ ਮਾਣਮੱਤੀ ਸ਼ਖ਼ਸ਼ੀਅਤ ਵੱਲੋਂ ਅਦਾਕਾਰ ਬਣਨ ਤੋਂ ਪਹਿਲਾ ਪੰਚਰ ਹੋਏ ਟਾਇਰਾਂ ਨੂੰ ਠੀਕ ਕਰਨ ਵਾਲੀ ਇਕ ਆਟੋ ਮੁਰੰਮਤ ਕੰਪਨੀ ਵਿਚ ਕੰਮ ਵੀ ਕੀਤਾ ਗਿਆ । ਉਨ੍ਹਾਂ ਕਾਮਰਸ਼ ਕਾਲਜ ਕਰਾਚੀ ਤੋਂ ਇੰਟਰਮੀਡੀਅਟ ਕੀਤੀ , ਜਿਸ ਤੋਂ ਬਾਅਦ ਹੀ ਉਨ੍ਹਾਂ ਰੰਗਮੰਚ ਅਤੇ ਫ਼ਿਲਮੀ ਦੁਨੀਆਂ ਵਿਚ ਪੱਕੇ ਤੌਰ ਤੇ ਕਦਮ ਵਧਾਉਣ ਦਾ ਫ਼ੈਸਲਾ ਕਰ ਲਿਆ।ਇਸੇ ਅਭਿਨੈ ਰੰਗੀ ਸੋਚ ਦੇ ਮੱਦੇਨਜ਼ਰ ਆਪਣੀਆਂ ਕਲਾ ਕਲਾਵਾਂ ਨੂੰ ਹੋਰ ਪਰਪੱਕਤਾ ਦੇਣ ਲਈ ਉਨ੍ਹਾਂ ਸਾਲ 1997 ਵਿਚ ਨਿਊਯਾਰਕ ਫ਼ਿਲਮ ਅਕਾਦਮੀ ਤੋਂ ਅਭਿਨੈ ਅਤੇ ਨਿਰਦੇਸ਼ਨ ਮਜ਼ਮੂਨਾਂ 'ਚ ਪੜ੍ਹਾਈ ਹਾਸਿਲ ਕੀਤੀ ।ਉਨਾਂ ਆਪਣੇ ਕਰਿਅਰ ਦੀ ਸ਼ੁਰੂਆਤ ਪਾਕਿਸਤਾਨ ਰੰਗਮੰਚ ਤੋਂ ਕੀਤੀ ਅਤੇ ਇੰਨ੍ਹਾਂ ਵਿਚ ਨਿਭਾਏ ਰੋਲਜ਼ ਦੇ ਚਲਦਿਆਂ ਹੀ ਇਕ ਅਤਿ ਮਕਬੂਲ ਹੋਈ ਭੂਮਿਕਾ ਦੇ ਆਧਾਰ ਤੇ ਉਨ੍ਹਾਂ ਇਫ਼ਤਖਾਰ ਠਾਕੁਰ ਨਾਂਅ ਅਪਣਾਇਆ ।ਪਾਕਿ ਤੋਂ ਬਾਅਦ ਅੱਜ ਚੜ੍ਹਦੇ ਪੰਜਾਬ ਦੀ ਪੰਜਾਬੀ ਸਿਨੇਮਾਂ ਸਨਅਤ ਵਿਚ ਵੀ ਵਿਲੱਖਣ ਪਹਿਚਾਣ ਅਤੇ ਮਾਣ ਹਾਸਿਲ ਕਰ ਕਰਦੇ ਜਾ ਰਹੇ ਇਹ ਉਮਦਾ ਅਦਾਕਾਰ ਆਪਣੇ ਪਰਿਵਾਰਿਕ ਕੁਨਬੇ ਵਿਚ ਕੁੱਕੀ ਦੇ ਨਾਂਅ ਵਜੋਂ ਦੁਲਾਰੇ ਜਾਂਦੇ ਹਨ , ਜੋ ਉਚਕੋਟੀ ਅਦਾਕਾਰ, ਸਟੈਂਡਅਪ ਕਾਮੇਡੀਅਨ ਵਜੋਂ ਲਾਹੌਰ ਨਾਟਕ ਅਤੇ ਕਲਾ ਖੇਤਰ ਵਿਚ ਮਜ਼ਬੂਤ ਪੈੜ੍ਹਾ ਸਥਾਪਿਤ ਕਰਨ ਦਾ ਸਿਹਰਾ ਵੀ ਆਪਣੀ ਝੋਲੀ ਪਾ ਚੁੱਕੇ ਹਨ। ਪਾਕਿਸਤਾਨ ਪ੍ਰੈਜੀਡੈਂਟ ਹੱਥੋਂ 'ਪਰਾਈਡ ਆਫ਼ ਪ੍ਰੋਫੋਰਮੈਸ' ਦੇ ਖ਼ਿਤਾਬ ਨਾਲ ਨਵਾਜ਼ੇ ਜਾਣ ਦਾ ਸਫ਼ਕ ਹਾਸਿਲ ਕਰ ਚੁੱਕੇ ਇਹ ਬਕਮਾਲ ਐਕਟਰ ਆਪਣੀ ਹਰ ਕਲਾਂ ਵੰਨਗੀ ਚਾਹੇ ਉਹ ਸਟੇਜ਼ ਪ੍ਰੋਫੋਰਮੈਸ ਹੋਵੇ , ਡਰਾਮੇਂ ਜਾਂ ਫ਼ਿਰ ਟੀ .ਵੀ ਖੇਤਰ ਅਤੇ ਫ਼ਿਲਮ ਖੇਤਰ, ਹਰ ਇਕ ਵਿਚ ਵੱਖਰੀ ਧਾਂਕ ਜਮਾ ਲੈਣ ਵਿਚ ਸਫ਼ਲ ਰਹੇ ਹਨ। ਉਨ੍ਹਾਂ ਵੱਲੋਂ ਪੀ.ਟੀ.ਵੀ ਦੇ ਗੈਸਟ ਹਾਊਸ , ਡਬਲ ਸਵਾਰੀ, ਰੈਂਟ ਏ ਭੂਤ, ਏ .ਜੇ.ਕੇ ਟੀ.ਵੀ ਦੇ ਲਾਹੌਰੀ ਗੇਟ, ਸਾਲਾ ਭਰਾ, ਨਿਰਾਲਾ, ਡੋਨ ਨੰਬਰ 1, ਨਿਜ਼ਾਮ , ਨਵਾਬ ਘਰ, ਜਿਓ ਟੀ.ਵੀ ਦੇ ਜੀਰੋ ਜੀਰੋ ਡੇਢ, ਨਿਓ ਟੀ.ਵੀ ਦੇ ਸਵਾ ਤੀਨ , ਚੌਧਰੀ ਐਂਡ ਸੰਨਜ਼ ਤੋਂ ਇਲਾਵਾ ਪਾਕਿਸਤਾਨੀ ਫ਼ਿਲਮਜ਼ ਹਮ ਏਕ ਹੈ, ਮਜਾਜਣ, ਭਾਪਾ ਆਇਆ ਪਾਕਿਸਤਾਨ, ਮਿੱਕੀ ਖਾਰੋ ਇੰਗਲੈਂਡ, ਵਨ ਟੂ ਕਾ ਵਨ , ਗੁਲਾਬੋ, ਆਪਣੇ ਹੁਏ ਪਰਾਏ, ਚੰਨਾਂ ਸੱਚੀ ਮੁੱਚੀ, ਵਹੁਟੀ ਲੈ ਕੇ ਜਾਨੀ , ਠਾਕੁਰ 420, ਦਿਲ ਪਰਾਏ ਦੇਸ ਮੇਂ, ਲਿਫੰਗਾ , ਨਿੱਕਮੇਂ ਪੁੱਤਰ, ਸਵਾਲ 700 ਕਰੋੜ ਡਾਲਰ ਦਾ ਆਦਿ 'ਚ ਨਿਭਾਈਆਂ ਲਾਜਵਾਬ ਅਤੇ ਯਾਦਗਾਰੀ ਭੂਮਿਕਾਵਾਂ ਉਨ੍ਹਾਂ ਦੇ ਅਨੂਠੇ ਅਭਿਨੈ ਦਾ ਇਜ਼ਹਾਰ ਦਰਸ਼ਕਾਂ ਨੂੰ ਬਾਖੂਬੀ ਕਰਵਾ ਚੁੱਕੀਆਂ ਹਨ।ਲਾਹੌਰ ਤੋਂ ਬਾਅਦ ਚੜ੍ਹਦੇ ਪੰਜਾਬ ਦੇ ਸਿਨੇਮਾਂ ਖੇਤਰ ਵਿਚ ਮਾਣਮੱਤਾ ਨਾਂਅ ਬਣਦੇ ਜਾ ਰਹੇ ਇਹ ਮੰਝੇ ਹੋਏ ਅਦਾਕਾਰ 'ਚੱਲ ਮੇਰਾ ਪੁੱਤ', 'ਚੱਲ ਮੇਰਾ ਪੁੱਤ 2', 'ਚੱਲ ਮੇਰਾ 3', ਮਾਂ ਦਾ ਲਾਡਲਾ, ਪਾਣੀ 'ਚ ਮਧਾਣੀ ਆਦਿ ਪੰਜਾਬੀ ਫ਼ਿਲਮਜ਼ ਨੂੰ ਸੋਹਣਾ ਮੁਹਾਦਰਾਂ ਦੇਣ ਵਿਚ ਅਹਿਮ ਭੂਮਿਕਾ ਨਿਭਾ ਚੁੱਕੇ ਹਨ, ਜੋ ਆਉਂਦੇ ਦਿਨ੍ਹੀ ਰਿਲੀਜ਼ ਹੋਣ ਵਾਲੀਆਂ ਇੱਥੋਂ ਦੀਆਂ ਕਈ ਹੋਰ ਪੰਜਾਬੀ ਫ਼ਿਲਮਾਂ 'ਚ ਪ੍ਰਭਾਵੀ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ। , ਜਿੰਨ੍ਹਾਂ ਵਿਚ ਐਮੀ ਵਿਰਕ ਦੀ 'ਅੰਨੀ ਦਿਆਂ ਦਾ' ਆਦਿ ਸ਼ਾਮਿਲ ਹੈ।





**ਨਾਸਰ ਚਿਨੋਤੀ:** ਲਹਿੰਦੇ ਪੰਜਾਬ ਦੇ ਚਿਨੋਤ ਨਾਲ ਤਾਲੁਕ ਰੱਖਦੇ ਨਾਸਰ ਚਿਨੋਤੀ ਦਾ ਨਾਂਅ ਅਤੇ ਖ਼ੁਸ਼ਗਵਾਰ ਚਿਹਰਾ ਸਾਹਮਣੇ ਆਉਂਦਿਆਂ ਹੀ ਦਰਸ਼ਕਾਂ ਦੇ ਚਿਹਰੇ ਤੇ ਆਪ ਮੁਹਾਰੇ ਮੁਸਕਰਾਹਟ ਆ ਜਾਂਦੀ ਹੈ, ਜਿੰਨ੍ਹਾਂ ਆਪਣੇ ਅਭਿਨੈ ਕਰਿਅਰ ਦੀ ਸ਼ੁਰੂਆਤ ਪਾਕਿਸਤਾਨ ਦੇ ਮੁਲਤਾਨ ਰੰਗਮੰਚ ਤੋਂ ਕੀਤੀ ।ਉਨ੍ਹਾਂ ਉਰਦੂ , ਪੰਜਾਬੀ ਸਹਿਤ ਵੱਖ ਵੱਖ ਭਾਸ਼ਾਵਾਂ ਨਾਲ ਜੁੜੇ ਅਥਾਹ ਸਟੇਜ਼ ਡਰਾਮਿਆਂ ਅਤੇ ਟੈਲੀਫ਼ਿਲਮਜ਼ ਵਿਚ ਅਭਿਨੈ ਕਰਨ ਦਾ ਮਾਣ ਹਾਸਿਲ ਕਰ ਲਿਆ ਹੈ, ਜਿੰਨ੍ਹਾਂ ਵਿਚੋਂ ਲਾਹੌਰ ਦੇ ਕਾਮੇਡੀ ਸਟੇਜ਼ ਡਰਾਮਿਆਂ ਵਿਚ ਉਨ੍ਹਾਂ ਦੀ ਚੜ੍ਹਤ ਅਤੇ ਸਰਦਾਰੀ ਅੱਜ ਵੀ ਪੂਰੀ ਤਰ੍ਹਾਂ ਕਾਇਮ ਹੈ। ਉਥੋ ਦੇ ਰੰਗਮੰਚ ਅਤੇ ਟੈਲੀ ਡਰਾਮਿਆਂ 'ਚ ਮੌਕੇ ਸਿਰ ਫ਼ੁਰਨ ਵਾਲੇ ਆਪਣੇ ਪ੍ਰਭਾਵੀ ਡਾਇਲਾਗਾਂ ਦਾ ਸ਼ਾਨਦਾਰ ਇਸਤੇਮਾਲ ਕਰ ਲੈਣ 'ਚ ਵੀ ਚਿਨੋਤੀ ਬਾਕਮਾਲ ਮੁਹਾਰਤ ਰੱਖਦੇ ਹਨ, ਜਿੰਨ੍ਹਾਂ ਆਪਣੇ ਹਾਣ ਦੇ ਹੋਰਨਾਂ ਦਿਗਜ਼ ਕਾਮੇਡੀ ਕਲਾਕਾਰਾਂ ਇਫ਼ਤਖ਼ਾਰ ਠਾਕੁਰ, ਅਨਵਰ ਅਲੀ, ਤਾਰਿਕ ਟੇਡੀ ਅਤੇ ਸ਼ਖ਼ਾਵਤ ਨਾਜ਼ ਆਦਿ ਨਾਲ ਪ੍ਰਭਾਵਸ਼ਾਲੀ ਭੂਮਿਕਾਵਾਂ ਨਿਭਾਉਣ ਦਾ ਮਾਣ ਹਾਸਿਲ ਕੀਤਾ ਹੋਇਆ ਹੈ। ਪਾਕਿਸਤਾਨ ਦੇ ਸਰਵੋਤਮ ਹਾਸ ਅਦਾਕਾਰ ਵਜੋਂ ਉਚ ਦਰਜ਼ਾ ਰੱਖਦੇ ਇਹ ਸ਼ਾਨਦਾਰ ਅਦਾਕਾਰ ਨਿਓ ਨਿਊਜ਼ ਤੇ 'ਖਬਰਿਆਰ' ਕਾਮੇਡੀ ਸੋਅਜ , ਐਕਸਪ੍ਰੈਸ ਨਿਊਸ ਅਤੇ 'ਖਬਰਦਾਰ' ਵਿਚ ਵੀ ਆਪਣੇ ਅਨੂਠੇ ਅਭਿਨੈ ਦਾ ਪ੍ਰਗਟਾਵਾ ਲਗਾਤਾਰ ਕਰਦੇ ਆ ਰਹੇ ਹਨ। ਉਥੋਂ ਦੇ ਪੰਜਾਬੀ ਟੀ.ਵੀ ਖੇਤਰ ਦਾ ਵੱਡਾ ਨਾਂਅ ਮੰਨੇ ਜਾਂਦੇ ਆਫ਼ਤਾਬ ਇਕਬਾਲ ਵੱਲੋਂ ਹੋਸਟ ਕੀਤੇ ਜਾਣ ਵਾਲੇ ਸਮਾ ਨਿਊਜ਼ ਵਿਚ ਖਬਰਹਾਰ ਨਾਮਕ ਸ਼ੋਅਜ ਦਾ ਹਿੱਸਾ ਬਣ ਲਗਾਤਾਰ ਵਾਹੋਵਾਹੀ ਬਟੋਰ ਰਹੇ ਨਾਸਿਰ ਇੰਨ੍ਹੀ ਦਿਨ੍ਹੀ ਚੜ੍ਹਦੇ ਪੰਜਾਬ ਦੀਆਂ ਪੰਜਾਬੀ ਫ਼ਿਲਮਾਂ ਵਿਚ ਵੀ ਪੂਰੀ ਤਰ੍ਹਾਂ ਛਾਏ ਹੋਏ ਹਨ, ਜਿੰਨ੍ਹਾਂ ਦੀਆਂ ਇੱਥੇ ਮਕਬੂਲ ਹੋਈਆ ਅਤੇ ਅਪਾਰ ਸਫ਼ਲਤਾ ਹਾਸਿਲ ਕਰਨ ਵਾਲੀਆਂ ਫ਼ਿਲਮਜ ਵਿਚ 'ਚੱਲ ਮੇਰਾ ਪੁੱਤ' , 'ਚੱਲ ਮੇਰਾ ਪੁੱਤ 2', 'ਚੱਲ ਮੇਰਾ ਪੁੱਤ 3' , 'ਆਜਾ ਮੈਕਸੀਕੋ ਚੱਲੀਏ' ਆਦਿ ਸਾਮਿਲ ਹਨ । ਉਨ੍ਹਾਂ ਦੀਆਂ ਆਉਣ ਵਾਲੀਆਂ ਪੰਜਾਬੀ ਫ਼ਿਲਮਾਂ ਵਿਚ ਐਮੀ ਵਿਰਕ ਨਾਲ 'ਅੰਨੀ ਦਿਆਂ ਦਾ' , ਗਿੱਪੀ ਗਰੇਵਾਲ ਨਾਲ ਸਮੀਪ ਕੰਗ ਨਿਰਦੇਸ਼ਿਤ 'ਕੈਰੀ ਆਨ ਜੱਟਾ 3' ਪ੍ਰਮੁੱਖ ਹਨ, ਜੋ ਜਲਦ ਪੰਜਾਬੀ ਸਿਨੇਮਾਂ ਘਰਾਂ ਦਾ ਸਿੰਗਾਰ ਬਣਨਗੀਆਂ।



**ਅਕਰਮ ਓਦਾਸ:** ਪੰਜਾਬੀ ਫ਼ਿਲਮ 'ਚੱਲ ਮੇਰਾ ਪੁੱਤ' ਅਤੇ ਇਸੇ ਸੀਰੀਜ਼ ਦੇ ਅਤਿ ਮਕਬੂਲ ਹੋਏ ਇਕ ਡਾਇਲਾਗ 'ਫ਼ਿਰ ਨਾ ਆਖੀ ਬੂਟਾ ਗਾਲਾ ਕੱਢਦਾ' ਨਾਲ ਚਰਚਾ 'ਚ ਆਏ ਅਤੇ ਮਣਾਮੂਹੀ ਸਲਾਹੁਤਾ ਹਾਸਿਲ ਕਰ ਗਏ ਅਦਾਕਾਰ ਅਕਰਮ ਓਦਾਸ ਵੀ ਲਹਿੰਦੇ ਪੰਜਾਬ ਦੇ ਸਿਰਕੱਢ ਅਤੇ ਧਾਂਕੜ ਅਦਾਕਾਰ ਵਜੋਂ ਆਪਣਾ ਸ਼ੁਮਾਰ ਕਰਵਾਉਂਦੇ ਹਨ ।ਪਾਕਿਸਤਾਨ ਦੇ ਗੁਜਰਵਾਲ ਨਾਲ ਸਬੰਧਤ ਇਹ ਕਾਮੇਡੀ ਅਦਾਕਾਰ , ਹੋਸਟ, ਰੰਗਮੰਚ ਅਦਾਕਾਰ ਉਥੇ ਵੱਡੀ ਗਿਣਤੀ ਸਟੇਜ਼, ਟੈਲੀਵਿਜ਼ਨ ਸੋਅਜ਼ ਕਰ ਚੁੱਕੇ ਹਨ, ਜਿੰਨ੍ਹਾਂ 'ਚ ਉਥੋਂ ਦੇ ਹੋਰ ਉਚਕੋਟੀ ਅਦਾਕਾਰਾਂ ਬਾਬੂ ਬਰਾਲ, ਸੋਹੇਲ ਅਹਿਮਦ, ਇਫ਼ਤਖ਼ਾਰ ਠਾਕੁਰ, ਜਾਫ਼ਰੀ ਖਾਨ, ਅਨਵਰ ਅਲੀ, ਤਾਰਿਕ ਟੇਡੀ ਅਤੇ ਸ਼ਖ਼ਾਵਤ ਨਾਜ਼ ਆਦਿ ਨਾਲ ਉਨ੍ਹਾਂ ਦੀ ਜੋੜੀ ਅਤੇ ਕਾਮੇਡੀ ਟਾਇਮਿੰਗ ਨੂੰ ਕਾਫ਼ੀ ਪਸੰਦ ਕੀਤਾ ਗਿਆ ਅਤੇ ਜਾਂਦਾ ਹੈ। ਲਹਿੰਦੇ ਪੰਜਾਬ ਦੇ ਨਾਲ ਨਾਲ ਚੜ੍ਹਦੇ ਪੰਜਾਬ ਦੇ ਸਿਨੇਮਾਂ ਖੇਤਰ ਵੀ ਇੰਨ੍ਹੀ ਦਿਨ੍ਹੀ ਨਿਵੇਕਲੀਆਂ ਅਤੇ ਮਜ਼ਬੂਤ ਪੈੜ੍ਹਾ ਸਿਰਜ਼ ਰਹੇ ਇਹ ਸ਼ਾਨਦਾਰ ਅਦਾਕਾਰ 'ਚੱਲ ਮੇਰਾ ਪੁੱਤ' ਤੋਂ ਬਾਅਦ 'ਚੱਲ ਮੇਰਾ ਪੁੱਤ 2', 'ਚੱਲ ਮੇਰਾ ਪੁੱਤ 3' ਵਿਚ ਵੀ ਆਪਣੇ ਅਨੂਠੇ ਅਤੇ ਪ੍ਰਭਾਵਸ਼ਾਲੀ ਅਭਿਨੈ ਦਾ ਲੋਹਾ ਮੰਨਵਾਉਣ ਵਿਚ ਸਫ਼ਲ ਰਹੇ ਹਨ, ਜਿੰਨ੍ਹਾਂ ਦਾ ਇਹੀ ਅਭਿਨੈ ਜਾਹੋਜਲਾਲ ਆਉਣ ਵਾਲੇ ਦਿਨ੍ਹੀ ਇੱਥੋਂ ਦੀਆਂ ਕਈ ਪੰਜਾਬੀ ਫ਼ਿਲਮਾਂ ਵਿਚ ਵੇਖਣ ਨੂੰ ਮਿਲੇਗਾ।



**ਜ਼ਫ਼ਰੀ ਖ਼ਾਨ:** ਹਾਲ ਹੀ ਵਿਚ ਆਈ ਐਮੀ ਵਿਰਕ ਸਟਾਰਰ 'ਆਜਾ ਮੈਕਸੀਕੋ ਚੱਲੀਏ' ਵਿਚ ਮਹੱਤਵਪੂਰਨ ਅਤੇ ਭਾਵਨਾਤਮਕ ਭੂਮਿਕਾ ਨਿਭਾਉਣ ਵਾਲੇ ਜ਼ਫ਼ਰੀ ਖ਼ਾਨ ਇੱਥੋਂ ਦੇ ਪੰਜਾਬੀ ਸਿਨੇਮਾਂ ਖਿੱਤੇ 'ਚ ਨਵੇਂ ਦਿਸਹਿੱਦੇ ਸਿਰਜਣ ਵੱਲ ਅਜਕਲ ਤੇਜ਼ੀ ਨਾਲ ਅੱਗੇ ਵਧ ਰਹੇ ਹਨ।ਭਾਰਤੀ ਪੰਜਾਬੀ ਸਿਨੇਮਾਂ ਨੂੰ ਪ੍ਰਭਾਵਸ਼ਾਲੀ , ਦਮਦਾਰ ਅਤੇ ਖੜਕਵੀ ਆਵਾਜ਼ ਨਾਲ ਭਰਪੂਰ ਦਿੱਖ ਦੇਣ ਦਾ ਮਾਣ ਹਾਸਿਲ ਕਰਦੇ ਜਾ ਰਹੇ ਇਹ ਸਿਰਮੌਰ ਅਦਾਕਾਰ ਲਾਹੌਰ ਦੇ ਫ਼ੈਸ਼ਲਾਵਾਦ 'ਚ ਪੈਦਾ ਹੋਏ, ਜੋ ਪਾਕਿਸਤਾਨੀ ਥੀਏਟਰ ਤੋਂ ਇਲਾਵਾ 'ਮਜ਼ਾਕ ਮਜਾਕ ਮੇਂ', 'ਅਫ਼ਰਾ ਜਫ਼ਰੀ', 'ਖ਼ਬਰਦਾਰ', 'ਮਿੱਠੀਆਂ ਸ਼ਰਾਰਤਾਂ', 'ਦੁਮੱਕਾ' , 'ਲਾਹੌਰੀਆਂ', 'ਰਨ ਮੁਰੀਦ' ਆਦਿ ਜਿਹੇ ਉਥੋਂ ਦੇ ਕਈ ਸੋਅਜ਼ ਅਤੇ ਫ਼ਿਲਮਜ਼ ਦਾ ਪ੍ਰਭਾਵੀ ਹਿੱਸਾ ਰਹੇ ਹਨ। ਉਨ੍ਹਾਂ ਵੱਲੋਂ ਲਹਿੰਦੇ ਪੰਜਾਬ ਕਲਾ ਖੇਤਰ 'ਚ ਬਤੌਰ ਅਦਾਕਾਰ ਨਿਭਾਈ ਹਰ ਭੂਮਿਕਾ ਚਾਹੇ ਉਹ ਸਟੇਜ਼ੀ ਹੋਵੇ ਜਾਂ ਫ਼ਿਰ ਫ਼ਿਲਮੀ , ਲੋਕਮਨ੍ਹਾਂ ਵਿਚ ਅਮਿਟ ਛਾਪ ਛੱਡਣ ਵਿਚ ਸਫ਼ਲ ਰਹੀ ਹੈ, ਜਿੰਨ੍ਹਾਂ ਦੀਆਂ ਸ਼ਾਨਦਾਰ ਅਭਿਨੈ ਵੰਨਗੀਆਂ ਦਾ ਆਨੰਦ ਹੁਣ ਚੜ੍ਹਦੇ ਪੰਜਾਬ ਦੇ ਦਰਸ਼ਕ ਵੀ ਪੜਾਅ ਦਰ ਪੜਾਅ ਰਿਲੀਜ਼ ਹੋ ਰਹੀਆਂ ਉਨ੍ਹਾਂ ਦੀਆਂ ਮਿਆਰੀ ਫ਼ਿਲਮਜ਼ ਦੁਆਰਾ ਰੱਜਵਾ ਮਾਣ ਰਹੇ ਹਨ।

**ਆਗਾ ਮਜ਼ੀਦ:** ਚੜ੍ਹਦੇ ਪੰਜਾਬ ਦੀ ਸਫ਼ਲਤਮ ਪੰਜਾਬੀ ਫ਼ਿਲਮ ਸੀਰੀਜ਼ 'ਚਲ ਮੇਰਾ ਪੁੱਤ' ਦੁਆਰਾ ਹੀ ਇਕ ਹੋਰ ਲਾਹੌਰੀਏ ਅਦਾਕਾਰ ਨੇ ਇਸ ਪੰਜਾਬੀ ਫ਼ਿਲਮ ਸਨਅਤ 'ਚ ਆਪਣੀ ਪ੍ਰਭਾਵੀ ਹੋਂਦ ਦਾ ਸਫ਼ਲ ਅਤੇ ਬਾਖ਼ੂਬੀ ਪ੍ਰਗਟਾਵਾ ਕਰਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ, ਜਿੰਨ੍ਹਾਂ ਦਾ ਨਾਂਅ ਹੈ ਆਗਾ ਮਜ਼ੀਦ , ਜੋ 'ਮੈਂ ਵੀ ਮੱਦਦ ਕਰਾਸਾਂ' ਅਤੇ 'ਖੱਟੇ ਮਿੱਠੇ ਕਰੇਲੇ' ਜਿਹੇ ਕਈ ਬੇਮਿਸਾਲ ਰੰਗਮੰਚ ਅਤੇ ਸਟੇਜ਼ੀ ਸੋਅਜ਼ ਦੁਆਰਾ ਲਹਿੰਦੇ ਪੰਜਾਬ ਦੇ ਟੈਲੀਵਿਜ਼ਨ, ਫ਼ਿਲਮਜ਼ ਅਤੇ ਸਟੇਜ਼ ਸੋਅਜ਼ ਸਨਅਤ ਵਿਚ ਵੱਡਾ ਨਾਮ ਅਤੇ ਮੁਕਾਮ ਹਾਸਿਲ ਕਰ ਚੁੱਕੇ ਹਨ। ਪਾਕਿਸਤਾਨ ਤੋਂ ਬਾਅਦ ਚੜ੍ਹਦੇ ਪੰਜਾਬ ਦੀ ਪੰਜਾਬੀ ਸਿਨੇਮਾਂ ਇੰਡਸਟਰੀ ਨੂੰ ਵੀ ਨਵੀਆਂ ਅਭਿਨੈ ਸੰਭਾਵਨਾਵਾਂ ਨਾਲ ਲੈਸ ਕਰ ਰਹੇ ਇਹ ਹੋਣਹਾਰ ਅਦਾਕਾਰ ਆਉਣ ਵਾਲੇ ਦਿਨ੍ਹੀ ਕਈ ਹੋਰ ਵੱਡੀਆਂ ਪੰਜਾਬੀ ਫ਼ਿਲਮਜ਼ ਵਿਚ ਅਹਿਮ ਭੂਮਿਕਾਵਾਂ ਨਿਭਾਉਂਦੇ ਨਜ਼ਰੀ ਪੈਣਗੇ।

**ਪੰਜਾਬੀ ਸਿਨੇਮਾਂ ਨੂੰ ਤਰੋਤਾਜ਼ਗੀ ਦੇਣ 'ਚ ਵੀ ਨਿਭਾ ਰਹੇ ਹਨ ਅਹਿਮ ਭੂਮਿਕਾ**

ਪਿਛਲੇ ਕਈ ਸਾਲਾਂ ਤੋਂ ਇਕੋਂ ਜਿਹੇ ਕੰਟੈਂਟ ਅਤੇ ਅਦਾਕਾਰੀ ਦੁਹਰਾਅ ਕਾਰਣ ਬੇਰੌਣਕੇ ਅਤੇ ਬੋਰੀਅਤ ਭਰੇ ਆਲਮ ਦਾ ਸ਼ਿਕਾਰ ਹੋ ਰਹੇ ਇੱਥੋਂ ਦੇ ਪੰਜਾਬੀ ਸਿਨੇਮਾਂ ਨੂੰ ਨਵੀਂ ਦਿੱਖ ਅਤੇ ਤਰੋਤਾਜ਼ਗੀ ਦੇਣ 'ਚ ਵੀ ਲਾਹੌਰੀਏ ਅਦਾਕਾਰ ਅਹਿਮ ਭੂਮਿਕਾ ਨਿਭਾ ਰਹੇ ਹਨ, ਜਿੰਨ੍ਹਾਂ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈਆਂ ਜਾਣ ਵਾਲੀਆਂ ਭੂਮਿਕਾਵਾਂ ਨੂੰ ਚੜ੍ਹਦੇ ਪੰਜਾਬ ਦੇ ਦਰਸ਼ਕਾਂ ਵੱਲੋਂ ਖਾਸਾ ਪਸੰਦ ਕੀਤਾ ਜਾ ਰਿਹਾ ਹੈ।ਪੰਜਾਬੀ ਸਿਨੇਮਾਂ 'ਚ ਕੁਝ ਵੱਖਰਾ ਅਤੇ ਵਿਲੱਖਣ ਵੇਖਣ ਦੀ ਤਾਂਘ ਰੱਖਦੇ ਦਰਸ਼ਕਾਂ ਵੱਲੋਂ ਲਹਿੰਦੇ ਪੰਜਾਬ ਦੇ ਅਦਾਕਾਰਾ ਦਾ ਇੱਥੇ ਸਨੇਹ ਭਰਿਆ ਇਸਤਕਬਾਲ ਕੀਤਾ ਜਾ ਰਿਹਾ ਹੈ, ਜਿਸ ਨੂੰ ਵੇਖਦਿਆਂ ਇਸ ਸਿਨੇਮਾਂ ਖਿੱਤੇ ਦੇ ਆਉਣ ਵਾਲੇ ਦਿਨ੍ਹੀ ਕਈ ਹੋਰ ਨਵੀਆਂ ਅਦਾਕਾਰੀ ਸੰਭਾਵਨਾਂ ਨਾਲ ਔਤ ਪੋਤ ਹੋ ਸਕਣ ਦੀ ਆਸ ਕੀਤੀ ਜਾ ਸਕਦੀ ਹੈ।

-ਪਰਮਜੀਤ, ਫ਼ਰੀਦਕੋਟ
9855820713

# ਨਸਲਾਂ ਦਾ ਫ਼ਿਕਰ



(ਮੋਹਨ ਸ਼ਰਮਾ)
ਮੋ-94171-48866

ਨਸ਼ਾ ਛੁਡਾਊ ਕੇਂਦਰ ਦੇ ਮੁਖੀ ਵਜੋਂ ਕੰਮ ਕਰਦਿਆਂ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਯਤਨ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਨਸ਼ਾ ਛੱਡਣ ਲਈ ਆਏ ਜਵਾਨ ਮੁੰਡਿਆਂ ਨਾਲ ਕਾਊਂਸਲਿੰਗ ਕਰਦਿਆਂ ਭਰੇ ਮਨ ਨਾਲ ਸੋਚਦਾ ਹਾਂ,"ਉਹ ਜਵਾਨੀ ਜਿਹੜੀ ਦਰਿਆਵਾਂ ਦੇ ਵਹਿਣ ਮੋੜਨ ਦੀ ਸਮਰੱਥਾ ਰੱਖਦੀ ਹੈ, ਉਹ ਜਵਾਨੀ ਜਿਸ ਨੇ ਮਾਪਿਆਂ ਦਾ ਸਹਾਰਾ ਬਣਨ ਦੇ ਨਾਲ ਨਾਲ ਸਮਾਜ ਅਤੇ ਪ੍ਰਾਂਤ ਦਾ ਮੂੰਹ ਮੱਥਾ ਸਵਾਰਨ ਵਿੱਚ ਅਹਿਮ ਯੋਗਦਾਨ ਪਾਉਣਾ ਹੈ, ਉਸ ਜਵਾਨੀ ਦਾ ਵੱਡਾ ਹਿੱਸਾ ਆਪਣੇ ਆਪ ਨੂੰ ਵੀ ਸੰਭਾਲਨ ਦੀ ਸਮਰੱਥਾ ਵਿੱਚ ਨਹੀਂ ਹੈ। ਚਿੱਟੇ ਨਾਲ ਭਰੀਆਂ ਸਰਿੰਜਾਂ ਨਾਲ ਵਿੰਨ੍ਹੀਆਂ ਬਾਹਾਂ, ਅੰਦਰ ਨੂੰ ਧੱਸੀਆਂ ਅੱਖਾਂ ਅਤੇ ਹੱਡੀਆਂ ਦਾ ਮੁੱਠ ਬਣ ਕੇ ਸਿਵਿਆ ਦੇ ਰਾਂਹ ਪਈ ਜਵਾਨੀ ਪੰਜਾਬ ਦੇ 'ਵਿਕਾਸ' ਦੀ ਸਹੀ ਤਸਵੀਰ ਪੇਸ਼ ਕਰਦੀ ਹੈ।" ਨਸ਼ਾ ਛੱਡਣ ਲਈ ਆਏ ਨੌਜਵਾਨ ਪਛਤਾਵੇ ਭਰੇ ਲਹਿਜੇ ਵਿੱਚ ਪ੍ਰਗਟਾਵਾ ਕਰਦੇ ਹਨ ਕਿ ਨਸ਼ੇ ਦੀ ਪ੍ਰਾਪਤੀ ਲਈ ਉਹ ਹਰ ਹੀਲਾ ਵਰਤਦੇ ਹਨ।ਨਸ਼ੇ ਦੀ ਪੂਰਤੀ ਲਈ ਪੈਸਿਆਂ ਦਾ ਜੁਗਾੜ ਫਿੱਟ ਕਰਨ ਲਈ ਮਾਪਿਆਂ ਦੇ ਗਲ ਗੂਠਾ ਦੇਕੇ ਜ਼ਬਰੀ ਉਗਰਾਹੀ, ਕਿਸੇ ਨਾ ਕਿਸੇ ਬਹਾਨੇ ਨਾਲ ਰਿਸ਼ਤੇਦਾਰਾਂ ਅਤੇ ਮਿਲਣ-ਗਿਲਣ ਵਾਲਿਆਂ ਨਾਲ 'ਉਧਾਰ' ਪੈਸੇ ਲੈਣੇ, ਚੋਰੀ ਜਾਂ ਲੁੱਟ-ਖੋਹ ਕਰਕੇ ਚੋਰੀ ਦਾ ਮਾਲ, 'ਡਾਂਗਾ ਦੇ ਗੱਜ' ਦੇ ਹਿਸਾਬ ਨਾਲ ਚੀਜ਼ਾਂ ਵੇਚ ਕੇ ਉਨ੍ਹਾਂ ਪੈਸਿਆਂ ਨਾਲ ਚਿੱਟਾ ਖਰੀਦਣਾ ਹਰ ਰੋਜ਼ ਦਾ ਕੰਮ ਹੁੰਦਾ ਸੀ। ਕਈ ਵਾਰ ਤਾਂ ਮਕਾਨ ਜਾਂ ਜ਼ਮੀਨ ਤੇ ਕਬਜ਼ਾ ਲੈਣ ਲਈ ਨਸ਼ੇ ਦਾ ਲਾਲਚ ਦੇ ਕੇ ਵੀ ਲੋਕ ਸਾਨੂੰ ਵਰਤਦੇ ਰਹੇ ਨੇ। ਇੱਕ ਨਸ਼ਾ ਛੱਡ ਰਹੇ ਨੌਜਵਾਨ ਨੇ ਪਛਤਾਵੇ ਭਰੇ ਲਹਿਜੇ ਵਿੱਚ ਕਿਹਾ, " ਕਾਹਦੀ ਜੂਨ ਹੈ ਜੀ ਸਾਡੀ ? ਸਾਡੇ ਕੋਲੋਂ ਤਾਂ ਪੰਜ ਲੱਖ ਦਾ ਕੰਮ ਨਸ਼ਿਆਂ ਲਈ ਪੰਜ ਹਜ਼ਾਰ ਦੇ ਕੇ ਵੀ ਕਰਵਾਇਆ ਜਾ ਸਕਦਾ ਹੈ।" ਕਾਊਂਸਲਿੰਗ ਸਮੇਂ ਇਹ ਤੱਥ ਵੀ ਸਾਹਮਣੇ ਆਇਆ ਕਿ ਚਿੱਟੇ ਦੀ ਵਰਤੋਂ ਕਰਨ ਵਾਲੀ ਜਵਾਨੀ ਦਾ ਵੱਡਾ ਹਿੱਸਾ ਨਿਪੁੰਸ਼ਕਤਾ ਦਾ ਸ਼ਿਕਾਰ ਵੀ ਹੋ ਰਿਹਾ ਹੈ।

ਮੇਰੀ ਕਰਮ ਭੂਮੀ ਵਾਲਾ ਨਸ਼ਾ ਛੁਡਾਊ ਕੇਂਦਰ ਭਾਵੇਂ ਮਰਦ ਨਸ਼ੱਈਆਂ ਲਈ ਹੀ ਹੈ, ਪਰ ਗਾਹੇ-ਬਗਾਹੇ ਨੌਜਵਾਨ ਲੜਕੀਆਂ ਵੀ ਨਸ਼ਾ ਛੱਡਣ ਦੀ ਦਵਾਈ ਲੈਣ ਲਈ ਆ ਜਾਂਦੀਆਂ ਹਨ।ਕੁੜੀਆਂ ਦਾ ਨਸ਼ਿਆਂ ਦੀ ਦਲਦਲ ਵਿੱਚ ਧੱਸਣ ਦੇ ਵੱਖ ਵੱਖ ਕਾਰਨਾਂ ਦੇ ਸਾਹਮਣੇ ਆਉਣ ਨਾਲ ਮੱਥੇ ਤੇ ਚਿੰਤਾ ਦੀਆਂ ਰੇਖਾਵਾਂ ਉੱਭਰ ਆਉਂਦੀਆਂ ਨੇ।ਇੱਕ ਦਿਨ ਰਾਤ ਦੇ ਅੱਠ ਕੁ ਵਜੇ ਮੈਂ ਘਰ ਜਾਣ ਦੀ ਤਿਆਰੀ ਵਿੱਚ ਸੀ, ਜਦੋਂ ਅਰਦਲੀ ਨੇ ਦੱਸਿਆ ਕਿ ਬਾਹਰ ਇੱਕ ਕੁੜੀ ਖੜ੍ਹੀ ਹੈ। ਤੁਹਾਨੂੰ ਮਿਲਣਾ ਚਾਹੁੰਦੀ ਹੈ।ਮੇਰੇ ਬੁਲਾਉਣ ਦੇ ਇਸ਼ਾਰੇ ਉਪਰੰਤ ਕੁੜੀ ਨੂੰ ਅੰਦਰ ਭੇਜ ਦਿੱਤਾ ਗਿਆ। 24-25 ਵਰ੍ਹਿਆਂ ਦੀ ਕੁੜੀ ਦੀਆਂ ਅੱਖਾ ਦੇ ਆਲੇ-ਦੁਆਲੇ ਛਾਈ ਕਾਲਖ, ਮੁਰਝਾਇਆ ਚਿਹਰਾ, ਬੁੱਲਾਂ ਤੇ ਆਈ ਸਿਕਰੀ, ਮਾਰਚੂ ਜਿਹਾ ਸ਼ਰੀਰ ਵੇਖ ਕੇ ਪਹਿਲੀ ਨਜ਼ਰ ਹੀ ਭਾਂਪ ਲਿਆ ਕਿ ਕੁੜੀ ਨਸ਼ਿਆਂ ਦੇ ਅੱਤਵਾਦ ਦਾ ਸ਼ਿਕਾਰ ਹੋ ਚੁੱਕੀ ਹੈ। ਅੰਦਰ ਆਉਂਦਿਆਂ ਹੀ ਉਸ ਨੇ ਕਿਹਾ, " ਨਸ਼ਾ ਛੱਡਣ ਲਈ ਦਵਾਈ ਲੈਣ ਆਈ ਹਾਂ ਜੀ।" ਮੈਂ ਉਹਨੂੰ ਸਾਹਮਣੇ ਕੁਰਸੀ ਤੇ ਬਿਠਾਉਣ ਉਪਰੰਤ ਨਿਮਰਤਾ ਭਰੇ ਲਹਿਜ਼ੇ ਵਿੱਚ ਕਿਹਾ, " ਇਹ ਵੇਲਾ ਦਵਾਈ ਦੇਣ ਦਾ ਨਹੀਂ ਹੈ। ਦਿਨ ਸਮੇਂ ਕਾਊਂਸਲਿੰਗ ਕਰਨ ਤੇ ਹੀ ਅੱਧਾ ਪੌਣਾ ਘੰਟਾ ਲੱਗ ਜਾਂਦਾ ਹੈ। ਉਸ ਉਪਰੰਤ ਦਵਾਈ ਦਿੱਤੀ ਜਾਂਦੀ ਹੈ। ਤੁਸੀਂ ਕੱਲ ਦਿਨ ਸਮੇਂ ਆ ਜਾਣਾ, ਤੁਹਾਡੀ ਪਹਿਚਾਣ ਗੁਪਤ ਰੱਖੀ ਜਾਵੇਗੀ। " ਉਸ ਨੇ ਖਿੱਝ ਕੇ ਜਵਾਬ ਦਿੱਤਾ, " ਦਿਨ ਵੇਲੇ ਲੋਕਾਂ ਦੀ ਸ਼ਰਮ ਦੇ ਮਾਰੇ ਆ ਨਹੀਂ ਹੁੰਦਾ। ਰਾਤ ਨੂੰ ਤੁਸੀਂ ਜਵਾਬ ਦੇ ਰਹੇ ਹੋਂ। ਫਿਰ ਸਾਡੇ ਵਰਗੀਆਂ ਕਿੱਧਰ ਨੂੰ ਜਾਣ ?" ਗੱਲਾਂ-ਗੱਲਾਂ ਵਿੱਚ ਪਤਾ ਲੱਗਿਆ ਕਿ ਉਹ ਪਟਿਆਲੇ ਵਿਆਹੀ ਹੋਈ ਸੀ, ਉਹਦਾ ਪਤੀ ਚਿੱਟੇ ਦੀ ਵਰਤੋਂ ਕਰਦਾ ਸੀ।ਪਤਨੀ ਦੀ ਟੋਕਾ ਟਾਕੀ ਤੋਂ ਬਚਣ ਦੇ ਲਈ ਓਹਨੇ ਇਹਨੂੰ ਵੀ ਚਿੱਟੇ ਦੀ ਚਾਟ ਤੇ ਲਾ ਦਿੱਤਾ। ਛੇ ਮਹੀਨੇ ਪਹਿਲਾਂ ਉਸ ਦਾ ਪਤੀ ਚਿੱਟੇ ਦੀ ਓਵਰਡੋਜ਼ ਨਾਲ ਮਰ ਗਿਆ। ਜਵਾਨੀ ਪਹਿਰੇ ਰੰਢੇਪਾ, ਲੋਕਾਂ ਦੀ ਵਹਿਸ਼ੀ ਨਜ਼ਰ ਅਤੇ ਨਸ਼ਿਆਂ ਦੀ ਪੂਰਤੀ ਲਈ ਦਰ ਦਰ ਦੇ ਧੱਕੇ ਉਹਦਾ ਨਸੀਬ ਬਣ ਗਏ। ਉਸ ਨੇ ਇਹ ਵੀ ਦੱਸਿਆ ਕਿ ਉਹਦਾ ਪੇਕਾ ਘਰ ਅੱਧਾ ਕੁ ਕਿਲੋਮੀਟਰ ਦੀ ਵਿੱਥ ਤੇ ਹੈ। ਉਹਦੇ ਲਈ ਦੋ ਕੁ ਦਿਨ ਦੀ ਦਵਾਈ ਦਾ ਪ੍ਰਬੰਧ ਕਰਕੇ ਉਸਨੂੰ ਦਿਨ ਸਮੇਂ ਮੂੰਹ-ਸਿਰ ਲਪੇਟ ਕੇ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਯਕੀਨ ਦਿਵਾਇਆ ਕਿ ਉਹਦੇ ਬਾਰੇ ਕਿਸੇ ਨੂੰ ਦੱਸਿਆ ਨਹੀਂ ਜਾਵੇਗਾ। ਜਦੋਂ ਦਫ਼ਤਰੋਂ ਬਾਹਰ ਨਿਕਲਿਆ ਤਾਂ ਰਾਤ ਦੇ ਅੰਦਾਜਨ 9 ਵੱਜ ਚੁੱਕੇ ਸਨ। ਹੁਣ ਮੈਨੂੰ ਘਰ ਜਾਣ ਦੀ ਐਨੀ ਕਾਹਲ ਨਹੀਂ ਸੀ, ਜਿੰਨੀ ਉਹਨੂੰ ਉਹਦੇ ਪੇਕੇ ਘਰ ਸੁਰੱਖਿਅਤ ਪਹੁੰਚਾਉਣ ਦੀ ਚਿੰਤਾ ਸੀ। ਜਦੋਂ ਉਸ ਨੂੰ ਇਹ ਕਿਹਾ ਕਿ ਆਪਣੇ ਪੇਕੇ ਘਰ ਫੋਨ ਕਰਦੇ, ਉਹ ਤੈਨੂੰ ਲੈ ਜਾਣਗੇ। ਤਾਂ ਉਹਦਾ ਜਵਾਬ ਸੀ, " ਨਹੀਂ ਜੀ, ਮੈਂ ਆਪਣੇ ਭਰਾਵਾਂ ਨੂੰ ਹਾਲਾਂ ਆਪਣੇ ਨਸ਼ਾ ਕਰਨ ਬਾਰੇ ਨਹੀਂ ਦੱਸਿਆ। ਉਹ ਦੁਖੀ ਹੋਣਗੇ। ਇਸ ਕਰਕੇ................। ਮੈਂ ਆਪੇ ਚਲੀ ਜਾਵਾਂਗੀ।" ਪਰ ਜਵਾਨ ਕੁੜੀ ਦਾ ਇੰਜ ਰਾਤ ਨੂੰ ਇੱਕਲੀ ਭੇਜਣ ਤੋਂ ਸੰਕੋਚ ਕਰਦਿਆਂ ਮੈਂ ਆਪਣੇ ਦੋ ਕਰਮਚਾਰੀ ਉਸ ਨੂੰ ਘਰ ਛੱਡਣ ਲਈ ਭੇਜ ਦਿੱਤੇ। ਉਹਦੇ ਘਰ ਜਾਣ ਬਾਅਦ ਮੈਂ ਗੰਭੀਰ ਹੋ ਕੇ ਸੋਚ ਰਿਹਾ ਸੀ, " ਕੁੜੀਆਂ ਦੇ ਹੱਥਾਂ ਵਿੱਚ ਚਿੱਟੇ ਦੀਆਂ ਪੁੜੀਆਂ ਅਤੇ ਬਹੁਤ ਸਾਰੇ ਜਵਾਨ ਮੁੰਡਿਆਂ ਦਾ ਨਸ਼ਿਆਂ ਦੀ ਦਲਦਲ ਵਿੱਚ ਧੱਸ ਕੇ ਨਿਪੁੰਸ਼ਕਤਾ ਦਾ ਸ਼ਿਕਾਰ ਹੋਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਹੁਣ ਫਸਲਾਂ ਤੇ ਹੀ ਨਹੀਂ, ਨਸਲਾਂ ਤੇ ਵੀ ਖਤਰੇ ਦੇ ਬੱਦਲ ਮੰਡਰਾ ਰਹੇ ਹਨ। "

# ਗੀਤਕਾਰ ਤੋਂ ਗਾਇਕੀ ਤੱਕ ਦਾ ਸਫਰ-ਚੰਨੀ ਘੁੱਦੂਵਾਲੀਆ

ਗੀਤਕਾਰੀ ਦੇ ਖੇਤਰ ਚ ਚੰਨੀ ਘੁੱਦੂਵਾਲੀਆ ਜਾਣਿਆਂ ਪਹਿਚਾਣਿਆਂ ਨਾਂ ਹੈ। ਚੰਨੀ ਘੁੱਦੂਵਾਲੀਆ ਦੇ ਲਿਖੇ ਗੀਤਾਂ ਨੂੰ ਪ੍ਰਸਿੱਧ ਕਲਾਕਾਰਾਂ, ਕਰਤਾਰ ਰਮਲਾ , ਹਾਕਮ ਬਖਤੜੀ ਵਾਲਾ ਤੇ ਬੀਬਾ ਦਲਜੀਤ ਕੌਰ, ਬਲਕਾਰ ਅਣਖੀਲਾ ਤੇ ਬੀਬਾ ਮਨਜਿੰਦਰ ਗੁਲਸ਼ਨ, ਮਰਹੂਮ ਗਾਇਕ ਸੰਦੀਪ ਅਖਤਰ, ਯੁੱਧਵੀਰ, ਬਬਲੀ ਬਰਾੜ ਤੇ ਕੁਲਦੀਪ ਭੱਟੀ ਆਦਿ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਅਤੇ ਇਨ੍ਹਾਂ ਕਲਾਕਾਰਾਂ ਦੁਆਰਾ ਗਾਏ ਸਾਰੇ ਹੀ ਗੀਤ ਹਿੱਟ ਹੋਏ। ਗਰੀਬ ਪਰਿਵਾਰ ਵਿਚ ਜਨਮੇਂ ਚੰਨੀ ਘੁੱਦੂਵਾਲੀਆ ਦਾ ਮੁੱਢਲਾ ਜੀਵਨ ਸੰਘਰਸ਼ਮਈ ਰਿਹਾ। ਛੋਟੀ ਉਮਰ ਚ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਚਲੇ ਜਾਣਾ।ਭੈਣ ਦੇ ਘਰ ਰਹਿਕੇ ਪਲਣਾ ਤੇ ਪੜ੍ਹਨਾ, ਰਿਕਸ਼ਾ ਚਲਾਕੇ ਮਜ਼ਦੂਰੀ ਕਰਕੇ ਸਕੂਲ ਦੀਆਂ ਫੀਸਾਂ ਭਰਨੀਆਂ। ਜ਼ਿੰਦਗੀ ਦੇ ਇਨ੍ਹਾਂ ਥਪੇੜਿਆਂ ਨੇ ਉਸਦੇ ਜੀਵਨ ਵਿਚ ਕਈ ਉਤਰਾਅ ਚੜ੍ਹਾਅ ਲਿਆਂਦੇ। ਚੰਨੀ ਦੱਸਦਾ ਹੈ ਕਿ ਗੀਤ ਲਿਖਣ ਦਾ ਸ਼ੌਕ ਉਸਨੂੰ ਛੋਟੀ ਉਮਰ ਵਿਚ ਹੀ ਪੈ ਗਿਆ ਸੀ। ਉਸਨੇ ਚੰਗਾ ਲੇਖਕ ਬਣਨ ਲਈ ਬਹੁਤ ਸਾਰਾ ਚੰਗੇ ਲੇਖਕਾਂ ਦਾ ਰਚਿਆ ਸਾਹਿਤ ਪੜ੍ਹਿਆ , ਜਿਸ ਨਾਲ ਉਸਦੀ ਗੀਤਕਾਰੀ ਵਿਚ ਨਿਖਾਰ ਆਇਆ ਅਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਉਦੋਂ ਬਣੀ ਜਦੋਂ ਉਸਦੀ ਨੇੜਤਾ ਪ੍ਰਸਿੱਧ ਗੀਤਕਾਰ ਬਚਨ ਬੇਦਿਲ ਨਾਲ ਹੋਈ। ਜਿਸਦੇ ਸਾਥ ਨੇ ਉਸਦੀ ਗੀਤਕਾਰੀ ਨੂੰ ਹੋਰ ਤਰਾਸ਼ਿਆ। ਉਸਦੇ ਗਲੇ ਵਿਚ ਕੁਦਰਤੀ ਮਿਠਾਸ ਨੂੰ ਭਾਂਪਦਿਆਂ ਉਸਦੇ ਦੋਸਤਾਂ ਮਿੱਤਰਾਂ ਨੇ ਉਸਨੂੰ ਗਾਇਕੀ ਵੱਲ ਪ੍ਰੇਰਿਆ। ਜਿਸਤੇ ਉਸਨੇ ਬਹੁਤ ਜਿਆਦਾ ਰਿਆਜ ਕੀਤਾ ਤੇ ਗੀਤਕਾਰੀ ਦੇ ਨਾਲ ਨਾਲ ਗਾਇਕੀ ਨੂੰ ਵੀ ਅਪਣਾ ਲਿਆ ਜਿਸਨੂੰ ਸਰੋਤਿਆਂ ਵਲੋਂ ਚੰਗਾ ਹੁੰਗਾਰਾ ਮਿਲਿਆ। ਕੁੱਝ ਹੀ ਸਮਾਂ ਪਹਿਲਾਂ ਚੰਨੀ ਘੁੱਦੂਵਾਲੀਆ ਅਤੇ ਬੀਬਾ ਪਾਲੀ ਸਿੱਧੂ ਦੀ ਆਵਾਜ਼ ਵਿਚ ਰਿਲੀਜ਼ ਹੋਏ ਟਰੈਕ , 'ਰਾਤ ਚਾਨਣੀ' ਨੂੰ ਸਰੋਤਿਆਂ ਵਲੋਂ ਖੂਬ ਪ੍ਰਸੰਸਾ ਮਿਲੀ ਹੈ। ਰਾਤ ਚਾਨਣੀ ਗੀਤ ਪੰਜਾਬ ਦੀ ਸਿਰਮੌਰ ਕਲਮ ਬਿੱਕਰ ਐਸ਼ੀ ਕੰਮੇਆਣਾ ( ਯੂ ਐਸ ਏ ) ਦਾ ਲਿਖਿਆ ਹੋਇਆ ਹੈ। ਜਿਸਦਾ ਸੰਗੀਤ ਸਵੈਗ ਮੇਕਰ ਅਤੇ ਰਾਜ ਕਮਲ ਨੇ ਦਿੱਤਾ ਹੈ। ਚੰਨੀ ਘੁੱਦੂਵਾਲੀਆ ਜਿਲ੍ਹਾ ਫਰੀਦਕੋਟ ਦੇ ਪਿੰਡ ਘੁੱਦੂਵਾਲਾ ਦਾ ਵਸਨੀਕ ਹੈ ਅਤੇ ਪੰਜਾਬ ਪੁਲਿਸ ਦੀ ਨੌਕਰੀ ਕਰ ਰਿਹਾ ਹੈ।




ਗੁਰਭੇਜ ਸਿੰਘ ਚੌਹਾਨ
98143 06545

# ਸੀ ਟ੍ਰੇਨ ਉੱਪਰ ਇੱਕ ਵਿਅਕਤੀ ਨੂੰ ਅੱਗ ਲਗਾਉਣ ਵਾਲਿਆਂ ਵਿੱਚੋਂ ਇੱਕ ਫੜਿਆ ਗਿਆ ਤਿੰਨ ਹੋਰਾਂ ਦੀ ਭਾਲ ਜਾਰੀ ਹੈ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਦਿਨੀ ਕੈਲਗਰੀ ਦੇ ਮਾਰਲਬਰੋ ਸੀਟ੍ਰੇਨ ਸਟੇਸ਼ਨ 'ਤੇ ਝਗੜੇ ਦੌਰਾਨ ਫਲੇਅਰ ਬੰਦੂਕ ਤੋਂ ਗੋਲੀ ਚੱਲਣ ਤੋਂ ਬਾਅਦ ਇੱਕ ਸ਼ੱਕੀ ਵਿਅਕਤੀ ਨੂੰ ਅੱਗ ਲੱਗ ਗਈ ਸੀ।ਕੈਲਗਰੀ ਪੁਲਿਸ ਨੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਹੈ ਅਤੇ ਤਿੰਨ ਹੋਰਾਂ ਦੀ ਭਾਲ ਕਰ ਰਹੀ ਹੈ ਜਿਹਨਾਂ ਸਬੰਧੀ ਪਿਛਲੇ ਹਫਤੇ ਨਾਰਥ ਈਸਟ ਕੈਲਗਰੀ ਸੀ ਟਰੇਨ ਸਟੇਸ਼ਨ ਉੱਪਰ ਹੋਏ ਝਗੜੇ ਦੌਰਾਨ ਸਾਮਿਲ ਹੋਣ ਦਾ ਸੱਕ ਹੈਜਾਂਚਕਰਤਾਵਾਂ ਦਾ ਦੱਸਣਾ ਹੈ ਕਿ ਸ਼ੱਕੀ ਵਿਅਕਤੀਆਂ ਨੇ ਪਾਈਪ ਅਤੇ ਚਾਕੂ ਨਾਲ ਕਿਸੇ ਇੱਕ ਉੱਪਰ ਨਿਸ਼ਾਨਾ ਸਾਧਿਆ ਤਾਂ ਉੱਥੇ ਹਾਜਿਰ ਲੋਕਾਂ ਨੇ ਡਰ ਦੇ ਮਾਰੇ ਇਲਾਕਾ ਛੱਡਕੇ ਭੱਜਣ ਦੀ ਕੋਸ਼ਿਸ਼ ਕੀਤੀ । ਪੁਲਿਸ ਵੱਲੋਂ ਜਾਰੀ ਸੁਰੱਖਿਆ ਕੈਮਰੇ ਦੀ ਫੁਟੇਜ ਵਿੱਚ ਇੱਕ ਵਿਅਕਤੀ ਦੂਜੇ ਨੂੰ ਪਾਈਪ ਨਾਲ ਵਾਰ-ਵਾਰ ਮਾਰਦਾ ਦੇਖਿਆ ਜਾ ਸਕਦਾ ਹੈ। ਥੋੜ੍ਹੀ ਦੇਰ ਬਾਅਦ, ਇੱਕ ਆਦਮੀ ਇੱਕ ਫਲੇਅਰ ਬੰਦੂਕ ਨਾਲ ਸਟੇਸ਼ਨ ਦੇ ਉੱਪਰਲੇ ਲੈਵਲ 'ਤੇ ਵਾਪਸ ਆਇਆ ਅਤੇ ਉਸਨੇ ਦੋ ਫਾਇਰ ਕੀਤੇ, ਤਾਂ ਦੂਜੇ ਸ਼ੱਕੀਆਂ ਦੀਆਂ ਜੈਕਟਾਂ ਵਿੱਚੋਂ ਇੱਕ ਨੂੰ ਅੱਗ ਲੱਗ ਗਈ। ਕੈਲਗਰੀ ਟ੍ਰਾਂਜ਼ਿਟ ਸਟਾਫ਼ ਦੀ ਮੱਦਦ ਨਾਲ, ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਤੋਂ ਬੰਦੂਕ ਵੀ ਜ਼ਬਤ ਕਰ ਲਈ ਹੈ।ਸ਼ੱਕੀ ਦੀ ਪਛਾਣ ਕੈਲਗਰੀ ਦੇ 37 ਸਾਲਾ ਇਵਾਨ ਰੌਬਰਟ ਮੋਸਿੰਗ ਵਜੋਂ ਕੀਤੀ ਗਈ ਹੈ। ਮੌਸਿੰਗ ਨੂੰ ਸੱਤ ਹਥਿਆਰਾਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈਣਾ ਹੈ, ਜਿਸ ਵਿੱਚ ਖਤਰਨਾਕ ਉਦੇਸ਼ ਲਈ ਹਥਿਆਰ ਰੱਖਣਾ ਅਤੇ ਹਥਿਆਰ ਦੀ ਲਾਪਰਵਾਹੀ ਨਾਲ ਵਰਤੋਂ ਕਰਨਾ ਸ਼ਾਮਲ ਹੈ। ਉਸ ਨੂੰ ਜ਼ਮਾਨਤ ਦੀ ਸੁਣਵਾਈ ਤੋਂ ਬਾਅਦ ਹਿਰਾਸਤ ਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਅਗਲੀ ਵਾਰ 13 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।ਪੁਲਿਸ ਨੇ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੋਰ ਤਿੰਨ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਜਨਤਾ ਦੀ ਮੱਦਦ ਲਈ ਵੀ ਇੱਕ ਬੇਨਤੀ ਜਾਰੀ ਕੀਤੀ, ਸ਼ੱਕੀ ਵਿਅਕਤੀਆਂ, ਜਿਨ੍ਹਾਂ ਦਾ ਹੁਲੀਆ ਸਟੇਸ਼ਨ 'ਤੇ ਬੰਦ-ਸਰਕਟ ਕੈਮਰਿਆਂ ਵਿੱਚ ਕੈਦ ਹੋ ਗਿਆ ਸੀ। ਉਹਨਾਂ ਸਬੰਧੀ ਵੇਰਵੇ ਇਸ ਤਰਾਂ ਹਨ ।20 ਸਾਲ ਦੀ ਉਮਰ ਦਾ ਇੱਕ ਪਤਲਾ, ਕਾਲੇ ਵਾਲ, ਭੂਰੀਆਂ ਅੱਖਾਂ ਅਤੇ ਵਿੰਨੇ ਹੋਏ ਖੱਬੇ ਕੰਨ ਵਾਲਾ ਇੱਕ ਪੰਜ ਫੁੱਟ ਅੱਠ ਆਦਮੀ, ਹਲਕੇ-ਹਰੇ ਸਰਦੀਆਂ ਦੀ ਜੈਕੇਟ, ਇੱਕ ਕਾਲਾ ਟੋਰਾਂਟੋ ਰੈਪਟਰਸ ਸਵੈਟਰ, ਨੀਲੀ ਜੀਨਸ, ਕਾਲੇ ਅਤੇ ਭੂਰੇ ਸਰਦੀਆਂ ਦੇ ਬੂਟ, ਕਾਲੀ ਬੇਸਬਾਲ ਟੋਪੀ ਅਤੇ ਸਨਗਲਾਸ ਲਗਾਏ ਹੋਏ ਹਨ। 20 ਸਾਲਾਂ ਦਾ ਇੱਕ ਛੇ ਫੁੱਟ ਦਾ ਆਦਮੀ, ਇੱਕ ਪਤਲੇ ਬਿਲਡ ਅਤੇ ਭੂਰੇ ਜਾਂ ਕਾਲੇ ਵਾਲਾਂ ਵਾਲਾ, ਹੁੱਡ ਦੇ ਦੁਆਲੇ ਫਰ ਦੇ ਨਾਲ ਇੱਕ ਹਰੇ ਰੰਗ ਦੀ ਕੈਮੋ ਜੈਕੇਟ, ਇੱਕ ਚਿੱਟੀ ਹੂਡੀ, ਇੱਕ ਹਰੇ ਪ੍ਰਤੀਬਿੰਬਤ ਵੈਸਟ, ਗੂੜ੍ਹੀ ਪੈਂਟ ਅਤੇ ਕਾਲੇ ਜੁੱਤੇ ਪਹਿਨੇ ਹੋਏ ਹਨ। ਇੱਕ ਪਤਲੀ ਬਣਤਰ, ਕਾਲੇ ਵਾਲ ਅਤੇ ਭੂਰੀਆਂ ਅੱਖਾਂ ਵਾਲਾ ਇੱਕ ਪੰਜ ਫੁੱਟ ਅੱਠ ਆਦਮੀ, ਇੱਕ ਮੈਰੂਨ ਜੈਕੇਟ, ਲਾਲ ਵੈਨ ਦੇ ਲੋਗੋ ਵਾਲੀ ਇੱਕ ਹੂਡੀ, ਇੱਕ ਬੇਸਬਾਲ ਟੋਪੀ, ਸਨਗਲਾਸ, ਨੀਲੀ ਜੀਨਸ ਅਤੇ ਇੱਕ ਵਾਲਿਟ ਚੇਨ ਪਹਿਨੀ ਹੋਈ ਹੈ।









# ਕੱਸੀ ਤੇ ਵਜਾਵੇ ਵੰਝਲੀ, ਮੁੰਡਾ ਔਸਰਾਂ ਝੋਟੀਆਂ ਚਾਰੇ

ਪੰਜਾਬ ਦੇ ਅਮੀਰ ਵਿਰਸੇ ਚੋਂ ਕੁੱਝ ਗੀਤ ਛੋਹ ਰਿਹਾ ਹਾਂ ਜਿਹਨਾਂ ਦੀ ਸ਼ਬਦਾਵਲੀ ਚੋਂ ਪੰਜਾਬ ਨਜ਼ਰੀਂ ਪੈਂਦਾ ਸੀ। ਬਦਲਾਓ ਕੁਦਰਤ ਦਾ ਨਿਯਮ ਐ ਪਰ ਅਸੀਂ ਇਸ ਬਦਲਾਅ ਵਿੱਚ ਬਹੁਤ ਕੁੱਝ ਗੁਆ ਰਹੇ ਹਾਂ। ਹੋਰ ਤਾਂ ਹੋਰ ਅਸੀਂ ਆਪਣੀ ਬੋਲੀ ਚੋਂ ਵਿਰਾਸਤੀ ਲਫ਼ਜ਼ ਵੀ ਮਨਫੀ ਕਰਦੇ ਜਾ ਰਹੇ ਹਾਂ।

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦਾ ਲਿਖਿਆ ਤੇ ਆਪਣੇ ਸਮੇਂ ਦੇ ਬਹੁਤ ਮਕਬੂਲ ਗਾਇਕ ਕਰਮਜੀਤ ਸਿੰਘ ਧੂਰੀ ਦੇ ਗਾਏ ਇੱਕ ਗੀਤ ਦੀਆਂ ਗੁੱਝੀਆਂ ਰਮਜ਼ਾਂ ਟੋਲਣ ਦੀ ਕੋਸ਼ਿਸ਼ ਕਰਦੇ ਹਾਂ ਜਿਸਦੇ ਬੋਲ ਹਨ :

**ਕੱਸੀ ਤੇ ਵਜਾਵੇ ਵੰਝਲੀ, ਮੁੰਡਾ ਔਸਰਾਂ ਝੋਟੀਆਂ ਚਾਰੇ**
**ਮਿੱਤਰਾਂ ਦੀ ਪੱਗ ਰੰਗ ਦੇ, ਲੀੜੇ ਧੋਂਦੀਏ ਪਤਲੀਏ ਨਾਰੇ**

**"ਕੱਸੀ"** – ਵੱਡਾ ਖਾਲ ਜਾਂ ਸੂਆ

***"ਵੰਝਲੀ"***– ਬਾਂਸ ਦੀ ਪੋਰੀ, ਜਿਸ ਦੇ ਉੱਪਰ ਸੁਰਾਖ ਕੀਤੇ ਹੋਏ ਹੁੰਦੇ ਹਨ, ਸਿਰੇ ਤੇ ਜੀਭੀ ਲੱਗੀ ਹੁੰਦੀ ਐ, ਜੀਭੀ ਵਾਲੇ ਪਾਸਿਉਂ ਮੂੰਹ ਨਾਲ ਫੂਕ ਮਾਰੀ ਜਾਂਦੀ ਐ, ਉਂਗਲਾ ਦੇ ਪੋਟਿਆਂ ਨਾਲ਼ ਉੱਪਰਲੇ ਸੁਰਾਖਾਂ ਰਾਹੀਂ ਸੁਰਾਂ ਨਿਕਲਦੀਆਂ ਹਨ, ਬਾਂਸਰੀ ਤੇ ਅਲਗੋਜ਼ੇ ਵੀ ਵੰਝਲੀ ਦੀ ਹੀ ਕਿਸਮ ਹਨ

**"ਔਸਰ ਝੋਟੀ"**– ਜੁਆਨ ਹੋਈ ਅਣਸੂਈ ਮੱਝ

**"ਲੀੜੇ"**– ਕੱਪੜੇ

ਉਸ ਸਮੇਂ ਦੀ ਗੱਲ ਐ ਜਦੋਂ ਔਰਤਾਂ ਸੂਏ ਦੀ ਪਟੜੀ ਤੇ ਬਹਿ ਕੇ ਕੱਪੜੇ ਧੋਕੇ ਲੈਕੇ ਜਾਂਦੀਆਂ ਸਨ। ਇੱਕ ਗੱਭਰੂ ਕਿਸੇ ਲੜਕੀ ਦੇ ਹੁਸਨ ਤੇ ਮੋਹਿਤ ਹੋਇਆ ਅਸਿੱਧੇ ਰੂਪ ਵਿੱਚ ਪਿਆਰ ਦਾ ਪ੍ਰਗਟਾਵਾ ਕਰ ਰਿਹਾ ਹੈ। ਉਸਨੂੰ ਇਹ ਆਖ ਕਿ ਮੇਰੀ ਪੱਗ ਰੰਗ ਦੇ ——

ਝਾਕਾ ਲੈਣਾਂ ਪਟੜੀ ਦਾ,
ਨਾਲੇ ਕਰਨੀ ਮੱਕੀ ਦੀ ਰਾਖੀ
ਲੰਘਦੇ ਰਾਹੀਆਂ ਨੂੰ, ਗੱਲ ਚੁੱਭਵੀਂ ਕਦੇ ਨਾ ਆਖੀ
ਮੇਲਿਆਂ ਚ ਹੂਲ ਜੱਟ ਦੀ, ਨਾਲ ਉਂਗਲਾਂ ਦੇ ਹੋਣ ਇਸ਼ਾਰੇ
ਕੱਸੀ ਤੇ ਵਜਾਵੇ ਵੰਝਲੀ—
———

**"ਝਾਕਾ"**– ਸੰਗ ਸ਼ਰਮ, ਮਰਿਆਦਾ ਵਿੱਚ ਰਹਿ ਕੇ ਚੋਰੀ –ਚੋਰੀ ਤੱਕਣਾ

**"ਪਟੜੀ"** ਸੂਏ ਦੇ ਕਿਨਾਰੇ ਤੇ ਬਣਿਆ ਰਾਹ

**"ਚੁੱਭਵੀਂ ਗੱਲ"** ਮੇਹਣਾ ਟਕੋਰ, ਤਾਹਣਾ ਜਾਂ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ

**"ਹੂਲ"**– ਮਸ਼ਹੂਰੀ, ਪ੍ਰਸਿੱਧੀ

ਭਾਵ ਕੱਪੜੇ ਧੋਂਦੀ ਮੁਟਿਆਰ ਦਾ ਦੀਦਾਰ ਵੀ ਕਰਨਾ ਐ, ਮੱਕੀ ਦੀ ਫਸਲ ਦੀ ਰਾਖੀ ਵੀ ਕਰਨੀ ਐ, ਗੱਭਰੂ ਦੀ ਮੇਲੇ ਚ ਪੂਰੀ ਚੜ੍ਹਾਈ ਵੀ ਐ। ਮੁਟਿਆਰਾਂ ਉਸਨੂੰ ਤੱਕ ਕੇ ਇਸ਼ਾਰੇ ਕਰਦੀਆਂ ਹਨ।

**ਵੰਝਲੀ ਦੀ ਹੂਕ ਸੁਣ ਕੇ, ਪਾਣੀ ਰੁੱਕ ਗਏ ਕੱਸੀ ਦੇ ਵਹਿੰਦੇ**
**ਸੱਦ ਲਾਵਾਂ ਦਿਲ ਵਿੰਨਵੀ, ਹੌਲ ਅੱਲੜ੍ਹਾਂ ਦੇ ਕਾਲਜੇ ਪੈਂਦੇ**
**ਵੰਝਲੀ ਦੇ ਬੋਲਾਂ ਦੀ, ਗੱਲ ਧੁੰਮ ਗਈ ਤ੍ਰਿੰਝਣੀ ਸਾਰੇ**
**ਕੱਸੀ ਤੇ ਵਜਾਵੇ ਵੰਝਲੀ———**

**"ਹੂਕ"**– ਵਿਯੋਗ ਦੀ ਧੁੰਨ

**"ਸੱਦ"** –ਪੰਜਾਬੀ ਲੋਕ–ਕਾਵਿ ਦੀ ਇੱਕ ਵਿਧਾ, ਜਿਸ ਰਾਹੀਂ ਪਿਆਰੇ ਨੂੰ ਪੁਕਾਰਿਆ ਜਾਂਦਾ ਹੈ

**"ਦਿਲ ਵਿੰਨ੍ਹਵੀਂ"**– ਦਿਲ ਨੂੰ ਛੋਹਣ ਵਾਲੀ

**"ਹੌਲ"**– ਦਿਲ ਦੀ ਧੜਕਣ ਦਾ ਤੇਜ ਹੋਣਾ

**"ਅੱਲੜ੍ਹਾਂ"** ਨਵੀਂ ਉਮਰ ਦੀਆਂ ਜੁਆਨ ਹੋ ਰਹੀਆਂ ਕੁੜੀਆਂ

**"ਤ੍ਰਿੰਝਣ"** ਜਿੱਥੇ ਕੁੜੀਆਂ ਇਕੱਠੀਆਂ ਹੋਕੇ ਕੱਤਦੀਆਂ ਹਨ

ਗੱਭਰੂ ਮੁਟਿਆਰ ਨੂੰ ਸੰਬੋਧਨ ਹੋ ਕੇ ਆਖਦਾ ਹੈ ਕਿ ਤੇਰੇ ਪਿਆਰ ਦੇ ਵਿਯੋਗ ਵਿੱਚ ਜਦੋਂ ਮੈਂ ਉਦਾਸ ਧੁੰਨ ਛੇੜਦਾ ਹਾਂ ਤਾਂ ਵਗਦੇ ਪਾਣੀ ਵੀ ਰੁਕ ਜਾਂਦੇ ਨੇ। ਜਦੋਂ ਮੈਂ ਆਪਣੇ ਬੋਲਾਂ ਰਾਹੀਂ ਤੈਨੂੰ ਸੱਦ ਲਾਉਂਦਾ ਹਾਂ ਤਾਂ ਕੁੜੀਆਂ ਦੇ ਦਿਲਾਂ ਦੀ ਧੜਕਣ ਤੇਜ ਹੋ ਜਾਂਦੀ ਹੈ ਤੇ ਮੇਰੀ ਵੰਝਲੀ ਦੀ ਧੁੰਨ ਦੀ ਚਰਚਾ ਤ੍ਰਿੰਝਣਾਂ ਚ ਕੱਤਦੀਆਂ ਕੁੜੀਆਂ ਚ ਹੁੰਦੀ ਹੈ।

**ਨਹਿਰ ਚ ਨੁਹਾਵਾਂ ਮੱਝੀਆਂ, ਸਾਡੇ ਜੁੱਟ ਕੱਸੀਆਂ ਦੇ ਬਾਬੂ**
**ਆਖੇਂ ਤਾਂ ਲਿਆਂਦਾ ਭੁੰਨ ਕੇ, ਦਾਣੇ ਹੋ ਗਏ ਮੱਕੀ ਦੇ ਚਾਬੂ**
**ਮੇਮਾਂ ਤੱਕ ਜਾਣ ਛੱਲੀਆਂ, ਸਾਡੀ ਗੱਲ ਚੜ੍ਹ ਗਈ ਸਰਕਾਰੇ**
**ਕੱਸੀ ਤੇ ਵਜਾਵੇ ਵੰਝਲੀ—**

**"ਜੁੱਟ"** ਮਿੱਤਰ ਦੋਸਤ

**"ਕੱਸੀਆਂ ਦਾ ਬਾਬੂ"** ਨਹਿਰੀ ਮਹਿਕਮੇ ਦਾ ਓਵਰਸੀਅਰ

**"ਚਾਬੂ'** ਚੱਬਣ ਯੋਗ ਖਾਣ ਯੋਗ

ਗੱਭਰੂ ਆਪਣੀ ਜਾਣ ਪਹਿਚਾਣ ਤੇ ਰੁੱਤਬੇ ਬਾਰੇ ਦੱਸ ਰਿਹਾ ਹੈ ਕਿ ਨਹਿਰੀ ਮਹਿਕਮੇ ਦੇ ਬਾਬੂ ਵੀ ਮੇਰੇ ਦੋਸਤ ਹਨ। ਮੈਂ ਮੱਝਾਂ ਨੂੰ ਨਹਿਰ ਵਿੱਚ ਹੀ ਨੁਹਾਉਂਦਾ ਹਾਂ। ਗੱਭਰੂ ਮੁਟਿਆਰ ਨੂੰ ਪੁੱਛਦਾ ਹੈ ਕਿ ਮੱਕੀ ਦੀਆਂ ਛੱਲੀਆਂ ਤਿਆਰ ਨੇ, ਜੇ ਕਹੇਂ ਤਾਂ ਤੇਰੇ ਵਾਸਤੇ ਭੁੰਨ ਲਿਆਵਾਂ। ਮੇਰੀ ਸਰਕਾਰੇ ਦਰਬਾਰੇ ਪੂਰੀ ਗੱਲ ਬਾਤ, ਮੇਮਾਂ ਤੱਕ ਮੇਰੇ ਖੇਤ ਦੀਆਂ ਛੱਲੀਆਂ ਜਾਂਦੀਆਂ ਹਨ।

**ਰੰਗ ਮੈਂ ਲਿਆਉਣਾ ਹੱਟੀ ਤੋਂ, ਮੰਗੂ 'ਮਾਨ' ਦਾ ਚਰ੍ਹੀ ਚੋਂ ਮੋੜੀਂ**
**ਕੱਚੀਏ ਕੁਆਰ ਗੰਦਲੇ, ਪੁੱਛੇ ਬਾਝ ਨਾ ਕਰੇਲੇ ਤੋੜੀਂ**
**ਮਿੱਠੀਆਂ ਝਿੜਕਾਂ ਦਾ ਗੁੱਸਾ ਕਰ ਨਾ ਲਈਂ ? ਮੁਟਿਆਰੇ**
**ਕੱਸੀ ਤੇ ਵਜਾਵੇ ਵੰਝਲੀ——**

**"ਹੱਟੀ"** –ਦੁਕਾਨ

**"ਮੰਗੂ"**– ਪਸ਼ੂਆਂ ਦਾ ਵੱਗ

**"ਚਰ੍ਹੀ"**– ਚਾਰੇ ਦੀ ਫ਼ਸਲ

**"ਕੱਚੀਏ ਕੁਆਰ ਗੰਦਲੇ"** ਇੱਥੇ ਗੀਤਕਾਰ ਦਾ ਭਾਵ ਗੰਦਲ ਵਰਗੀ ਸੋਹਲ ਕੁੜੀ ਤੋਂ ਹੈ

ਆਖਰ ਵਿੱਚ ਗੀਤਕਾਰ ਕਹਿ ਰਿਹਾ ਹੈ ਕਿ ਮੈਂ ਹੱਟੀ ਤੋਂ ਜਾਕੇ ਰੰਗ ਲੈਕੇ ਆਉਂਦਾ ਹਾਂ। ਓਨੀ ਦੇਰ ਤੂੰ ਮੇਰੇ ਪਸ਼ੂਆਂ ਦੀ ਰਾਖੀ ਕਰੀਂ, ਤਾਂ ਜੋ ਪਸ਼ੂ ਚਰ੍ਹੀ ਵਿੱਚ ਨਾ ਵੜ ਜਾਣ, ਮੇਰੇ ਪੁੱਛੇ ਬਿਨਾਂ ਮੇਰੇ ਖੇਤ ਵਿੱਚੋਂ ਕਰੇਲੇ ਨਾ ਤੋੜੀਂ। ਨਾਲ ਈ ਕੋਮਲ ਦਿਲ ਗੱਭਰੂ ਮੁਟਿਆਰ ਨੂੰ ਪਰਚਾਉਂਦਾ ਹੈ ਕਿ ਕਿਤੇ ਆਹ ਮਿੱਠੀਆਂ ਝਿੜਕਾਂ ਦਾ ਗੁੱਸਾ ਈ ਨਾ ਕਰ ਜਾਵੀਂ।

ਇਹ ਦੱਸਣਾ ਬਣਦਾ ਐ ਕਿ ਉਸ ਵੇਲੇ ਚਿੱਟੀ ਮਲਮਲ ਦੇ ਕੱਪੜੇ ਦੀ ਪੱਗ ਨੂੰ ਕੱਚੇ ਰੰਗਾਂ ਨਾਲ ਰੰਗ ਕੇ ਵੱਖ ਵੱਖ ਸਮੇਂ ਤੇ ਆਪਣੀ ਸ਼ੁਕੀਨੀ ਮੁਤਾਬਕ ਰੰਗ ਨਾਲ ਰੰਗਾਇਆ ਜਾਂਦਾ ਸੀ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਪਰਿਵਾਰਕ ਤੇ ਸਿਰਜਣਾਤਮਕ ਖ਼ਾਲਸ ਮਲਵਈ ਕਾਮੇਡੀ ਦਾ ਮਾਣਮੱਤਾ ਹਸਤਾਖਰ -'ਗੁਰਦੀਪ ਮਨਾਲੀਆ'

ਜ਼ਿਲ੍ਹਾ ਸਦਰ ਮੁਕਾਮ ਬਰਨਾਲਾ ਤੋਂ 26 ਕਿਲੋਮੀਟਰ ਦੂਰ ਪਿੰਡ ਮਨਾਲ ਦਾ ਜੰਮਪਲ 'ਗੁਰਦੀਪ ਮਨਾਲੀਆ' ਪੰਜਾਬੀ ਸੋਸ਼ਲ ਮੀਡੀਆ ਦੇ ਹਾਸਰਸ ਤੇ ਸਟਿਰੀਕਲ ਸਪੇਸ'ਚ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ।ਉਸ ਦਾ ਆਪਣੀ ਲੱਚਰਤਾ ਰਹਿਤ ਕਾਮੇਡੀ ਤੇ ਬਹੁਤ ਹੀ ਰਚਨਾਤਮਕ ਸਮੱਗਰੀ ਨਾਲ ਇੱਕ ਵੱਖਰਾ ਤੇ ਹਰਮਨ–ਪਿਆਰਾ ਨਾਮ ਹੈ।



ਗੁਰਦੀਪ ਬਾਰਵੀਂ ਤੱਕ ਨੈਣੇਵਾਲੀਏ ਆਲੇ ਬਾਬਾ ਗਾਂਧਾ ਸਿੰਘ ਸਕੂਲ ਬਰਨਾਲਾ ਵਿਖੇ ਦਸਵੀਂ ਜਮਾਤ ਤੱਕ ਪੜ੍ਹਿਆ।ਇਸ ਤੋਂ ਬਾਅਦ ਉਸਨੇ ਬਾਰਵੀਂ ਰਚਨਾਤਮਕ ਸਮੱਗਰੀ ਰਚਨਾਤਮਕ ਸਮੱਗਰੀ ਬਰਨਾਲਾ ਤੋਂ ਕਰਕੇ ਇੱਕ ਸਾਲ ਸਰਕਾਰੀ ਕਾਲਜ ਮਲੇਰਕੋਟਲਾ ਵਿਖੇ ਲਾਇਆ।ਇਸ ਤੋਂ ਬਾਅਦ ਚੰਡੀਗੜ੍ਹ ਦੇ ਸੈਕਟਰ 26,ਖਾਲਸਾ ਕਾਲਜਾਂ'ਚ ਪੜ੍ਹਾਈ ਨਾਲ ਲਟੋਪੀਘ ਹੁੰਦਾ ਉਹ ਸਦਾ ਲਈ ਦੁਨਿਆਵੀ ਵਿੱਦਿਆ ਨੂੰ ਅਲਵਿਦਾ ਆਖ ਗਿਆ।ਬੀਏ ਪੂਰੀ ਨਾ ਹੋ ਸਕਣ ਤੇ ਕਾਲਜ ਡਰਾਪਆਊਟ ਹੋਣ ਦਾ ਉਸਨੂੰ ਕੋਈ ਝੋਰਾ ਨਹੀਂ ਹੈ।

ਜਦੋਂ ਬੰਦੇ ਦਾ ਪੜ੍ਹਾਈ'ਚ ਮਨ ਨਹੀਂ ਲੱਗ ਰਿਹਾ ਹੁੰਦਾ ਤਾਂ ਉਹ ਕਿਸੇ ਨਾ ਕਿਸੇ ਪਾਸੇ ਹੋਰ ਜ਼ਰੂਰ ਬਹੁਤ ਸ਼ਿੱਦਤ ਨਾਲ ਫੋਕਸਡ ਹੁੰਦਾ ਹੈ।ਸਟੀਵ ਜੋਬਸ,ਮਾਰਕ ਜ਼ੁਕਰਬਰਗ,ਬਿਲ ਗੇਟਸ,ਟਾਈਗਰ ਵੁੱਡਸ ਤੇ ਬਰੈਡ ਪਿੱਟ ਦੇ ਕਾਲਜ ਡਰਾਪਆਊਟ ਤੇ ਆਪਣੇ–ਆਪਣੇ ਖੇਤਰਾਂ ਦੇ ਬੇਤਾਜ ਬਾਦਸ਼ਾਹ ਹੋਣ ਦੀਆਂ ਜਿਉਂਦੀਆਂ ਜਾਗਦੀਆਂ ਉਦਾਹਰਣਾਂ ਹਨ।

ਮਨਾਲੀਏ ਨੇ ਆਪਣਾ ਹਾਸਰਸ ਸਿਰਜਣਾਤਮਕਤਾ ਦਾ ਸਫ਼ਰ ਘੁੱਦੇ ਵਾਂਗ ਫੇਸਬੁੱਕ ਤੇ 'ਟੈਕਸਟ' ਪੋਸਟਾਂ ਨਾਲ ਸ਼ੁਰੂ ਕੀਤਾ।ਲਾਣੇਦਾਰ (ਜਿਵੇਂ ਕਿ ਉਹ ਆਮ ਤੌਰ @ਤੇ ਆਪਣੇ ਬਾਪੂ ਨੂੰ ਸੰਬੋਧਨ ਕਰਦਾ ਹੈ) ਮਨਦੀਪ ਸਿਉਂ ਦੇ ਰੱਜ ਕੇ ਪੜ੍ਹੇ ਸਾਹਿਤ ਤੋਂ ਉਸਨੇ ਬਹੁਤ ਕੁਝ ਸਿੱਖਿਆ ਤੇ ਸਮਝਿਆ।'ਜੈਕਨਾਮਾ' ਨਾਲ ਗੱਲ–ਬਾਤ ਕਰਦਾ ਗੁਰਦੀਪ ਦੱਸਦਾ ਹੈ ਕਿ ਉਸਨੇ ਗਲੀ ਕ੍ਰਿਕਟ ਤੋਂ ਲੈ ਕੇ ਕੁੱਤੇ ਭਜਾਉਣ,ਬਲਦ ਹੱਕਣ ਤੋਂ ਲੈ ਕੇ ਕਬੂਤਰ ਉਡਾਉਣ ਤੱਕ ਪੰਜਾਬ ਦਾ ਹਰ ਰੰਗ ਵੇਖਿਆ ਹੈ।ਪਿੰਡਾਂ ਚੋਂ ਮੰਜੇ ਬਿਸਤਰੇ–ਇਕੱਠੇ ਕਰਨ ਵਾਲੇ ਪਰੀਹੇ ਤੋਂ ਲੈ ਕੇ ਚੰਡੀਗੜ੍ਹ ਦੇ ਮੱਧਯਮਾਰਗਾਂ ਤੱਕ ਦੇ ਫਾਈਵ ਸਟਾਰਾਂ ਵਾਲੇ ਪੇਜ–3 ਕਲਚਰ ਤੱਕ ਦਾ ਸਫ਼ਰ ਹੰਢਾਇਆ ਹੈ।

ਇਸ ਤੋਂ ਬਾਅਦ ਉਸਨੇ ਆਪਣੇ ਕੁਝ ਸਾਥੀਆਂ ਦੀ ਮੱਦਦ ਨਾਲ 'ਮੋਹਾਲੀ ਦੂਰਦਰਸ਼ਨ' ਦੇ ਨਾਮ'ਤੇ ਇੱਕ ਯੂਟਿਊਬ ਚੈਨਲ ਖੋਲ੍ਹਿਆ,ਜਿੱਥੇ ਉਹਨਾਂ 'ਬਿੱਲੇ ਮਾਰ', 'ਫੁਕਰਾ ਕਬੱਡੀ ਖਿਡਾਰੀ', 'ਫੁਕਰਾ ਗਾਇਕ', ਜੀਤਾ ਕਰੱਪਟ ਆਦਿ ਪੇਸ਼ਕਾਰੀਆਂ ਨਾਲ ਲੋਕਾਂ ਦੇ ਢਿੱਡੀ ਪੀੜਾਂ ਪਾਈਆਂ।ਇੱਥੇ ਉਸਨੇ ਅਕਾਸ਼ਬਾਣੀ ਜਲੰਧਰ ਦੇ 'ਦਿਹਾਤੀ ਪ੍ਰੋਗਰਾਮ' ਦੀ ਤਰਜ਼ ਤੇ ਸ੍ਰੋਤਿਆਂ ਦੀਆਂ ਚਿੱਠੀਆਂ ਦੇ ਜਵਾਬ ਦੇ ਕੇ ਠੰਢੂ ਰਾਮ ਤੇ ਟੱਲੀ ਰਾਮ ਚੇਤੇ ਕਰਵਾ ਦਿੱਤੇ।

ਉਹ ਆਪਣੇ ਘਰ ਦੇ ਸਾਹਮਣੇ ਵਾਲੀ ਢਾਬ ਨੂੰ 'ਮੈਕਸੀਕੋ ਆਈਲੈਂਡ' ਤੋਂ ਲੈ ਕੇ ਮਸਕ ਤੱਕ ਨੂੰ ਸਮੇਂ ਸਮੇਂ ਤੇ ਵੱਖ–ਵੱਖ ਸੀਰੀਜ਼ਾਂ ਤਹਿਤ ਕਮੇਡੀ ਦੇ ਤੰਦਾਂ ਚੋਂ ਪਰੋਂਦਾ ਰਹਿੰਦਾ ਹੈ।ਅੱਜ–ਕੱਲ੍ਹ ਉਹ ਪੀ ਵੀ ਬੀ (ਪੰਜਾਬੀ ਵਿਹਲੜ ਭਾਈਚਾਰਾ)ਯੂਨੀਅਨ ਰਾਹੀਂ ਐਨ ਆਰ ਆਈ ਭਰਾਵਾਂ ਦੁਆਰਾ ਵਿਹਲੜ ਲੋਕਾਂ ਨਾਲ ਕੀਤੇ ਜਾਂਦੇ ਧੱਕੇ ਦਾ ਮੁੱਦਾ ਉਠਾ ਕੇ ਦੁਨੀਆ ਭਰ ਦੇ ਪੰਜਾਬੀਆਂ'ਚ ਛਾਇਆ ਹੋਇਆ ਹੈ।

'ਪਾਉਂਦੇ ਸੁੱਕਣੇ–ਮਨਾਲੀਏ ਦੇ ਸੁਪਨੇ' ਤਹਿਤ ਉਸ ਕੋਲ ਮਿਰਜੇ ਦੁਆਰਾ ਬੱਕੀ ਦੀ ਥਾਂ 'ਓਲਾ–ਉਬਰ' ਦੀ ਸਵਾਰੀ ਕਰਵਾਉਣ ਤੋਂ ਲੈ ਕੇ ਕਿਮ ਕਰਦਾਸ਼ੀਆ ਤੱਕ ਦੇ ਪਾਤਰਾਂ ਨੂੰ ਹਸਾਉਣ ਦਾ ਜ਼ਰੀਆ ਬਣਾ ਸਕਣ ਦਾ ਅਵੱਲਾ ਹੁਨਰ ਹੈ।ਚੰਡੀਗੜ੍ਹ ਰਹਿ ਕੇ ਪੱਛਮ ਦੀ ਹਰ ਸ਼ੈਅ ਨੂੰ ਵਾਚਣ ਦੀ ਜਾਂਚ ਸਿੱਖਣ ਵਾਲਾ ਗੁਰਦੀਪ , ਨਿਰੀਖਣ ਕਾਮੇਡੀ ਦੇ ਮਾਰਫ਼ਤ ਆਸੇ–ਪਾਸੇ ਨਿੱਤ ਦਿਨ ਦੀਆਂ ਹੁੰਦੀਆਂ ਘਟਨਾਵਾਂ ਤੇ ਅੱਪਡੇਟਸ'ਤੇ 'ਕਾਂ ਅੱਖ' ਰੱਖਦਾ ਹੈ।

ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਗੁਰਦੀਪ ਆਪਣੀਆਂ ਵੀਡੀਓਜ਼'ਚ ਕੋਈ ਵੀ ਨਸ਼ਾ ਪਰਮੋਟ ਨਹੀਂ ਕਰਦਾ ਹੈ।ਉਹ ਰੱਜ ਕੇ ਫਿਟਨੈੱਸ ਫ਼ਰੀਕ ਹੈ ਤੇ ਰੈਗੂਲਰ ਜਿੰਮ ਜਾਂਦਾ ਹੈ।ਉਸਦੇ ਹੱਥ'ਚ ਅਕਸਰ ਚਾਹ ਜਾਂ ਕੌਫ਼ੀ ਦਾ ਕੱਪ ਹੁੰਦਾ ਹੈ,ਪੈੱਗ ਦਿਖਾਉਣ ਤੋਂ ਉਸਨੇ ਪਾਸਾ ਹੀ ਵੱਟਿਆ ਹੈ।

ਮੋਹਾਲੀ ਤੇ ਮਨਾਲ ਵਿਚਕਾਰ ਸਫ਼ਰ'ਚ ਰਹਿਣ ਵਾਲੇ ਮਨਾਲੀਏ ਦੇ ਇਸ ਸਮੇਂ ਫੇਸਬੁੱਕ ਤੇ ਡੇਢ ਲੱਖ ਤੋਂ ਜ਼ਿਆਦਾ ਫਾਲੋਅਰ ਹਨ।ਇੰਸਟਾ'ਤੇ ਉਸਦੇ ਚਾਹੁਣ ਵਾਲੇ ਢਾਈ ਲੱਖ ਤੋਂ ਵੀ ਜ਼ਿਆਦਾ ਹਨ।ਸਨੈਪ ਚੈਟ ਤੇ ਉਸਦੀ ਮਕਬੂਲੀਅਤ ਵੈਰੀਫਾਈਡ ਹੈ।

ਕਰੋਨਾ ਦਿਨਾਂ'ਚ ਤਾਰਾਪਾਲ ਨਾਲ ਕੋਲੈਬ ਕਰਨ ਵਾਲੇ ਗੁਰਦੀਪ ਨੂੰ ਤੁਸੀ ਸ਼ੈਰੀ ਮਾਨ ਦੇ ਗੀਤ 'ਬਰਡੇ ਗਿਫਟ' ਤੇ 'ਬੱਬਰ' ਵਰਗੀਆਂ ਫਿਲਮਾਂ'ਚ ਵੀ ਵੇਖ ਚੁੱਕੇ ਹੋ।'ਸਾਡੇ ਆਲਾ' ਵਰਗੇ ਗੀਤ ਲਿਖਣ ਵਾਲੇ ਗੀਤਕਾਰ ਦੇ ਬਤੌਰ ਅਭਿਨੇਤਾ ਤੇ ਕੰਟੈਂਟ ਰਾਈਟਰ ਵਜੋਂ ਉਸਦੇ ਕਈ ਵੱਡੇ ਪ੍ਰੋਜੈਕਟ ਤੁਸੀ ਅਗਲੇ ਸਾਲ ਵੇਖ ਸਕੋਗੇ।

(ਜੈਕਨਾਮਾ ਦੀ ਕੰਧ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਨਿਸ਼ਚੈ ਕਰ ਅਪਨੀ ਜੀਤ ਕਰੋਂ

ਗੁਰੂ ਸਾਹਿਬ ਦੇ ਇਨ੍ਹਾਂ ਸ਼ਬਦਾਂ ਦੀ ਥਾਹ ਪਾਉਂਦਿਆਂ ਮਨ ਨੂੰ ਪੂਰੀ ਢਾਰਸ ਮਿਲਦੀ ਹੈ, ਜਿਵੇਂ ਸਾਡੇ ਡਿਗਦੇ ਮਨੋਬਲ ਨੂੰ ਹੋਰ ਹੰਭਲਾ ਮਾਰਨ ਲਈ ਕੋਈ ਠੁੰਮ੍ਹਣਾ ਆ ਮਿਲਿਆ ਹੋਵੇ। ਅਸੀਂ ਆਪਣੇ ਮਿਥੇ ਰਾਹ ਵੱਲ ਹੋਰ ਉਤਸ਼ਾਹਿਤ ਹੋ ਕੇ ਤੁਰਨ ਲਗਦੇ ਹਾਂ। ਕਿਹਾ ਜਾਂਦਾ ਹੈ ਰਸਤੇ ਉਹ ਲੋਕ ਬਣਾਉਂਦੇ ਹਨ ਜੋ ਰਾਹ ਭੁੱਲ ਜਾਣ। ਰਾਹ ਭੁੱਲਣ ਦਾ ਅਰਥ ਸੁਖ ਸਾਧਨਾਂ ਤੋਂ ਪਾਰ ਜਾ ਕੇ ਤਲਖੀਆਂ ਨਾਲ ਮੱਥਾ ਲਾਉਣਾ ਹੀ ਹੈ। ਇਤਿਹਾਸ ਦੀ ਹਿੱਕ ਤੇ ਪੈੜ ਕਰਨ ਵਾਲੀਆਂ ਸਭ ਹਸਤੀਆਂ ਹੀ ਸਾਡੇ ਉਦੇਸ਼ ਦੀ ਯਾਦ ਕਰਵਾਉਂਦੀਆਂ ਹਨ। ਦਿੱਲੀ ਦੇ ਕਿਸੇ ਟੀ. ਵੀ. ਚੈਨਲ ਤੇ ਮਦਰ ਟੈਰੇਸਾ ਨੂੰ ਪੱਤਰਕਾਰ ਦਾ ਸਵਾਲ ਸੀ ਕਿ ਤੁਸੀਂ ਇਨਸਾਨੀਅਤ ਦੀ ਸੇਵਾ ਦਾ ਰਾਹ ਕਿਵੇਂ ਚੁਣ ਲਿਆ। ਜਵਾਬ ਸੀ ਕਿ ਹਰ ਮਨੁੱਖ ਹੀ ਰੱਬ ਵੱਲੋਂ ਕਿਸੇ ਆਸ਼ੇ ਨਾਲ ਜੱਗ ਤੇ ਭੇਜਿਆ ਜਾਂਦਾ ਹੈ। ਪਰ 'ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ'। ਅਸੀਂ ਨਿੱਤ ਦੇ ਰੁਝੇਵਿਆਂ ਦੇ ਡੰਝੇ ਆਪਣੇ ਆਸ਼ੇ ਤੋਂ ਭਟਕ ਜਾਂਦੇ ਹਾਂ। ਇਤਿਹਾਸ ਗਵਾਹ ਹੈ ਕਿੰਨੇ ਹੀ ਲੋਕਾਂ ਨੇ ਆਪਣਾ ਆਪਾ ਹੋਰਨਾਂ ਲਈ ਕੁਰਬਾਨ ਕੀਤਾ ਹੈ। ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਸਾਡੇ ਲਈ ਅਦੁਤੀ ਮਿਸਾਲ ਹਨ। ਪਰ ਬਹੁਤੇ ਲੋਕ ਆਪਣੇ ਆਸ਼ੇ ਬਾਰੇ ਗੱਲ ਕਰਦੇ ਇੱਥੋਂ ਤਕ ਵੀ ਆਖਦੇ ਹਨ ਕਿ ਕਦੇ ਸੋਚਿਆ ਈ ਨਹੀਂ, ਬਸ ਰੱਬ ਨੇ ਭੇਜਿਆ ਤਾਂ ਇਸ ਜਗਤ ਵਿਚ ਆ ਗਏ, ਜਦ ਸੱਦਾ ਆਏਗਾ ਵਾਪਸ ਮੁੜ ਜਾਵਾਂਗੇ। ਅਸਲ ਵਿਚ ਜਿਉਣ ਲਈ ਕੋਈ ਟੀਚਾ ਜਾਂ ਰੋਲ ਮਿਥਣਾ ਹੀ ਜਿਉਣ ਵਿਚ ਕਰਾਰ ਭਰਦਾ ਹੈ। ਕਈ ਲੋਕ ਤਾਂ ਹਰ ਦਿਨ ਹੀ ਕਿਸੇ ਖਾਸ ਵਿਉਂਤ ਅਧੀਨ ਬਸਰ ਕਰਦੇ ਹਨ। ਕਿਹਾ ਜਾਂਦਾ ਹੈ ਜ਼ਿੰਦਗੀ ਦਾ ਕੋਈ ਪ੍ਰੋਗਰਾਮ ਉਲੀਕ ਲਵੋ ਨਹੀਂ ਤਾਂ ਕੋਈ ਪ੍ਰੋਗਰਾਮ ਆਪ ਹੀ ਤੁਹਾਡੀ ਜ਼ਿੰਦਗੀ ਢਾਲ਼ ਲਵੇਗਾ। ਟੀਚਾ ਮਿਥਣ ਸਮੇਂ ਆਪਣੇ ਵਿਤ, ਯੋਗਤਾ, ਸਮਰੱਥਾ ਵੱਲ ਧਿਆਨ ਵੀ ਜ਼ਰੂਰੀ ਹੈ। ਚੰਦ ਨੂੰ ਜੱਫਾ




ਮਾਰਨ ਦਾ ਆਸ਼ਾ ਸਾਨੂੰ ਮੂਧੇ ਮੂੰਹ ਮਧੋਲ ਸਕਦਾ ਹੈ।

ਛੋਟੇ ਹੁੰਦਿਆਂ ਨੂੰ ਸਾਡੇ ਅੰਗ੍ਰੇਜ਼ੀ ਦੇ ਅਧਿਆਪਕ ਇਕ ਕਵਿਤਾ ਸਮਝਾਉਂਦੇ ਹੁੰਦੇ ਸਨ ਜਿਸ ਵਿਚਲਾ ਨਾਇਕ ਕਿਸੇ ਪਹਾੜੀ ਚੋਟੀ ਨੂੰ ਸਰ ਕਰਨ ਦੇ ਆਸ਼ੇ ਨਾਲ ਚਲ ਪਿਆ। ਰਾਹ ਵਿਚ ਮੀਂਹ, ਹਨੇਰੀ, ਝੱਖੜ, ਭੁੱਖ–ਪਿਆਸ, ਨੀਂਦ ਜਿਹੀ ਕੋਈ ਵੀ ਰੁਕਾਵਟ ਉਸ ਨੂੰ ਰੋਕ ਨਾ ਸਕੀ। ਫੇਰ ਰਸਤੇ ਦੇ ਕਿਸੇ ਪਿੰਡ ਵਿਚਲੀ ਇਕ ਖ਼ੂਬਸੂਰਤ ਲੜਕੀ ਨੇ ਵੀ ਉਸ ਨੂੰ ਭਰਮਾਇਆ ਪਰ ਉਹ ਸਭ ਤੋਂ ਮੂੰਹ ਫੇਰ ਕੇ ਆਪਣੇ ਟੀਚੇ ਤਕ ਜਾ ਅਪੜਿਆ। ਇਸ ਨੂੰ ਹੀ 'ਨਿਸ਼ਚਾ ਕਰ ਕੇ ਪਾ ਲੈਣਾ' ਆਖਦੇ ਹੋਣੇ। ਉਦੇਸ਼ ਦੀ ਪ੍ਰਾਪਤੀ ਲਈ ਸਿਦਕ, ਲਗਨ, ਦ੍ਰਿੜ੍ਹਤਾ ਅਤੇ ਮਿਹਨਤ ਨਾਲ ਵਧੀਆ ਅਤੇ ਕਲਿਆਣਕਾਰੀ ਸੋਚ ਵੀ ਚਾਹੀਦੀ ਹੈ। ਅਸੀਂ ਰਾਜਾ ਬਰੂਸ ਅਤੇ ਮੱਕੜੀ ਦੀ ਕਹਾਣੀ ਸੁਣਦੇ ਰਹੇ ਹਾਂ। ਕਈ ਵਾਰ ਸਫਲਤਾ ਦਾ ਤਾਲਾ ਆਖ਼ਰੀ ਚਾਬੀ ਨਾਲ ਹੀ ਖੁਲ੍ਹਦਾ ਹੈ। ਹਿੰਦੀ ਦਾ ਇਕ ਕਵੀ ਆਖਦਾ ਹੈ – ਦੀਵਾਰੋਂ ਪੇ ਦਸਤਕ ਦੇਤੇ ਰਹੀਏ, ਦੀਵਾਰੋਂ ਮੇਂ ਦਰਵਾਜ਼ੇ ਬਨ ਜਾਏਂਗੇ। ਕੋਈ ਵੀ ਟੀਚਾ ਪਾ ਲੈਣ ਲਈ ਸੁਖ ਸਹੂਲਤਾਂ ਤੋਂ ਬਾਹਰ ਜ਼ਫਰ ਜਾਲਣਾ ਪੈਂਦਾ ਹੈ। ਮਹਾਤਮਾ ਬੁੱਧ ਨੇ ਮਹਿਲਾਂ ਅਤੇ ਰਾਜ ਭਾਗ ਵੱਲ ਪਿੱਠ ਕਰ ਕੇ ਹੀ ਗਿਆਨ ਪਾਇਆ ਸੀ। ਜੋ ਲੋਕ ਮੱਛੀ ਦੀ ਅੱਖ ਦੇਖਣ ਤਕ ਹੀ ਨਿਸ਼ਾਨਾ ਸੇਧਦੇ ਹਨ ਓਹੀ ਮੂਹਰੇ ਨਿਕਲਦੇ ਹਨ।

ਮਹਾਨ ਲੋਕਾਂ ਦੇ ਕਾਰਨਾਮੇ ਸਾਡੀ ਪਿੱਠ ਤੇ ਥਾਪੜਾ ਬਣਦੇ ਹਨ। ਮਹਾਨ ਲੋਕਾਂ ਦੇ ਵੱਡੇ ਟੀਚੇ ਨਿੱਜ ਤੋਂ ਨਿਕਲ ਕੇ ਇਨਸਾਨੀਅਤ ਦੀ ਬਾਤ ਪਾਉਂਦੇ ਹਨ। ਦਰਮਿਆਨੇ ਲੋਕ ਵਸਤਾਂ ਨੂੰ ਜੱਫਾ ਪਾਉਣ ਦਾ ਟੀਚਾ ਮਿਥਦੇ ਹਨ ਪਰ ਨੀਵੀਂ ਸੋਚ ਵਾਲੇ ਹੋਰਨਾਂ ਦੀਆਂ ਗੱਲਾਂ ਕਰਦੇ ਹੀ ਸਾਹਾਂ ਦੀ ਪੂੰਜੀ ਖਰਚ ਜਾਂਦੇ ਹਨ। ਕਿਸੇ ਵੀ ਟੀਚੇ ਦੀ ਅਪ੍ਰਾਪਤੀ ਸਮੇ ਔਕੜ ਤੋਂ ਡਰਦੇ ਛੇਤੀ ਦਮ ਛਡਦੇ, ਸੁਸਤ ਲੋਕ, ਦੇਹੀ ਰਖਦੇ ਹਾਲਾਤ ਨੂੰ ਉਲਾਂਭਾ ਦਿੰਦੇ ਹਨ। ਕਿਸਮਤ ਨੂੰ ਕੋਸਦੇ ਹਨ। ਅਬਰਾਹਮ ਲਿੰਕਨ ਗ਼ਰੀਬੀ ਵਿਚ ਪਲ਼ ਕੇ ਵੀ ਰਾਸ਼ਟਰਪਤੀ ਜਾ ਬਣਿਆ। ਬਿਲ ਗੇਟਸ ਅਤੇ ਸਚਿਨ ਤੇਂਦੂਲਕਰ ਬਹੁਤੇ ਪੜ੍ਹੇ ਹੋਏ ਨਹੀਂ ਸਨ। ਸਟੀਵ ਨਾਂ ਦਾ ਬੱਚਾ ਗ਼ਰੀਬੀ ਕਾਰਣ ਹਸਪਤਾਲ ਦੇ ਦਿੱਤਾ ਗਿਆ। ਇੱਕ ਜੋੜਾ ਬੱਚਾ ਲੈਣ ਆਇਆ ਪਰ ਸਟੀਵ ਨੂੰ ਕਮਜ਼ੋਰ ਸਿਹਤ ਦੇਖ ਕੇ ਨਾ ਲੈ ਕੇ ਗਿਆ। ਦੂਜੇ ਜੋੜੇ ਨੇ ਉਸ ਨੂੰ ਗੋਦ ਲਿਆ। ਓਹੀ ਬੱਚਾ ਵੱਡਾ ਹੋ ਕੇ ਐਪਲ ਫੋਨ ਦਾ ਨਿਰਮਾਤਾ ਬਣਿਆ, ਦੁਨੀਆਂ ਤੋਂ ਜਾਣ ਲੱਗਿਆ 600 ਮਿਲੀਅਨ ਡਾਲਰ ਛੱਡ ਕੇ ਗਿਆ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਨਾ ਹਨ ਜੋ ਆ ਰਹੀਆਂ ਪੀੜ੍ਹੀਆਂ ਲਈ ਮਿਸਾਲਾਂ ਹਨ। ਅਸਲ ਵਿਚ ਕੁੱਝ ਲੋਕ ਬੰਦ ਨਾਲ਼ੀ ਦੇ ਪਾਣੀ ਵਾਂਗ ਬਸ ਸੜਕ ਤਕ ਹੀ ਅਪੜਦੇ ਹਨ ਪਰ ਕੁੱਝ ਕੁ ਲੋਕ ਦਰਿਆਵਾਂ ਵਾਂਗ ਹੁੰਦੇ ਹਨ ਜੋ ਆਪਣਾ ਰਾਹ ਆਪ ਬਣਾ ਤੁਰਦੇ ਹਨ। ਇਕ ਕਵੀ ਦੇ ਸ਼ਬਦ ਇਸ ਕਥਨ ਦੀ ਪੁਸ਼ਟੀ ਕਰਦੇ ਹਨ ––

ਹਵਾਏਂ ਕਿਤਨਾ ਜ਼ੋਰ ਲਗਾਏਂ ਆਂਧੀਆਂ ਬਨ ਕਰ
ਜੋ ਬਾਦਲ ਘਿਰ ਕੇ ਆਤੇ ਹੈਂ ਵੋ ਬਾਦਲ ਛਾ ਹੀ ਜਾਤੇ ਹੈਂ।

# ਟੈਲੀਫੋਨ ਦੇ ਮਹਾਨ ਖੋਜ਼ੀ ਅਲ.ਗਜ਼ੈਂਡਰ ਗਰਾਮ ਬੈਲ

ਦੁਨੀਆਂ ਵਿੱਚ ਬੁਹਤ ਸਾਰੇ ਲੋਕੀ ਸੁਪਨੇ ਤਾਂ ਨਵੇਂ ਵੇਖਦੇ ਨੇ ਪਰ ਚਲਦੇ ਪੁਰਾਣੇ ਰਾਹਾਂ ਉਪਰ ਹੀ ਹਨ ।ਪਰ ਕੁਝ ਲੋਕ ਉਹ ਵੀ ਹੁੰਦੇ ਹਨ। ਜਿਹੜੇ ਆਪਣੇ ਜੀਵਨ ਕਾਲ ਦੌਰਾਨ ਨਵੇਂ ਰਸਤੇ ਬਣਾ ਕੇ ਅਜਿਹੀਆਂ ਪੈੜਾਂ ਪਾ ਜਾਂਦੇ ਹਨ ।ਉਹ ਇਸ ਧਰਤੀ ਤੋਂ ਚਲੇ ਜਾਣ ਬਾਅਦ ਆਪਣੀ ਪਹਿਚਾਣ ਅਤੇ ਇਤਿਹਾਸ ਦੇ ਪੰਨੇ ਬਣ ਜਾਂਦੇ ਹਨ ।ਸਦਾ ਲਈ ਉਹਨਾਂ ਦਾ ਨਾਮ ਇਸ ਦੁਨੀਆਂ ਵਿੱਚ ਰੋਸ਼ਨ ਹੋ ਜਾਦਾਂ ਹੈ। ਇਸ ਕੜੀ ਵਿੱਚੋਂ ਹੀ ਇੱਸ ਮਹਾਨ ਸ਼ਖਸ਼ੀਅਤ ਅਲਗਜ਼ੈਂਡਰ ਗਰਾਮ ਬੈਲ ਦਾ ਨਾਮ ਆਉਦਾ ਹੈ। ਜਿਸ ਨੇ ਟੈਲੀਫੋਨ ਦੀ ਖੋਜ਼ ਕੀਤੀ ਸੀ। ਜਿਹੜਾ ਇਸ ਵਕਤ ਲੋੜ ਅਤੇ ਮਜਬੂਰੀ ਬਣ ਚੁੱਕਿਆ ਹੈ ।ਇਸ ਮਹਾਨ ਖੋਜ਼ੀ ਦਾ ਜਨਮ 3 ਅਗਸਤ 1847 ਨੂੰ ਐਡਨਬਰਗ (ਸਕਾਟਲੈਂਡ ) ਦੇ ਸ਼ਹਿਰ ਵਿੱਚ ਛਾਰਲੋ ਨਾਂ ਦੀ ਸ਼ੜਕ ਉਪਰ ਅਲਗਜ਼ੈਂਡਰ ਮੈਲਵੀਨ ਬੈਲ ਦੇ ਗ੍ਰਹਿ ਵਿਖੇ ਹੋਇਆ ਸੀ। ਉਸ ਦਾ ਪਿਤਾ ਕਿੱਤੇ ਵਜੋਂ ਲੈਕਚਰਾਰ ਦਾ



ਪ੍ਰੋਫੈਸਰ ਸੀ ।ਗਰਾਮ ਬੈਲ ਨੇ ਮੁੱਢਲੀ ਪੜ੍ਹਾਈ ਹਾਈ ਸਕੂਲ ਐਡਨਬਰਗ, ਕਾਲਜ਼ ਆਫ ਲੰਡਨ ਅਤੇ ਐਡਨਬਰਗ ਯੂਨੀਵਿਰਸਟੀ ਵਿੱਚ ਕੀਤੀ। ਉਹ 23 ਸਾਲ ਦੀ ਉਮਰ ਵਿੱਚ ਕਨੇਡਾ ਦਾ ਇਮੀਗ੍ਰੇਸ਼ਨ ਬਣ ਗਿਆ ਸੀ। ਉਸ ਨੇ ਮਨੁੱਖੀ ਅਵਾਜ਼ ਨੂੰ ਤਾਰਾਂ ਵਿੱਚ ਲਘਾਉਣ ਲਈ ਸਖਤ ਮਿਹਨਤ ਕੀਤੀ ।1872 ਈਸਵੀ ਵਿੱਚ ਉਸ ਨੇ ਅਵਾਜ਼ ਨੂੰ ਮਸ਼ੀਨਰੀ ਰਾਂਹੀ ਪ੍ਰਗਟ ਕਰਨ ਲਈ ਅਮਰੀਕਾ ਦੇ ਬੋਸਟਨ ਸ਼ਹਿਰ ਦੇ ਸਕੂਲ ਵਿੱਚ ਭਰਪੂਰ ਤਰਜ਼ਬੇ ਕੀਤੇ ਸਨ ।ਉਸ ਨੇ ਕਈ ਸਾਲਾਂ ਦੀ ਲੰਬੀ ਖੋਜ਼ ਤੋਂ ਬਾਅਦ 1876 ਵਿੱਚ ਬਕਾਇਦਾ ਯੋਗਤਾ ਹਾਸਲ ਕਰ ਲਈ ਸੀ ।ਕੁਝ ਕਿ ਮਹੀਨੇ ਬਾਅਦ ਭਾਵ 1877 ਵਿੱਚ ਉਸ ਨੇ ਟੈਲੀਫੋਨ ਬੈਲ ਨਾਂ ਦੀ ਕੰਪਨੀ ਵੀ ਖੋਲ ਲਈ ਸੀ। ਇਸ ਯੋਗਤਾ ਤਹਿਤ ਅਮਰੀਕਾ ਅਤੇ ਕਨੇਡਾ ਵਿੱਚ ਗਰਾਮ ਬੈਲ ਨੂੰ ਬਹੁਤ ਸਾਰੇ ਇਨਾਮਾਂ ਸਨਮਾਨਾਂ ਨਾਲ ਵੀ ਨਿਵਾਜਿਆ ਗਿਆ। ਅਖੀਰ 2 ਅਗਸਤ 1922 ਨੂੰ ਕਨੇਡਾ ਦੇ ਆਇਰਲੈਂਡ ਨੁਵਲ ਏਕੋਸ ਬੈਡਲ ਵਿੱਚ ਉਸ ਦਾ ਦਿਹਾਂਤ ਹੋ ਗਿਆ। ਉਸ ਦੇ ਅੰਤਮ ਸਸਕਾਰ ਵਾਲੇ ਦਿੱਨ ਨੋਰਥ ਅਮਰੀਕਾ ਦੇ ਸਾਰੇ ਟੈਲੀਫੋਨ ਸੋਗ ਵਜੋਂ ਬੰਦ ਕਰ ਦਿੱਤੇ ਗਏ ਸਨ ।ਅੱਜ ਦੇ ਤੇਜ਼ ਤਰਾਰ ਯੁੱਗ ਦੀ ਮਹੱਤਵ ਪੂਰਨ ਖੋਜ਼ ਨੂੰ ਵੇਖ ਕੇ ਪਿਛਲੇ ਮਹੀਨੇ ਅਸੀ ਵੀ ਉਸ ਦੇ ਘਰ ਅੱਗੇ ਨਤਮਸਤਕ ਹੋਣ ਲਈ ਗਏ ।ਦਰਵਾਜ਼ੇ ਦੇ ਖੱਬੇ ਪਾਸੇ ਵਾਲੀ ਦੀਵਾਰ ਉਤੇ ਸੀਮਿੰਟ ਵਿੱਚ ਖੋਦੀ ਹੋਈ (ਅਲਗਜੈਂਡਰ ਗਰਾਮ ਬੈਲ,ਟੈਲੀਫੋਨ ਦਾ ਖੋਜ਼ੀ,ਜਨਮ 3 ਮਾਰਚ 1847) ਨਾਂ ਦੀ ਪਲੇਟ ਅੱਗੇ ਲੋਕੀਂ ਖੜ੍ਹ ਕੇ ਫੋਟੋਆਂ ਖਿੱਚ ਰਹੇ ਸਨ।

**ਸੁਖਵੀਰ ਸਿੰਘ ਸੰਧੂ ਅਲਕੜਾ**
**(ਪੈਰਿਸ)**


## ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent

# ਕੈਲਗਰੀ ਦੇ ਨਾਰਥ ਈਸਟ ਏਰੀਆ ਵਿਚ ਐਮ ਪੀ ਜੌਰਜ ਚਾਹਲ ਦੀਆਂ ਕੋਸ਼ਿਸ਼ਾਂ ਸਦਕਾ ਨੌਕਰੀਆਂ ਲਈ ਮੇਲਾ ਲੱਗਿਆ









ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਦੀ ਕੋਸਿਸ ਸਦਕਾ ਨੌਕਰੀਆ ਲਈ ਇੱਕ ਮੇਲੇ ਦਾ ਆਯੋਜਿਨ ਕੀਤਾ ਗਿਆ ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਨੌਕਰੀਆਂ ਲੱਭਣ ਦੇ ਚਾਹਵਾਨਾਂ ਨੇ ਹਿੱਸਾ ਲਿਆ। ਵੱਡੀ ਗਿਣਤੀ ਵਿਚੱ ਵੱਖੋ ਵੱਖ ਕੰਪਨੀਆਂ ਨੇ ਆਪੋ ਆਪਣੇ ਜੌਬ ਸਰਚ ਬੂਥ ਲਗਾਏ ਹੋਏ ਸਨ ਜਿੱਥੇ ਬੈਠੇ ਉਹਨਾਂ ਦੇ ਅਧਿਕਾਰੀ ਨੌਕਰੀਆਂ ਲੱਭਣ ਦੇ ਚਾਹਵਾਨਾਂ ਨੂੰ ਜਾਣਕਾਰੀ ਦੇ ਰਹੇ ਸਨ ਅਤੇ ਉਹਨਾਂ ਕੋਲੋਂ ਨੌਕਰੀਆਂ ਲਈ ਅਰਜੀਆਂ ਵੀ ਲੈ ਰਹੇ ਸਨ। ਇਸ ਮੌਕੇ ਐਮ ਪੀ ਚਾਹਲ ਨੇ ਦੱਸਿਆ ਕਿ ਅੱਜ ਬਹੁਤ ਸਾਰੇ ਨੌਕਰੀਆਂ ਲੱਭਦੇ ਕੈਲਗਰੀ ਵਾਸੀਆਂ ਲਈ ਨੌਕਰੀ ਦਾ ਸਬੱਬ ਬਣਿਆ ਹੈ ਅਤੇ ਭਵਿੱਖ ਵਿੱਚ ਵੀ ਇਸ ਤੋਂ ਵੱਡੇ ਪੱਧਰ ਉੱਪਰ ਅਜਿਹੇ ਮੇਲਿਆਂ ਦਾ ਆਯੋਜਿਨ ਕੀਤਾ ਜਾਵੇਗਾ। ਇਸ ਮੌਕੇ ਵਾਰਡ ਪੰਜ ਤੋਂ ਸਿਟੀ ਕੌਂਸਲਰ ਰਾਜ ਧਾਲੀਵਾਲ ਨੇ ਕਿਹਾ ਕਿ ਨੌਕਰੀਆਂ ਲੱਭਣ ਵਾਲਿਆਂ ਲਈ ਇਹ ਵਧੀਆ ਮੌਕਾ ਹੈ ਕਿ ਉਹਨਾਂ ਨੂੰ ਬਹੁਤ ਸਾਰੀਆਂ ਕੰਪਨੀਆਂ ਇੱਕੋ ਜਗਾਹ ਹੀ ਮਿਲ ਜਾਂਦੀਆਂ ਹਨ ਪਰ ਨਾਲ ਹੀ ਉਹਨਾਂ ਨੌਕਰੀਆਂ ਲਈ ਅਰਜੀ ਕਰਨ ਵਾਲਿਆਂ ਨੂੰ ਇੱਕ ਸੁਝਾਅ ਵੀ ਦਿੱਤਾ ਕਿ ਉਹ ਜੌਬ ਅਪਲਾਈ ਕਰਨ ਮੌਕੇ ਆਪਣਾਂ ਨਾਂਮ ਨਾ ਲਿਖਿਆ ਕਰਨ ,ਕਿਉਂਕਿ ਨਸਲੀ ਵਿਤਕਰੇ ਦੇ ਮਸਲੇ ਕਾਰਣ ਕਈ ਵਾਰ ਉਹ ਆਪਣਾ ਨੌਕਰੀ ਦਾ ਮੌਕਾ ਗੁਆ ਬੈਠਦੇ ਹਨ। ਅਰਜੀ ਫਾਰਮ ਵਿੱਚ ਸਿਰਫ ਆਪਣੀ ਯੋਗਤਾ ,ਈ ਮੇਲ ਅਤੇ ਸੰਪਰਕ ਨੰਬਰ ਹੀ ਲਿਖਿਆ ਕਰਨ।





ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8




Vermilion Hill
ਵਰਮਿਲੀਅਨ ਵਿੱਚ ਤੁਹਾਨੂੰ ਜੀ ਆਇਆਂ ਨੂੰ
ਪੜਚੋਲ ਕਰਨ ਲਈ ਜੀਓ
ਸ਼ੋਅ ਹੋਮ ਹੁਣ ਖੁੱਲ੍ਹ ਗਏ ਹਨ
ਸਾਊਥ ਵੈਸਟ ਕੈਲਗਰੀ ਵਿੱਚ ਨਵੀਂ ਕਮਿਊਨਿਟੀ.
ਵਰਮਿਲੀਅਨ ਹਿੱਲ, ਕੁਦਰਤ ਨਾਲ ਘਿਰਿਆ, ਫਿਸ਼ ਕ੍ਰੀਕ ਪਾਰਕ ਤੋਂ, ਕੁੱਝ ਕੁ ਕਦਮ ਦੂਰ ਹੈ । ਜਿਸ ਦਾ ਏਰੀਆ ਪੱਕੇ ਅਤੇ ਬੱਜਰੀ ਵਾਲੇ ਰਸਤੇ, ਪਿਕਨਿਕ ਖੇਤਰ,ਪਾਰਕ, ਅਤੇ ਹੋਰ ਬਹੁਤ ਕੁਝ ਨਾਲ ਭਰਿਆ ਹੋਇਆ ਹੈ। ਇੱਥੇ ਰਹਿਣ ਵਾਲੇ ਭਾਈਚਾਰੇ ਲਈ ਰੌਕੀ ਪਹਾੜਾਂ ਦੇ ਦ੍ਰਿਸ਼ ਅਤੇ ਆਸਾਨੀ ਨਾਲ ਬ੍ਰੈਗ ਕ੍ਰੀਕ ਅਤੇ ਕਨਨਾਸਕਿਸ ਤੱਕ ਪਹੁੰਚ ਹੈ।
ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨਸਥਾਨ ਹੈ ਜੋ ਬਾਹਰ ਦੇ ਖੁੱਲੇ-ਡੁੱਲੇ ਵਾਤਾਵਰਣ ਨੂੰ ਪਸੰਦ ਕਰਦੇ ਹਨ।
ਅੱਜ ਹੀ ਰਜਿਸਟਰ ਕਰੋ liveinvermilionhill.com
ਡੁਪਲੈਕਸ ਹੋਮ ਫਰੌਮ ਦੀ ਲੋਅ $500s
ਲੇਨਡ ਹੋਮ ਫਰੌਮ ਦੀ ਮਿੱਡ $500s
ਫਰੰਟ ਗੈਰਾਜ ਫਰੌਮ ਦੀ ਮਿੱਡ $600s
ਪਹਿਲੇ 30 ਘਰਾਂ ਦੇ ਖਰੀਦਦਾਰਾਂ ਵਿੱਚੋਂ ਤੁਸੀਂ ਇੱਕ ਬਣੋ ਅਤੇ ਇਨਾਮ ਲਵੋ
ਐਵਾਰਡ ਜੇਤੂ ਬਿਲਡਰ: Homes by Avi | Genesis Builds | Shane Homes Sterling Homes | Broadview Homes | NuVista Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

# ਓਨਟਾਰੀਓ ਪੁਲੀਸ ਨੇ 50,000 ਡਾਲਰ ਦੀਆਂ ਡਰਗਜ਼ ਸਮੇਤ ਸੱਤ ਜਣਿਆਂ ਨੂੰ ਗ੍ਰਿਫਤਾਰ ਕੀਤਾ



ਓਨਟਾਰੀਓ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਨਸ਼ਿਆਂ ਦੀ ਸਮਗਲਿੰਗ ਕਰਨ ਦੇ ਮਾਮਲੇ ਵਿੱਚ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕੋਲੋਂ 50,000 ਡਾਲਰ ਤੋਂ ਵੱਧ ਮੁੱਲ ਦੀਆਂ ਡਰੱਗਜ਼ ਬਰਾਮਦ ਕੀਤੀਆਂ ਗਈਆਂ ਹਨ। ਓਪੀਪੀ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਿਲੀਜ਼ ਅਨੁਸਾਰ ਇਹ ਗ੍ਰਿਫਤਾਰੀਆਂ ਦੋ ਮਹੀਨੇ ਲੰਬੀ ਜਾਂਚ ਤੋਂ ਬਾਅਦ ਕੀਤੀਆਂ ਗਈਆਂ। ਇਸ ਜਾਂਚ ਦੀ ਅਗਵਾਈ ਕਮਿਊਨਿਟੀ ਸਟਰੀਟ ਕ੍ਰਾਈਮ ਯੂਨਿਟ ਦੇ ਮੈਂਬਰਾਂ ਵੱਲੋਂ ਕੀਤੀ ਗਈ। ਇਸ ਜਾਂਚ ਵਿੱਚ ਓਪੀਪੀ ਦੇ ਆਰਗੇਨਾਈਜ਼ਡ ਕ੍ਰਾਈਮ ਐਨਫੋਰਸਮੈਂਟ ਬਿਊਰੋ ਤੇ ਬ੍ਰੇਸਬ੍ਰਿੱਜ ਸੀਐੱਸਸੀਯੂ ਨੇ ਵੀ ਯੋਗਦਾਨ ਪਾਇਆ। ਵਰਨਣਯੋਗ ਹੈ ਕਵਾਰਥਾ ਲੇਕਸ, ਖਾਸਤੌਰ ਉੱਤੇ ਫੈਨੇਲੌਨ ਫਾਲਜ਼ ਇਲਾਕੇ ਵਿੱਚ ਓਵਰਡੋਜ਼ ਦੇ ਕਈ ਮਾਮਲੇ ਸਾਹਮਣੇ ਆ ਰਹੇ ਸਨ। ਜਿਸ ਉਪਰੰਤ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਆਰੰਭ ਕਰ ਦਿੱਤੀ ਸੀ। ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਜਾਂਚਕਾਰਾਂ ਵੱਲੋਂ ਕੋਕੀਨ, ਫੈਂਟਾਨਿਲ, ਕਾਰਫੈਂਟਾਨਿਲ, ਕ੍ਰਿਸਟਲ ਮੈਥਾਮਫੈਟਾਮਾਈਨ, ਪਰਕੋਸੈਟ ਪਿੱਲਜ਼ ਦੇ ਨਾਲ ਨਾਲ ਕੈਨੇਡੀਅਨ ਕਰੰਸੀ ਵੀ ਬਰਾਮਦ ਕੀਤੀ ਗਈ ਹੈ। ਗ੍ਰਿਫਤਾਰ ਕੀਤੇ ਗਏ ਸੱਤ ਵਿਅਕਤੀਆਂ ਵਿੱਚੋਂ ਪੰਜ ਫੈਨੇਲੌਨ ਫਾਲਜ਼ ਵਾਸੀ ਹਨ ਜਦਕਿ ਇੱਕ ਲਿੰਡਸੇ ਤੇ ਇੱਕ ਹੋਰ ਪਿੱਕਰਿੰਗ ਦਾ ਰਹਿਣ ਵਾਲਾ ਹੈ। ਇਨਾਂ ਸਭ ਦੀ ਉਮਰ 21 ਤੋਂ 47 ਸਾਲ ਵਿਚਾਲੇ ਹੈ। ਪੁਲਿਸ ਨੇ ਦੱਸਿਆ ਕਿ ਤਿੰਨ ਹੋਰ ਸ਼ੱਕੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ, ਜਿੰਨਾ ਵਿਚ ਬ੍ਰੇਸਬ੍ਰਿੱਜ ਦਾ 22 ਸਾਲਾ ਸ਼ੈਲਡਨ ਬਰੀ, ਬਰੈਂਪਟਨ ਦਾ 28 ਸਾਲਾ ਸਿਮੌਨ ਜੇਮਜ਼ ਤੇ ਫੈਨੇਲੌਨ ਫਾਲਜ਼ ਦਾ 34 ਸਾਲ ਜੇਮੀ ਬਾਊਂਡੀ ਸ਼ਾਮਿਲ ਹਨ। ਪੁਲਿਸ ਨੇ ਇਸ ਸਬੰਧੀ ਲੋਕਾਂ ਕੋਲੋਂ ਵੀ ਸ਼ਹਿਯੋਗ ਦੀ ਮੰਗ ਕੀਤੀ ਹੈ।

# ਐਮਰਜੈਂਸੀ ਐਕਟ ਦੇ ਮਾਮਲੇ 'ਚ ਉੱਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਤੋਂ ਵੀ ਪੁੱਛਗਿਛ ਹੋਈ



ਔਟਵਾ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਇਸ ਸਾਲ ਦੇ ਸ਼ੁਰੂ ਵਿਚ ਕਰੋਨਾ ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਦੇ ਵਿਰੋਧ ਵਿੱਚ ਸ਼ੁਰੂ ਕੀਤੀ ਗਈ ਆਜ਼ਾਦੀ ਯਾਤਰਾ ਜਾਂ ਫਰੀਡਮ ਕਾਨਵਾਈ ਜਿਸ ਦੇ ਪ੍ਰਬੰਧਕਾਂ ਨੇ ਰਾਜਧਾਨੀ ਔਟਵਾ ਸਮੇਤ ਅਮਰੀਕਾ ਨਾਲ ਲੱਗਦੀਆਂ ਸਰਹੱਦਾਂ ਨੂੰ ਵੀ ਜਾਮ ਕਰ ਦਿੱਤਾ ਸੀ ਤੋਂ ਬਾਅਦ ਸਰਕਾਰ ਵੱਲੋਂ ਐਮਰਜੰਸੀ ਐਕਟ ਲਾਗੂ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਪਿਛਲੇ ਕਈ ਦਿਨਾਂ ਤੋਂ ਜਾਂਚ ਕੀਤੀ ਜਾ ਰਹੀ ਹੈ ਜਿਸ ਵਿੱਚ ਪੁਲੀਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਤੋਂ ਇਲਾਵਾ ਮੰਤਰੀਆਂ ਕੋਲੋਂ ਵੀ ਪੁੱਛਗਿਛ ਕੀਤੀ ਜਾ ਰਹੀ ਹੈ । ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਵੀ ਇਸ ਮਾਮਲੇ ਵਿੱਚ ਪੇਸ਼ ਹੋਣਾ ਪਿਆ।

# ਕੈਨੇਡਾ 'ਚ ਫਲੂ ਦੇ ਤੇਜ਼ੀ ਨਾਲ ਵਧ ਰਹੇ ਕੇਸਾਂ ਨਾਲ ਹਸਪਤਾਲਾਂ 'ਤੇ ਬੋਝ ਵਧਿਆ ਹੈ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਸਰਦੀਆਂ ਅਜੇ ਸ਼ੁਰੂ ਹੀ ਹੋਈਆਂ ਹਨ ਕਿ ਦੇਸ਼ ਭਰ ਵਿੱਚ ਫਲੂ ਯਾਨੀ ਇਨਫੂਲੈਂਜ਼ਾ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਸਥਿਤੀ ਇਹ ਬਣੀ ਹੋਈ ਹੈ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਆਪਣੇ ਸਿਖਰ ਤੇ ਪਹੁੰਚ ਚੁੱਕੀ ਹੈ ।ਕੈਨੇਡਾ ਦੀ ਮੁੱਖ ਸਿਹਤ ਅਧਿਕਾਰੀ ਡਾ ਟਰੀਜ਼ਾ ਟੈਮ ਨੇ ਦੱਸਿਆ ਕਿ ਹੈ ਇਸ ਫਲੂ ਦੇ ਜ਼ਿਆਦਾਤਰ ਸ਼ਿਕਾਰ ਬੱਚੇ ਅਤੇ ਟੀਨ ਏਜਰ ਹੋ ਰਹੇ ਹਨ । ਇਸ ਲਈ ਉਨ੍ਹਾਂ ਸਭ ਨੂੰ ਵਾਧੂ ਸਾਵਧਾਨੀ ਵਰਤਣ ਦੀ ਸਲਾਹ ਵੀ ਦਿੱਤੀ ਹੈ।

# ਇਮਰਾਨ ਖਾਨ ਉੱਪਰ ਹੁਣ ਤੋਹਫੇ ਵੇਚਣ ਦੇ ਦੋਸ਼ ਲੱਗ ਰਹੇ ਹਨ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਦਾਅਵਾ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਤੋਂ ਪ੍ਰਾਪਤ ਸੋਨ ਤਮਗਾ ਵੀ ਵੇਚ ਦਿੱਤਾ ਹੈ। ਆਸਿਫ਼ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਇੱਕ ਪ੍ਰੋਗਰਾਮ ਵਿੱਚ ਦੱਸਿਆ ਗਿਆ ਸੀ ਕਿ ਪੀਟੀਆਈ ਚੇਅਰਮੈਨ ਨੇ ਭਾਰਤ ਤੋਂ ਪ੍ਰਾਪਤ ਸੋਨ ਤਮਗਾ ਵੇਚ ਦਿੱਤਾ ਸੀ।ਹਾਲ ਹੀ 'ਚ ਸੰਯੁਕਤ ਅਰਬ ਅਮੀਰਾਤ ਤੋਂ ਇਮਰਾਨ ਖਾਨ ਨੂੰ ਤੋਹਫੇ ਵੱਜੋਂ ਦਿੱਤੀ ਗਈ ਮਹਿੰਗੀ ਘੜੀ ਦੀ ਵਿਕਰੀ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਵੀ ਇਮਰਾਨ 'ਤੇ ਤੋਹਫ਼ੇ ਵੇਚਣ ਦੇ ਦੋਸ਼ ਲੱਗੇ ਸਨ। ਐਕਸਪ੍ਰੈਸ ਟ੍ਰਿਬਿਊਨ ਮੁਤਾਬਕ ਇਮਰਾਨ ਖਾਨ ਨੂੰ ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਤੋਸ਼ਾਖਾਨਾ ਮਾਮਲੇ 'ਚ ਝੂਠਾ ਬਿਆਨ ਦੇਣ ਲਈ ਅਯੋਗ ਕਰਾਰ ਦਿੱਤਾ ਸੀ। 8 ਸਤੰਬਰ ਨੂੰ ਪੀਟੀਆਈ ਮੁਖੀ ਨੇ ਇੱਕ ਲਿਖਤੀ ਜਵਾਬ ਵਿੱਚ ਮੰਨਿਆ ਸੀ ਕਿ ਉਸ ਨੇ ਘੱਟੋ-ਘੱਟ ਚਾਰ ਤੋਹਫ਼ੇ ਵੇਚੇ ਹਨ। ਇਹ ਤੋਹਫੇ ਉਸ ਸਮੇਂ ਦੇ ਸਨ ਜਦੋਂ ਇਮਰਾਨ ਖਾਨ ਦੇਸ਼ ਦੇ ਪ੍ਰਧਾਨ ਮੰਤਰੀ ਸਨ।

# ਬਜ਼ੁਰਗਾਂ ਨਾਲ ਠੱਗੀਆਂ ਮਾਰਨ ਵਾਲੀ ਫੜੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਜ਼ੁਰਗਾਂ ਨੂੰ ਠੱਗਣ ਦੇ ਮਾਮਲੇ ਵਿੱਚ ਟੋਰੰਟੋ ਪੁਲੀਸ ਵੱਲੋਂ ਇੱਕ 25 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 27 ਅਕਤੂਬਰ ਨੂੰ ਬਜ਼ੁਰਗ ਔਰਤ ਨੂੰ ਇੱਕ ਫੋਨ ਕਾਲ ਆਈ ਸੀ ਜਿਸ ਵਿੱਚ ਇਸ ਮਹਿਲਾ ਨੂੰ ਆਖਿਆ ਗਿਆ ਕਿ ਉਨ੍ਹਾਂ ਦਾ ਪੋਤਰਾ ਜੇਲ ਵਿੱਚ ਹੈ ਅਤੇ ਉਸ ਦੀ ਜ਼ਮਾਨਤ ਲਈ 98 ਸੌ ਡਾਲਰ ਜਮ੍ਹਾ ਕਰਵਾਉਣੇ ਪੈਣਗੇ। ਜਿਸ ਉਪਰੰਤ ਇਹ ਬਜ਼ੁਰਗ ਮਹਿਲਾ ਬੈਂਕ ਗਈ ਅਤੇ ਬੈਂਕ ਵਿੱਚੋਂ ਪੈਸੇ ਕਢਵਾ ਕੇ ਲੈ ਆਈ । ਇਸ ਤੋਂ ਬਾਅਦ ਇੱਕ ਮਹਿਲਾ ਆਕੇ ਬਜ਼ੁਰਗ ਮਹਿਲਾ ਕੋਲੋਂ 98 ਸੌ ਡਾਲਰ ਲੈ ਕੇ ਚਲੀ ਗਈ। ਇਸ ਮਾਮਲੇ ਦੀ ਜਾਂਚ ਉਪਰੰਤ ਪੁਲਿਸ ਨੇ 25 ਸਾਲਾ ਮਹਿਲਾ ਤਸ਼ਾਨਾ ਡੈਲੀ ਨੂੰ ਗ੍ਰਿਫਤਾਰ ਕਰ ਲਿਆ ਹੈ ।

# ਰੂਸ ਦਾ ਸਾਥ ਦੇਣ ਵਾਲੇ ਬੇਲਾਰੂਸ ਦੀ ਵਿਰੋਧੀ ਧਿਰ ਦੀ ਜਲਾਵਤਨ ਆਗੂ ਨਾਲ ਜਸਟਿਨ ਟਰੂਡੋ ਦੀ ਅਹਿਮ ਮੁਲਾਕਾਤ

ਔਟਵਾ(ਪੰਜਾਬੀ ਅਖ਼ਬਾਰ ਬਿਊਰੋ) ਯੂਕਰੇਨ ਨਾਲ ਵਿੱਢੇ ਸੰਘਰਸ਼ ਦੇ ਮਾਮਲੇ ਵਿੱਚ ਰੂਸ ਦੀ ਹਮਾਇਤ ਕਰਨ ਵਾਲੇ ਬੇਲਾਰੂਸ ਖਿਲਾਫ ਕੈਨੇਡਾ ਵੱਲੋਂ ਬੀਤੇ ਦਿਨ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੇਲਾਰੂਸ ਦੀ ਵਿਰੋਧੀ ਧਿਰ ਦੀ ਜਲਾਵਤਨ ਆਗੂ ਸਵੀਅਤਲਾਨਾ ਸਿਖਾਨੋਸਕਾਇਆ ਆਪਣੇ ਪਹਿਲੇ ਕੈਨੇਡਾ ਦੇ ਦੌਰੇ ਉੱਤੇ ਹਨ । ਬੀਤੇ ਦਿਨ ਵਿਦੇਸ਼ ਮੰਤਰੀ ਮਿਲਿਨਿ ਜੋਲੀ ਨੇ ਆਖਿਆ ਸੀ ਕਿ ਬੇਲਾਰੂਸ ਦੇ ਆਗੂਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਸਾਥ ਦਿੱਤਾ ਜਾ ਰਿਹਾ ਹੈ ਤੇ ਰੂਸ ਵੱਲੋਂ ਬੇਕਸੂਰਾਂ ਉੱਤੇ ਕੀਤੇ ਜਾ ਰਹੇ ਹਮਲਿਆਂ ਲਈ ਰਾਹ ਪੱਧਰਾ ਕਰਕੇ ਦਿੱਤਾ ਜਾ ਰਿਹਾ ਹੈ। ਇਸ ਲਈ ਕੈਨੇਡਾ ਵੱਲੋਂ ਬੇਲਾਰੂਸ ਦੇ 22 ਅਧਿਕਾਰੀਆਂ ਨੂੰ ਪਾਬੰਦੀਆਂ ਵਾਲੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਸਵੀਅਤਲਾਨਾ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚਾਲੇ ?ਟਵਾ 'ਚ ਅਹਿਮ ਮੀਟਿੰਗ ਹੋਈ ਜਿਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਵੀਅਤਲਾਨਾ ਦੇ ਦੇਸ਼ ਦੀ ਸਰਕਾਰ ਵਿਰੁੱਧ ਡੱਟ ਕੇ ਖੜ੍ਹੇ ਹੋਣ ਦੀ ਭਰਵੇਂ ਸ਼ਬਦਾਂ ਵਿਚ ਸ਼ਲਾਘਾ ਕੀਤੀ।

























# ਦੁਨੀਆਂ ਭਰ ਸਮੇਤ ਅਲਬਰਟਾ, ਸੈਸਕੈਚਵਾਨ ਅਤੇ ਮੈਨੀਟੋਬਾ ਦੇ ਇਹਨਾਂ ਸਿਨੇਮਿਆਂ ਅੰਦਰ 2 ਦਸੰਬਰ 2022 ਤੋਂ ਦੇਖ ਸਕਦੇ ਹੋ !

| Calgary | Edmonton | Winipeg | Regina |
|---|---|---|---|
| Sunridge Spectrum 14 Calgary | Movie 12 Edmonton | Cinema City | Cineplex Cinemas |
| Landmark Country Hills Calgary | South Edmonton Cinemas | Northgate Winipeg | Norman View |



# ਕੈਨੇਡਾ ਨੇ ਇੰਡੋ-ਪੈਸੀਫਿਕ ਯੋਜਨਾ ਸਮੇਤ ਚੀਨ ਨਾਲ ਨਜਿੱਠਣ ਲਈ ਬਣਾਈ ਨਵੀਂ ਰਣਨੀਤੀ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਜੀ-20 ਸੰਮੇਲਨ 'ਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਬਹਿਸ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚਾਲਬਾਜ਼ ਡ੍ਰੈਗਨ 'ਤੇ ਸ਼ਿਕੰਜਾ ਕੱਸਣ ਲਈ ਨਵੀਂ ਇੰਡੋ-ਪੈਸੀਫਿਕ ਰਣਨੀਤੀ ਤਿਆਰ ਕੀਤੀ।ਇਸ ਦੇ ਤਹਿਤ ਦੁਨੀਆ ਦੀ ਦੂਜੀ-ਸਭ ਤੋਂ ਵੱਡੀ ਅਰਥਵਿਵਸਥਾ ਨਾਲ ਕੰਮ ਕਰਦੇ ਹੋਏ ਜਲਵਾਯੂ ਪਰਿਵਰਤਨ ਅਤੇ ਵਪਾਰ ਦੇ ਮੁੱਦਿਆਂ 'ਤੇ ਚੀਨ ਦੀ ਦਾਦਾਗਿਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇਗੀ।

26 ਸਫਿਆਂ ਦੇ ਦਸਤਾਵੇਜ਼ ਵਿੱਚ ਕੈਨੇਡਾ ਨੇ ਕਿਹਾ ਕਿ ਉਹ ਇੰਡੋ-ਪੈਸੀਫਿਕ ਖੇਤਰ ਵਿੱਚ ਆਪਣੀ ਫ਼ੌਜੀ ਮੌਜੂਦਗੀ ਨੂੰ ਵਧਾਏਗਾ ਅਤੇ ਬੌਧਿਕ ਸੰਪੱਤੀ ਦੀ ਸੁਰੱਖਿਆ ਲਈ ਨਿਵੇਸ਼ ਨਿਯਮਾਂ ਨੂੰ ਸਖ਼ਤ ਕਰੇਗਾ। ਇਸ ਤੋਂ ਇਲਾਵਾ ਇਹ ਚੀਨੀ ਸਰਕਾਰੀ ਮਾਲਕੀ ਵਾਲੇ ਉਦਯੋਗਾਂ ਨੂੰ ਮਹੱਤਵਪੂਰਨ ਖਣਿਜ ਸਪਲਾਈਆਂ ਨੂੰ ਕੱਟਣ ਤੋਂ ਰੋਕੇਗਾ।ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਯੋਜਨਾ 40 ਦੇਸ਼ਾਂ ਦੇ ਇੱਕ ਤੇਜ਼ੀ ਨਾਲ ਵਧ ਰਹੇ ਖੇਤਰ ਨਾਲ ਸਬੰਧਾਂ ਨੂੰ ਡੂੰਘਾ ਕਰਨ ਲਈ ਇੱਕ ਬਲੂਪ੍ਰਿੰਟ ਹੈ ਜਿਸ ਵਿਚ ਆਰਥਿਕ ਗਤੀਵਿਧੀਆਂ ਵਿੱਚ ਲਗਭਗ 50 ਟ੍ਰਿਲੀਅਨ ਕੈਨੇਡੀਅਨ ਡਾਲਰ (37.4 ਟ੍ਰਿਲੀਅਨ ਡਾਲਰ) ਦਾ ਯੋਗਦਾਨ ਹੈ। ਪਰ ਧਿਆਨ ਚੀਨ 'ਤੇ ਹੈ, ਅਜਿਹੇ ਸਮੇਂ ਵਿਚ ਜਦੋਂ ਦੁਵੱਲੇ ਸਬੰਧ ਠੰਡੇ ਹਨ।

### ਕੈਨੇਡਾ ਖੁਫੀਆ ਅਤੇ ਸਾਈਬਰ ਸੁਰੱਖਿਆ 'ਚ ਕਰੇਗਾ ਨਿਵੇਸ਼




ਕੈਨੇਡਾ ਦੀ ਰਣਨੀਤੀ ਦੱਸਦੀ ਹੈ ਕਿ ਚੀਨ ਇੱਕ ਵਧਦੀ ਵਿਘਨਕਾਰੀ ਵਿਸ਼ਵ ਸ਼ਕਤੀ ਹੈ ਜੋ ਹਰ ਸਮੇਂ ਦੂਜੇ ਦੇਸ਼ਾਂ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਦਾ ਰਹਿੰਦਾ ਹੈ। ਚੀਨ ਆਪਣੇ ਫਾਇਦੇ ਲਈ ਦੂਜੇ ਦੇਸ਼ਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਖੁਫੀਆ ਅਤੇ ਸਾਈਬਰ ਸੁਰੱਖਿਆ ਦੇ ਨਾਲ-ਨਾਲ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੀ ਦਾਦਾਗਿਰੀ ਦਾ ਮੁਕਾਬਲਾ ਕਰਨ ਲਈ ਖੇਤਰੀ ਫ਼ੌਜੀ ਮੌਜੂਦਗੀ ਵਿੱਚ ਨਿਵੇਸ਼ ਕਰੇਗਾ। ਗੌਰਤਲਬ ਹੈ ਕਿ 2018 ਦੇ ਅਖੀਰ ਵਿੱਚ ਤਣਾਅ ਵੱਧ ਗਿਆ ਜਦੋਂ ਕੈਨੇਡੀਅਨ ਪੁਲਸ ਨੇ ਹੁਆਵੇਈ ਟੈਕਨੋਲੋਜੀਜ਼ ਦੇ ਕਾਰਜਕਾਰੀ ਨੂੰ ਹਿਰਾਸਤ ਵਿੱਚ ਲਿਆ ਅਤੇ ਬਾਅਦ ਵਿੱਚ ਬੀਜਿੰਗ ਨੇ ਜਾਸੂਸੀ ਦੇ ਦੋਸ਼ਾਂ ਵਿੱਚ ਦੋ ਕੈਨੇਡੀਅਨਾਂ ਨੂੰ ਗ੍ਰਿਫ਼ਤਾਰ ਕੀਤਾ। ਤਿੰਨਾਂ ਨੂੰ ਪਿਛਲੇ ਸਾਲ ਰਿਹਾਅ ਕੀਤਾ ਗਿਆ ਸੀ, ਪਰ ਸਬੰਧਾਂ ਵਿੱਚ ਖਟਾਸ ਬਣੀ ਹੋਈ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਕੈਨੇਡਾ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਤਿੰਨ ਚੀਨੀ ਕੰਪਨੀਆਂ ਨੂੰ ਕੈਨੇਡੀਅਨ ਨਾਜ਼ੁਕ ਖਣਿਜਾਂ ਵਿੱਚ ਨਿਵੇਸ਼ ਕਰਨ ਦਾ ਆਦੇਸ਼ ਦਿੱਤਾ ਸੀ। ਦਸਤਾਵੇਜ਼ ਵਿਤ ਚੀਨ ਦਾ ਜ਼ਿਕਰ ਕਰਦੇ ਹੋਏ ਇੱਕ ਭਾਗ ਵਿੱਚ ਕਿਹਾ ਗਿਆ ਕਿ ਓਟਾਵਾ ਕਾਨੂੰਨ ਦੀ ਸਮੀਖਿਆ ਅਤੇ ਅਪਡੇਟ ਕਰੇਗਾ। ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਇਸ ਖੇਤਰ ਵਿੱਚ ਆਪਣੀ ਜਲ ਸੈਨਾ ਦੀ ਮੌਜੂਦਗੀ ਨੂੰ ਵਧਾਏਗਾ ਅਤੇ ਜ਼ਬਰਦਸਤੀ ਵਿਵਹਾਰ ਅਤੇ ਖਤਰਿਆਂ ਨੂੰ ਘਟਾਉਣ ਦੇ ਸਾਧਨ ਵਜੋਂ ਸਾਡੀ ਫੌਜੀ ਸ਼ਮੂਲੀਅਤ ਅਤੇ ਖੁਫੀਆ ਸਮਰੱਥਾ ਵਿੱਚ ਵਾਧਾ ਕਰੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਵਪਾਰ ਅਤੇ ਆਰਥਿਕ ਸਬੰਧਾਂ ਵਿੱਚ ਵਿਭਿੰਨਤਾ ਲਿਆਉਣਾ ਚਾਹੁੰਦੀ ਹੈ ਜੋ ਸੰਯੁਕਤ ਰਾਜ ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਸਤੰਬਰ ਦੇ ਅਧਿਕਾਰਤ ਅੰਕੜੇ ਦਿਖਾਉਂਦੇ ਹਨ ਕਿ ਚੀਨ ਨਾਲ ਦੁਵੱਲਾ ਵਪਾਰ ਕੁੱਲ ਦੇ 7 ਪ੍ਰਤੀਸ਼ਤ ਤੋਂ ਘੱਟ ਹੈ, ਜਦੋਂ ਕਿ ਸੰਯੁਕਤ ਰਾਜ ਲਈ 68 ਪ੍ਰਤੀਸ਼ਤ ਹੈ।


MIDWEST DIESEL REPAIR INC.
Midwest Truck Parts
Gurprit Gill (Sony) Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca



DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com



FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561



ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE FREE
SWIFT CABS
YOUR DESTINATION IS OUR GOAL
CONTACT: BILL SINGH 306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller



CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੰਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1



Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9



Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070